20ਵਾਂ ਸਾਲ PARDES TIMES 20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 No. 488 July 17, 2026 E-mail : info@pardestimes.com Ph 510-938-7771

## ਅਮਰੀਕੀ ਏਅਰ ਫੋਰਸ ਵਿਚ ਸ਼ਾਮਲ ਹੋਣ ਵਾਲਾ ਪਹਿਲਾ ਕੇਸਧਾਰੀ ਸਿੱਖ ਬਣਿਆ ਚਿਰਾਗ ਵੀਰ ਸਿੰਘ ਸਰਾਓ




ਵਾਸ਼ਿੰਗਟਨ- ਅਮਰੀਕੀ ਸਿੱਖ ਭਾਈਚਾਰੇ ਲਈ ਇੱਕ ਬੇਹੱਦ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਿੱਖ ਨੌਜਵਾਨ ਚਿਰਾਗ ਵੀਰ ਸਿੰਘ ਸਰਾ ਕੋਲੋਰੈਡੋ ਸਪ੍ਰਿੰਗਜ਼ ਸਥਿਤ ਵੱਕਾਰੀ 'ਯੂ.ਐੱਸ. ਏਅਰ ਫੋਰਸ ਅਕੈਡਮੀ' ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਕੇਸਧਾਰੀ ਸਿੱਖ ਅਮਰੀਕੀ ਬਣ ਗਏ ਹਨ। ਅਮਰੀਕਨ ਸਿੱਖ ਕੌਂਸਲ ਵੱਲੋਂ ਇਸ ਇਤਿਹਾਸਕ ਪ੍ਰਾਪਤੀ ਦੀ ਅਧਿਕਾਰਤ ਪੁਸ਼ਟੀ ਕੀਤੀ ਗਈ ਹੈ। ਕੌਂਸਲ ਮੁਤਾਬਕ, ਚਿਰਾਗ ਵੀਰ ਸਿੰਘ ਨੂੰ 4 ਅਪਰੈਲ ਨੂੰ ਅਕੈਡਮੀ ਵਿੱਚ ਨਿਯੁਕਤ ਕੀਤਾ ਗਿਆ ਸੀ ਅਤੇ ਲੰਮੀ ਪ੍ਰਕਿਰਿਆ ਤੋਂ ਬਾਅਦ 20 ਜੂਨ ਨੂੰ ਉਨ੍ਹਾਂ ਨੂੰ ਵਿਸ਼ੇਸ਼ 'ਧਾਰਮਿਕ ਛੋਟ' ਪ੍ਰਦਾਨ ਕੀਤੀ ਗਈ। ਇਸ ਇਜਾਜ਼ਤ ਤਹਿਤ ਉਹ ਆਪਣੀ ਮੂਲ ਸਿੱਖ ਪਛਾਣ ਨੂੰ ਬਰਕਰਾਰ ਰੱਖਦੇ ਹੋਏ ਅਨਕੱਟੇ ਕੇਸ (ਵਾਲ) ਅਤੇ ਦਾੜ੍ਹੇ ਸਣੇ ਆਪਣੇ ਧਾਰਮਿਕ ਚਿੰਨ੍ਹਾਂ ਦੇ ਨਾਲ ਹਵਾਈ ਫੌਜ ਵਿੱਚ ਸੇਵਾ ਨਿਭਾ ਸਕਣਗੇ।

ਚਿਰਾਗ ਵੀਰ ਸਿੰਘ ਸਰਾ ਅਧਿਕਾਰਤ ਤੌਰ 'ਤੇ 24 ਜੂਨ ਨੂੰ ਅਕੈਡਮੀ ਦੇ 'ਇਨ-ਪ੍ਰੋਸੈਸਿੰਗ ਡੇ' ਮੌਕੇ ਸ਼ਾਮਲ ਹੋਏ ਸਨ ਅਤੇ ਇਸ ਵੇਲੇ ਉਹ ਛੇ ਹਫ਼ਤਿਆਂ ਦੇ ਸਖ਼ਤ ਬੂਟ ਕੈਂਪ (ਮਿਲਟਰੀ ਸਿਖਲਾਈ) ਵਿੱਚੋਂ ਲੰਘ ਰਹੇ ਹਨ। ਵਰਣਨਯੋਗ ਹੈ ਕਿ ਹਵਾਈ ਫੌਜ ਦੀ ਇਸ ਮੁੱਖ ਅਕੈਡਮੀ ਵਿੱਚ ਚੁਣੇ ਜਾਣ ਤੋਂ ਪਹਿਲਾਂ ਚਿਰਾਗ ਨੇ ਆਪਣੀ ਕਾਬਲੀਅਤ ਦੇ ਦਮ 'ਤੇ ਏਅਰ ਫੋਰਸ ਰਿਜ਼ਰਵ ਅਫਸਰਸ ਸਿਖਲਾਈ ਕੋਰ ਅਤੇ ਨੇਵਲ ਆਰ. .ਟੀ.ਸੀ. ਦੋਵਾਂ ਤੋਂ ਪੂਰੀ ਸਕਾਲਰਸ਼ਿਪ ਹਾਸਲ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਅਮਰੀਕਾ ਦੀਆਂ ਨਾਮੀ ਯੂਨੀਵਰਸਿਟੀਆਂ ਜਿਵੇਂ ਯੂਨੀਵਰਸਿਟੀ ਆਫ਼ ਸਦਰਨ ਕੈਲੀਫੋਰਨੀਆ ਅਤੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿੱਚ ਵੀ ਦਾਖ਼ਲੇ ਦੀ ਪੇਸ਼ਕਸ਼ ਮਿਲੀ ਸੀ।

# ਅਮਰੀਕਾ-ਇਰਾਨ ਜੰਗ, ਨਤੀਜੇ ਭਿਆਨਕ ਹੋ ਸਕਦੇ ਨੇ

ਵਾਸ਼ਿੰਗਟਨ- ਅਮਰੀਕਾ ਅਤੇ ਇਰਾਨ ਵਿਚਕਾਰ ਜੰਗ ਦੁਬਾਰਾ ਫਿਰ ਆਰੰਭ ਹੋ ਗਈ ਹੈ। ਇਹ ਜੰਗ ਕਿੰਨੀ ਲੰਮੀ ਚੱਲੇਗੀ, ਕੀ ਨਤੀਜੇ ਨਿਕਲਣਗੇ, ਇਸ ਬਾਰੇ ਤਾਂ ਫਿਲਹਾਲ ਕੁਝ ਕਿਹਾ ਨਹੀਂ ਜਾ ਸਕਦਾ ਪਰ ਇਸ ਜੰਗ ਨੇ ਮੱਧ-ਪੂਰਬ ਨੂੰ ਜੰਗ ਦੀ ਅੱਗ ਵਿਚ ਧਕੇਲ ਦਿੱਤਾ ਹੈ। ਸਾਊਦੀ ਅਰਬ ਅਤੇ ਯਮਨ ਵਿਚਕਾਰ ਜੰਗ ਦੁਬਾਰਾ ਆਰੰਭ ਹੋਣ ਦੇ ਸ਼ੰਕੇ ਬਣ ਗਏ ਹਨ। ਇਰਾਨ ਯੂ. ਏ. ਏ., ਕੁਵੈਤ, ਕਤਰ, ਬਹਿਰੀਨ, ਸਾਊਦੀ ਅਰਬ ਵਰਗੇ ਮੁਲਕਾਂ ਤੇ ਫਿਰ ਹਮਲੇ ਕਰਨ ਲੱਗ ਪਿਆ ਹੈ। ਅਰਬ ਸਾਗਰ ਵਿਚ ਅਮਰੀਕਾ ਸਮੁੰਦਰੀ ਫੌਜ ਖੜ੍ਹੀ ਹੈ ਅਤੇ ਸਟ੍ਰੇਟ ਆਫ ਹੋਰਮੁਜ਼ ਫਿਰ ਬੰਦ ਹੋਣ ਕਾਰਨ ਕਤਰ, ਬਹਿਰੀਨ, ਇਰਾਕ, ਕੁਵੈਤ ਵਰਗੇ ਮੁਲਕਾਂ ਦੀ ਦਿੱਕਤ ਵੱਧ ਗਈ ਹੈ ਕਿਉਂਕਿ ਇਹਨਾਂ ਮੁਲਕਾਂ ਕੋਲ ਵਪਾਰ ਅਤੇ ਸਮਾਨ ਮੰਗਵਾਉਣ ਦੀ ਇਕੋ-ਇਕ ਜ਼ਰੀਆ ਫਾਰਸ ਦੀ ਖਾੜੀ ਹੀ ਹੈ, ਜੋ ਹੁਣ ਵਪਾਰ ਲਈ ਬੰਦ ਹੋ ਚੁੱਕੀ ਹੈ। ਇਸ ਖਿੱਤੇ ਉਪਰੋਂ ਯਾਤਰੀ ਹਵਾਈ ਜਹਾਜ਼ ਵੀ ਉਡਣੇ ਬੰਦ ਹੋ ਗਏ ਹਨ। ਇਰਾਨ ਦੀ ਸਰਕਾਰ ਕਿਹੜੀ ਹੈ ਅਤੇ ਕਿਹੜੀ ਕੰਟਰੋਲ ਕਰਦੀ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਥੋਂ ਦੀ ਸਿਵਲ ਸਰਕਾਰ ਤਾਂ ਲਗਾਤਾਰ ਸ਼ਾਂਤੀ ਦੇ ਪੱਖ ਵਿਚ ਹੈ ਪਰ ਇਰਾਨ ਦੀ ਫੌਜ ਦਾ ਇਕ ਤਬਕਾ, ਜਿਸ ਨੂੰ ਆਈ. ਆਰ. ਜੀ. ਸੀ. ਕਿਹਾ ਜਾਂਦਾ ਹੈ, ਜੰਗ ਬੰਦ ਕਰਨ ਦੇ ਖਿਲਾਫ ਹੈ। ਇਰਾਨ ਦੀ ਪਿੱਠ ਰੂਸ ਅਤੇ ਚੀਨ ਵਰਗੇ ਮੁਲਕ ਵੀ ਥਾਪੜ ਰਹੇ ਹਨ। ਸਥਿਤੀ ਇਸ ਕਰਕੇ ਜ਼ਿਆਦਾ ਗੁੰਝਲਦਾਰ ਹੈ ਕਿਉਂਕਿ ਅਮਰੀਕਾ ਵਿਚ ਨਵੰਬਰ ਦੇ ਮਹੀਨੇ ਮੱਧਕਾਲੀ ਚੋਣਾਂ ਹਨ ਅਤੇ ਰਾਸ਼ਟਰਪਤੀ ਟਰੰਪ ਲਈ ਇਹ ਚੋਣਾਂ ਜਿੱਤਣੀਆਂ ਜ਼ਰੂਰੀ ਹਨ। ਅਜਿਹੇ ਤਣਾਤਣੀ ਭਰੇ ਮਾਹੌਲ ਵਿਚ ਖਤਰਾ ਹੋਰ ਜ਼ਿਆਦਾ ਵੱਧ ਜਾਂਦਾ ਹੈ ਕਿਉਂਕਿ ਜੇਕਰ ਇਰਾਨ ਇਜ਼ਰਾਈਲ, ਅਰਬ ਜਾਂ ਅਮਰੀਕਾ ਵੱਲ ਖਤਰਨਾਕ ਬੰਬ ਦਾਗਣ ਤੋਂ ਨਹੀਂ ਹਟਦਾ ਤਾਂ ਅਮਰੀਕਾ ਪਰਮਾਣੂ ਬੰਬ ਦੀ ਵਰਤੋਂ ਵੀ ਕਰ ਸਕਦਾ ਹੈ, ਜੇਕਰ ਅਜਿਹਾ ਹੋ ਗਿਆ ਤਾਂ ਇਰਾਨ ਬਰਬਾਦ ਹੋ ਜਾਵੇਗਾ, ਉਥੇ ਰਾਹਤ ਪਹੁੰਚਾਉਣ ਲਈ ਵੀ ਕੋਈ ਨਹੀਂ ਜਾਵੇਗਾ।




ਇਸ ਦਰਮਿਆਨ ਇੱਕ ਈਰਾਨੀ ਅਖਬਾਰ ਨੇ ਸੁਪਰੀਮ ਲੀਡਰ ਅਲੀ ਖਮੇਨੀ ਦੀ ਹੱਤਿਆ ਦੇ ਬਦਲੇ ਵਿੱਚ ਕਤਲ ਲਈ ਨਿਸ਼ਾਨਾ ਬਣਾਏ ਗਏ ਵਿਅਕਤੀਆਂ ਦੀ ਇੱਕ ਸੂਚੀ ਪ੍ਰਕਾਸ਼ਿਤ ਕੀਤੀ ਹੈ। ਇਸ ਸੂਚੀ ਵਿੱਚ ਅਮਰੀਕਾ, ਇਜ਼ਰਾਈਲ ਅਤੇ ਯੂਰਪੀਅਨ ਦੇਸ਼ਾਂ ਦੇ ਨੇਤਾ ਸ਼ਾਮਲ ਹਨ। ਅਖਬਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਹੋਰ ਪ੍ਰਮੁੱਖ ਨੇਤਾਵਾਂ ਦੀਆਂ ਤਸਵੀਰਾਂ ਵਾਲਾ ਇੱਕ ਪੋਸਟਰ ਪ੍ਰਕਾਸ਼ਿਤ ਕੀਤਾ। ਇਹ ਸੂਚੀ ਈਰਾਨ ਦੀ ਰਾਜਧਾਨੀ ਵਿੱਚ ਅਧਿਕਾਰੀਆਂ ਦੁਆਰਾ ਪ੍ਰਕਾਸ਼ਿਤ ਇੱਕ ਅਖਬਾਰ 'ਹਮਸ਼ਹਿਰੀ' ਵਿੱਚ ਪ੍ਰਕਾਸ਼ਿਤ ਹੋਈ। ਗ੍ਰਾਫਿਕ ਦੇ ਨਾਲ ਅਖਬਾਰ ਨੇ ਸਿਰਲੇਖ ਚਲਾਇਆ: "ਅਚਾਨਕ ਮੌਤ ਲਈ ਤਿਆਰ ਰਹੋ।" ਇਸਨੇ ਮੋਜਤਬਾ ਖਾਮੇਨੀ ਦਾ ਇੱਕ ਬਿਆਨ ਵੀ ਪ੍ਰਕਾਸ਼ਿਤ ਕੀਤਾ, ਜਿਸਨੇ ਜ਼ੋਰ ਦੇ ਕੇ ਕਿਹਾ ਕਿ ਬਦਲਾ ਲੈਣਾ ਰਾਸ਼ਟਰ ਦੀ ਇੱਛਾ ਹੈ ਅਤੇ ਇਸਨੂੰ ਪੂਰਾ ਕੀਤਾ ਜਾਣਾ ਚਾਹੀਦਾ ਹੈ। ਮੋਜਤਬਾ ਨੇ ਇਹ ਬਿਆਨ ਆਪਣੇ ਪਿਤਾ ਦੇ ਅੰਤਿਮ ਸੰਸਕਾਰ ਤੋਂ ਬਾਅਦ ਦਿੱਤਾ ਸੀ। ਫੋਟੋਆਂ ਦੇ ਨਾਲ ਪ੍ਰਕਾਸ਼ਿਤ ਸੂਚੀ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਵਿਦੇਸ਼ ਮੰਤਰੀ ਮਾਰਕੋ ਰੂਬੀ , ਰੱਖਿਆ ਸਕੱਤਰ ਪੀਟ ਹੇਗਸੇਥ, ਇਜ਼ਰਾਈਲ ਵਿੱਚ ਅਮਰੀਕੀ ਰਾਜਦੂਤ ਮਾਈਕ ਹਕਾਬੀ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ, ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ, ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਜਰਮਨ ਚਾਂਸਲਰ ਫ੍ਰੈਡਰਿਕ ਮਰਜ਼ ਸ਼ਾਮਲ ਹਨ। ਅਖਬਾਰ ਇਨ੍ਹਾਂ ਸਾਰੇ ਨੇਤਾਵਾਂ ਨੂੰ ਈਰਾਨ ਦੇ ਸਾਬਕਾ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖਮੇਨੀ ਦੀ ਹੱਤਿਆ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ।

# ਪੰਜਾਬ ਵਿਚ ਆਰੰਭ ਹੋ ਗਈ ਚੋਣਾਂ ਦੀ ਸਰਗਰਮੀ, ਰੈਲੀਆਂ, ਧਰਨਿਆਂ ਦਾ ਜ਼ੋਰ



ਚੰਡੀਗੜ੍ਹ- ਪੰਜਾਬ ਵਿਚ ਚੋਣਾਂ ਤਾਂ ਅਗਲੇ ਸਾਲ ਫਰਵਰੀ^ਮਾਰਚ ਵਿਚ ਹੋਣਗੀਆਂ ਪਰ ਇੱਕਦਮ ਵਧੀਆਂ ਸਰਗਰਮੀਆਂ ਤੋਂ ਇਹਨਾਂ ਸ਼ੰਕਿਆਂ ਨੂੰ ਤਾਕਤ ਮਿਲਣ ਲੱਗੀ ਹੈ ਕਿ ਪੰਜਾਬ ਵਿਚ ਚੋਣਾਂ ਇਸੇ ਸਾਲ ਦੇ ਅਖੀਰ ਤੱਕ ਹੋ ਜਾਣਗੀਆਂ, ਯਾਨਿ ਨਵੰਬਰ^ਦਸੰਬਰ ਵਿਚ। ਹਾਲਾਂਕਿ ਚੋਣ ਕਮਿਸ਼ਨ ਵੱਲੋਂ ਫਿਲਹਾਲ ਇਸ ਬਾਰੇ ਕੋਈ ਸੰਕੇਤ ਨਹੀਂ ਮਿਲੇ ਪਰ 2027 ਵਿਚ ਜਨਗਣਨਾ ਹੋਣੀ ਹੈ, ਇਸ ਕਰਕੇ ਇਹ ਸੰਭਵ ਵੀ ਹੋ ਸਕਦਾ ਹੈ ਕਿ ਚੋਣਾਂ ਸਮੇਂ ਤੋਂ ਪਹਿਲਾਂ ਹੋ ਜਾਣ। ਪੰਜਾਬ ਵਿਚ ਇੱਕਦਮ ਸਰਗਰਮੀ ਵੀ ਵੱਧ ਗਈ ਹੈ। ਸੱਤਾਧਾਰੀ ਆਮ ਆਦਮੀ ਪਾਰਟੀ ਧੜਾਧੜ ਮੁਫਤ ਦੀਆਂ ਸਕੀਮਾਂ ਨਾਲ ਜਨਤਾ ਨੂੰ ਆਕਰਸ਼ਿਤ ਕਰ ਰਹੀ ਹੈ, ਜਦਕਿ ਵਿਰੋਧੀ ਧਿਰ ਦਾ ਆਪਣੇ ਹੀ ਘਰ ਵਿਚ *ਢੋਲ* ਵੱਜ ਰਿਹਾ ਹੈ ਅਤੇ ਇਹ ਪਾਰਟੀ ਫਿਲਹਾਲ ਚੋਣ ਮਾਹੌਲ ਤੋਂ ਦੂਰ ਹੁੰਦੀ ਜਾ ਰਹੀ ਹੈ। ਅਕਾਲੀ ਦਲ ਵੀ ਕੋਸ਼ਿਸ਼ ਕਰ ਰਿਹਾ ਹੈ ਕਿ ਉਸ ਦਾ ਪ੍ਰਭਾਵ ਵਧੇ। ਸਭ ਤੋਂ ਵੱਡਾ ਦਾਅ ਇਸ ਵਾਰ ਭਾਜਪਾ ਲਗਾਉਂਦੀ ਨਜ਼ਰ ਆ ਰਹੀ ਹੈ ਕਿਉਂਕਿ ਇਸ ਪਾਰਟੀ ਕੋਲ ਕੇਂਦਰ ਵਿਚ ਸਰਕਾਰ ਵੀ ਹੈ ਅਤੇ ਭਾਰਤ ਦੇ ਜ਼ਿਆਦਾਤਰ ਰਾਜਾਂ ਵਿਚ ਵੀ ਇਸ ਦੀ ਸਰਕਾਰ ਹੈ, ਇਸ ਕਰਕੇ ਇਹ ਪਾਰਟੀ ਪੰਜਾਬ ਵਿਚ ਕਾਂਗਰਸ ਦਾ ਵਿਕਲਪ ਬਣਨ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਪਾਰਟੀ ਨੇ ਵੀ ਆਪਣੀਆਂ ਰੈਲੀਆਂ ਆਰੰਭ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 17 ਜੁਲਾਈ ਨੂੰ ਜਲੰਧਰ ਦਾ ਪ੍ਰਸਤਾਵਿਤ ਦੌਰਾ ਤੋਂ ਪਹਿਲਾਂ ਸ਼ਹਿਰ ਦੇ ਇਕ ਵੱਡਾ ਇਲਾਕੇ ਨੂੰ ਰਾਹਤ ਮਿਲਣ ਵਾਲੀ ਹੈ। ਦੌਰੇ ਤੋਂ ਪਹਿਲਾਂ ਨੈਸ਼ਨਲ ਹਾਈਵੇਅ ਅਥਾਰਿਟੀ ਆਫ ਦੀ ਟੀਮ ਨੂੰ ਸਰਗਰਮ ਕੀਤਾ ਗਿਆ ਹੈ ਤੇ ਪਰਾਗਪੁਰ ਤੋਂ ਲੋਕ ਵੇਰਕਾ ਮਿਲਕ ਪਲਾਂਟ ਤਕ ਸਰਵਿਸ ਰੋਡ ਤੇ ਮੇਨ ਹਾਈਵੇ ਨੂੰ ਜੰਗੀ ਪੱਧਰ 'ਤੇ ਰਿਪੇਅਰ ਜਾ ਰਿਹਾ ਹੈ। ਖਾਸ ਤੌਰ ਤੇ ਫੋਕਲ ਪੁਆਇੰਟ, ਲੰਮਾ ਪਿੰਡ ਦੇ ਆਲੇ-ਦੁਆਲੇ ਦੀ ਸਰਵਿਸ ਰੋਡ ਤੇ ਫੋਕਸ ਕੀਤਾ ਗਿਆ ਹੈ। ਇੱਥੇ ਸਾਲਾਂ ਤੋਂ ਪਾਣੀ ਭਰਨ ਦੀ ਸਮੱਸਿਆ ਬਣੀ ਸੀ। ਹੁਣ ਸਰਵਿਸ ਰੋਡ ਤੇ ਜਮ੍ਹਾਂ ਪਾਣੀ ਦੀ ਪੰਪਿੰਗ ਸੈਟ ਰਾਹੀਂ ਨਿਕਾਸੀ ਕੀਤਾ ਜਾ ਰਹੀ ਹੈ। ਜਗ੍ਹਾ-ਜਗ੍ਹਾ ਨਵੀਂ ਇੰਟਰਲਾਕਿੰਗ ਟਾਈਲਜ਼ ਰਾਹੀਂ ਸੜਕ ਤਿਆਰ ਕੀਤੀ ਜਾ ਰਹੀ ਹੈ।

SURYA INDIAN CUISINE
SWEETS & SNACKS



ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ

ਸੰਪਰਕ ਕਰੋ:
669-275-2262, 408-892-2810

Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
408-905-3779



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ ਆਧਾਰ
ਤੇ ਗਰੀਨ ਕਾਰਡ
ਐਡਜਸਟਮੈਂਟ ਆਫ
ਸਟੇਟਸ
ਫੈਮਲੀ ਲਾਅ
ਤਲਾਕ ਦੀ ਪਟੀਸ਼ਨ
ਬੱਚੇ ਦੀ ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ
ਬੈਂਕਰਪਸੀ
ਚੈਪਟਰ 7 ਅਤੇ
ਚੈਪਟਰ 13 ਵਿਚ
ਲੈਣਦਾਰ ਦੇ
ਅਧਿਕਾਰ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704

Issue- 489, Vol-20, July 17, 2026

# ਵਟਸਐਪ ਯੂਜ਼ਰਨੇਮ: ਕਿੰਨਾ ਸੁਰੱਖਿਅਤ, ਕਿੰਨਾ ਖ਼ਤਰਨਾਕ?

**ਸਬੀਮਲ ਭੱਟਾਚਾਰਜੀ**

ਜਦੋਂ ਮੈਟਾ ਨੇ 29 ਜੂਨ ਨੂੰ ਇਹ ਐਲਾਨ ਕੀਤਾ ਕਿ ਵਟਸਐਪ ਵਰਤੋਂ ਕਰਨ ਵਾਲੇ ਜਲਦੀ ਹੀ ਫ਼ੋਨ ਨੰਬਰ ਦੀ ਬਜਾਏ ਆਪਣੀ ਪਸੰਦ ਦੇ ਯੂਜ਼ਰਨੇਮ (ਹੈਂਡਲ) ਦੀ ਵਰਤੋਂ ਕਰਨ ਸਕਣਗੇ ਤਾਂ ਕੇਂਦਰ ਸਰਕਾਰ ਦੀ ਪ੍ਰਤੀਕਿਰਿਆ ਕਾਫ਼ੀ ਤੇਜ਼ੀ ਨਾਲ ਆਈ ਜੋ ਕਾਫ਼ੀ ਚੌਕਸੀ ਭਰੀ ਸੀ। ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਵਟਸਐਪ ਨੂੰ ਨੋਟਿਸ ਜਾਰੀ ਕਰਦਿਆਂ ਤਿੰਨ ਦਿਨਾਂ ਦੇ ਅੰਦਰ ਵੇਰਵੇ ਸਹਿਤ ਸਪੱਸ਼ਟੀਕਰਨ ਮੰਗਿਆ ਹੈ। ਇਸ ਦੇ ਨਾਲ ਹੀ ਕੰਪਨੀ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਈ ਟੀ ਮੰਤਰਾਲੇ, ਗ੍ਰਹਿ ਮੰਤਰਾਲੇ ਅਤੇ ਹੋਰ ਵਿਰੋਧੀ ਮੈਸੇਜਿੰਗ ਪਲੇਟਫਾਰਮਾਂ ਨਾਲ ਸਲਾਹ-ਮਸ਼ਵਰਾ ਪੂਰਾ ਹੋਣ ਤੱਕ ਭਾਰਤ ਵਿੱਚ ਇਸ ਫੀਚਰ ਨੂੰ ਲਾਂਚ ਨਾ ਕਰੇ। ਮੰਤਰਾਲੇ ਨੇ ਨੋਟਿਸ ਵਿੱਚ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਯੂਜ਼ਰਨੇਮ ਆਉਣ ਨਾਲ ਆਨਲਾਈਨ ਧੋਖਾਧੜੀ, ਫਿਸ਼ਿੰਗ, ਡਿਜੀਟਲ ਅਰੈਸਟ ਸਕੈਮ ਅਤੇ ਭੇਸ ਬਦਲ ਕੇ ਕੀਤੀ ਜਾਣ ਵਾਲੀ ਠੱਗੀ (ਇੰਪਰਸੋਨੇਸ਼ਨ) ਵਿੱਚ 'ਵੱਡਾ ਵਾਧਾ' ਹੋ ਸਕਦਾ ਹੈ। 50 ਕਰੋੜ ਤੋਂ ਵੱਧ ਵਰਤੋਂਕਾਰਾਂ ਵਾਲੇ ਬਾਜ਼ਾਰ ਭਾਰਤ, ਜੋ ਕਿ ਦੁਨੀਆ ਭਰ ਵਿੱਚ ਵਟਸਐਪ ਦਾ ਸਭ ਤੋਂ ਵੱਡਾ ਆਧਾਰ ਹੈ, ਲਈ ਅਜਿਹੀ ਚੌਕਸੀ ਸੁਭਾਵਿਕ ਹੈ। ਪਰ ਜੇਕਰ ਇਸ ਨੂੰ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਇਹ ਫੀਚਰ ਧੋਖੇਬਾਜ਼ਾਂ ਲਈ ਕੋਈ ਤੋਹਫ਼ਾ ਨਹੀਂ ਹੈ। ਇਹ ਇੱਕ ਅਜਿਹਾ ਸਾਧਨ ਹੈ ਜੋ ਆਮ ਵਰਤੋਂਕਾਰਾਂ ਨੂੰ ਲਾਭ ਪਹੁੰਚਾਉਂਦਾ ਹੈ ਅਤੇ ਮੈਟਾ ਵੱਲੋਂ ਤਿਆਰ ਕੀਤੇ ਸੁਰੱਖਿਆ ਪ੍ਰਬੰਧਾਂ ਦੇ ਚਲਦਿਆਂ ਇਹ ਸਰਕਾਰ ਦੀਆਂ ਸੁਰੱਖਿਆ ਅਤੇ ਫਰਜ਼ੀਵਾੜੇ ਸੰਬੰਧੀ ਚਿੰਤਾਵਾਂ ਨੂੰ ਦੂਰ ਕਰਨ ਦੇ ਸਮਰੱਥ ਹੈ। ਇਸ ਪੱਖ ਵਿੱਚ ਤਿੰਨ ਮੁੱਖ ਨੁਕਤੇ ਸਾਹਮਣੇ ਆਉਂਦੇ ਹਨ।




ਪਹਿਲਾ, ਇਹ ਨਿੱਜਤਾ ਦੀ ਉਸ ਖਾਮੀ ਨੂੰ ਦੂਰ ਕਰਦਾ ਹੈ ਜੋ ਖੁਦ ਧੋਖਾਧੜੀ ਨੂੰ ਹਵਾ ਦਿੰਦੀ ਹੈ। ਸਰਕਾਰ ਦੀ ਦਲੀਲ ਹੈ ਕਿ ਫ਼ੋਨ ਨੰਬਰ ਛੁਪਾਉਣਾ ਖ਼ਤਰਨਾਕ ਹੈ। ਪਰ ਅਸਲੀਅਤ ਇਹ ਹੈ ਕਿ ਵਟਸਐਪ ਅੱਜ ਵੀ ਅਣਜਾਣ ਲੋਕਾਂ ਸਾਹਮਣੇ ਨੰਬਰਾਂ ਨੂੰ ਉਜਾਗਰ ਕਰਦਾ ਹੈ, ਜਿਸ ਦੀ ਸਭ ਤੋਂ ਵੱਡੀ ਮਿਸਾਲ ਕਿਸੇ ਵਰਤੋਂਕਾਰ ਨੂੰ ਕਿਸੇ ਗਰੁੱਪ ਵਿੱਚ ਸ਼ਾਮਲ ਕੀਤੇ ਜਾਣ ਵੇਲੇ ਦੇਖਣ ਨੂੰ ਮਿਲਦੀ ਹੈ। ਅਣਜਾਣ ਮੈਂਬਰਾਂ ਵਾਲੇ ਗਰੁੱਪ ਵਿੱਚ ਕਿਸੇ ਵੀ ਵਿਅਕਤੀ ਦਾ ਨੰਬਰ ਹਰ ਮੈਂਬਰ ਦੇ ਸਾਹਮਣੇ ਨਸ਼ਰ ਹੋ ਜਾਂਦਾ ਹੈ। ਅਜਿਹੇ ਗਰੁੱਪ, ਠੱਗਾਂ ਲਈ ਨੰਬਰ ਇਕੱਠੇ ਕਰਨ ਦਾ ਇੱਕ ਵੱਡਾ ਅੱਡਾ ਬਣ ਚੁੱਕੇ ਹਨ, ਜੋ ਇੱਥੋਂ ਨੰਬਰ ਚੋਰੀ ਕਰਕੇ ਉਸੇ ਧੋਖਾਧੜੀ ਦਾ ਜਾਲ ਵਿਛਾਉਂਦੇ ਹਨ ਜਿਸ ਨੂੰ ਸਰਕਾਰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਫ਼ੋਨ ਨੰਬਰ ਕੋਈ ਆਮ ਪਛਾਣ ਪੱਤਰ ਨਹੀਂ ਹੈ; ਭਾਰਤ ਵਿੱਚ ਇਹ ਬੈਂਕ ਖਾਤੇ, ਯੂ ਪੀ ਆਈ, ਆਧਾਰ ਅਤੇ ਟੀ ਪੀ ਨਾਲ ਜੁੜਿਆ ਹੁੰਦਾ ਹੈ ਅਤੇ ਇਹੀ ਕਾਰਨ ਹੈ ਕਿ ਧੋਖੇਬਾਜ਼ ਇਸ ਨੂੰ ਹਾਸਲ ਕਰਨ ਦੀ ਤਾਕ ਵਿੱਚ ਰਹਿੰਦੇ ਹਨ। ਡਿਜੀਟਲ ਅਰੈਸਟ ਵਰਗੇ ਘੁਟਾਲੇ ਜਿੱਥੇ ਅਪਰਾਧੀ ਸੀ ਬੀ ਆਈ, ਐਨਫੋਰਸਮੈਂਟ ਡਾਇਰੈਕਟੋਰੇਟ ਜਾਂ ਆਰ ਬੀ ਆਈ ਦੇ ਅਧਿਕਾਰੀ ਬਣ ਕੇ ਪੀੜਤਾਂ ਨੂੰ ਡਰਾਉਂਦੇ ਹਨ ਅਤੇ ਪੈਸੇ ਟਰਾਂਸਫਰ ਕਰਵਾ ਲੈਂਦੇ ਹਨ, ਸਾਲ 2025 ਵਿੱਚ ਭਾਰਤੀਆਂ ਵੱਲੋਂ ਸਾਈਬਰ ਧੋਖਾਧੜੀ ਵਿੱਚ ਗੁਆਏ ਗਏ ਲਗਪਗ 22,495 ਕਰੋੜ ਰੁਪਏ ਦਾ ਦਸਵਾਂ ਹਿੱਸਾ ਸਨ। ਇਹ ਅੰਕੜਾ ਗ੍ਰਹਿ ਮੰਤਰਾਲੇ ਅਤੇ ਇੰਡੀਅਨ ਸਾਈਬਰ ਕਰਾਈਮ ਕੋਆਰਡੀਨੇਸ਼ਨ ਸੈਂਟਰ ਕੋਲ ਦਰਜ ਹੋਈਆਂ ਕਰੀਬ 28 ਲੱਖ ਸ਼ਿਕਾਇਤਾਂ ਦੇ ਆਧਾਰ 'ਤੇ ਹੈ। ਠੱਗੀ ਦੀਆਂ ਇਹ ਸਾਰੀਆਂ ਸਾਜ਼ਿਸ਼ਾਂ ਇੱਕ ਚਾਲੂ ਫ਼ੋਨ ਨੰਬਰ ਤੋਂ ਹੀ ਸ਼ੁਰੂ ਹੁੰਦੀਆਂ ਹਨ। ਵਰਤੋਂਕਾਰਾਂ ਨੂੰ ਆਪਣਾ ਨੰਬਰ ਸਾਂਝਾ ਕੀਤੇ ਬਿਨਾਂ ਚੈਟ ਕਰਨ, ਗਰੁੱਪਾਂ ਵਿੱਚ ਜੁੜਨ ਅਤੇ ਅਣਜਾਣ ਲੋਕਾਂ ਨਾਲ ਗੱਲਬਾਤ ਕਰਨ ਦੀ ਸਹੂਲਤ ਦੇ ਕੇ ਯੂਜ਼ਰਨੇਮ ਉਨ੍ਹਾਂ ਜਨਤਕ ਹੋਣ ਵਾਲੇ ਨੰਬਰਾਂ ਦੀ ਗਿਣਤੀ ਨੂੰ ਘਟਾ ਦੇਣਗੇ ਜਿਨ੍ਹਾਂ 'ਤੇ ਠੱਗ ਨਿਰਭਰ ਕਰਦੇ ਹਨ। ਇਹ ਫੀਚਰ ਸਾਈਬਰ ਹਮਲਿਆਂ ਦੇ ਮੌਜੂਦਾ ਖ਼ਤਰੇ ਨੂੰ ਘਟਾਉਂਦਾ ਹੈ ਨਾ ਕਿ ਕੋਈ ਨਵਾਂ ਰਾਹ ਖੋਲ੍ਹਦਾ ਹੈ, ਜੋ ਕਿ ਸਿੱਧੇ ਤੌਰ 'ਤੇ ਵਰਤੋਂਕਾਰਾਂ ਦੇ ਹਿੱਤ ਵਿੱਚ ਅਤੇ ਸਮੁੱਚੇ ਤੌਰ 'ਤੇ ਜਨਤਕ ਸੁਰੱਖਿਆ ਲਈ ਲਾਹੇਵੰਦ ਹੈ।

ਦੂਜਾ, ਫ਼ੋਨ ਨੰਬਰ ਕਦੇ ਵੀ ਸਿਸਟਮ ਵਿੱਚੋਂ ਗਾਇਬ ਨਹੀਂ ਹੁੰਦਾ, ਜਿਸ ਕਾਰਨ ਜਾਂਚ ਦੀ ਪ੍ਰਕਿਰਿਆ ਬਰਕਰਾਰ ਰਹਿੰਦੀ ਹੈ। ਸੁਰੱਖਿਆ ਸੰਬੰਧੀ ਇਤਰਾਜ਼ਾਂ ਦਾ ਮੁੱਖ ਆਧਾਰ ਜਾਂਚ ਦੀ ਪ੍ਰਕਿਰਿਆ ਹੀ ਹੈ; ਭਾਰਤੀ ਕੋਡ (+91) ਵਾਲਾ ਫ਼ੋਨ ਨੰਬਰ ਜਾਂਚ ਅਧਿਕਾਰੀਆਂ ਨੂੰ ਦੋਸ਼ੀਆਂ ਤੱਕ ਪਹੁੰਚਣ ਦਾ ਇੱਕ ਜ਼ਰੀਆ ਪ੍ਰਦਾਨ ਕਰਦਾ ਹੈ ਅਤੇ ਅਧਿਕਾਰੀਆਂ ਨੂੰ ਚਿੰਤਾ ਹੈ ਕਿ ਯੂਜ਼ਰਨੇਮ ਇਸ ਕੜੀ ਨੂੰ ਤੋੜ ਦੇਣਗੇ। ਪਰ ਅਜਿਹਾ ਬਿਲਕੁਲ ਨਹੀਂ ਹੈ। ਹਰੇਕ ਵਟਸਐਪ ਖਾਤੇ ਨੂੰ ਰਜਿਸਟਰ ਕਰਨ ਅਤੇ ਚਲਾਉਣ ਲਈ ਅਜੇ ਵੀ ਫ਼ੋਨ ਨੰਬਰ ਦੀ ਲੋੜ ਪਵੇਗੀ; ਯੂਜ਼ਰਨੇਮ ਸਿਰਫ਼ ਪ੍ਰੋਫਾਈਲ 'ਤੇ ਦਿਖਾਈ ਦੇਣ ਵਾਲੀ ਇੱਕ ਪਰਤ ਹੈ ਨਾ ਕਿ ਪਛਾਣ ਦਾ ਬਦਲ। ਦੂਜੇ ਵਰਤੋਂਕਾਰਾਂ ਲਈ ਨੰਬਰ ਲੁਕਿਆ ਰਹੇਗਾ, ਜੋ ਕਿ ਨਿੱਜਤਾ ਦੇ ਪੱਖੋਂ ਇੱਕ ਵੱਡੀ ਜਿੱਤ ਹੈ, ਪਰ ਪਲੇਟਫਾਰਮ ਕੋਲ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕੋਲ ਇਹ ਨੰਬਰ ਹਮੇਸ਼ਾ ਰਿਕਾਰਡ ਵਿੱਚ ਰਹੇਗਾ ਜੋ ਜਾਂਚ ਲਈ ਇੱਕ ਪੱਕਾ ਆਧਾਰ ਪ੍ਰਦਾਨ ਕਰਦਾ ਹੈ।

ਮੈਟਾ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਦੋਂ ਕਿਸੇ ਵਰਤੋਂਕਾਰ ਨੂੰ ਪਹਿਲੀ ਵਾਰ ਕੋਈ ਸੰਦੇਸ਼ ਮਿਲੇਗਾ ਤਾਂ ਉਸ ਨੂੰ ਇਹ ਦਿਖਾਇਆ ਜਾਵੇਗਾ ਕਿ ਸੰਦੇਸ਼ ਭੇਜਣ ਵਾਲਾ ਖਾਤਾ ਬਿਲਕੁਲ ਨਵਾਂ ਹੈ ਜਾਂ ਵਿਦੇਸ਼ ਤੋਂ ਚਲਾਇਆ ਜਾ ਰਿਹਾ ਹੈ। ਇਸ ਨਾਲ ਜਾਂਚਕਰਤਾਵਾਂ ਅਤੇ ਸੰਦੇਸ਼ ਪ੍ਰਾਪਤ ਕਰਨ ਵਾਲਿਆਂ ਨੂੰ ਵਧੇਰੇ ਜਾਣਕਾਰੀ ਮਿਲੇਗੀ। ਸਭ ਤੋਂ ਅਹਿਮ ਗੱਲ ਇਹ ਹੈ ਕਿ ਸਰਕਾਰ ਕੋਲ ਇਸ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਸੁਰੱਖਿਆ ਕਵਚ ਮੌਜੂਦ ਹੈ। ਦੂਰਸੰਚਾਰ ਵਿਭਾਗ ਦੀ ਸਿਮ-ਬਾਈਂਡਿੰਗ ਹਦਾਇਤ ਮੁਤਾਬਿਕ ਵਟਸਐਪ, ਸਿਗਨਲ, ਟੈਲੀਗ੍ਰਾਮ ਅਤੇ ਹੋਰ ਪਲੇਟਫਾਰਮਾਂ ਲਈ ਇਹ ਲਾਜ਼ਮੀ ਹੈ ਕਿ ਉਹ ਹਰੇਕ ਹੈਂਡਲ (ਯੂਜ਼ਰਨੇਮ) ਨੂੰ ਇੱਕ ਪ੍ਰਮਾਣਿਤ (ਵੈਰੀਫਾਈਡ) ਨੰਬਰ ਨਾਲ ਜੋੜਨ ਤਾਂ ਜੋ ਯੂਜ਼ਰਨੇਮ ਆਧਾਰਿਤ ਖਾਤੇ ਦੀ ਅਸਲ ਪਛਾਣ ਸਥਾਪਿਤ ਕੀਤੀ ਜਾ ਸਕੇ।

ਪੁਲੀਸ ਵੱਲੋਂ ਜਿਸ ਅਸਲ ਖਾਮੀ ਦਾ ਹਵਾਲਾ ਦਿੱਤਾ ਜਾਂਦਾ ਹੈ (ਜਿਵੇਂ ਕਿ ਕਿਸੇ ਵਿਦੇਸ਼ੀ ਨੰਬਰ ਰਾਹੀਂ ਕਿਸੇ ਅਧਿਕਾਰੀ ਦਾ ਭੇਸ 'ਚ ਠੱਗੀ ਮਾਰਨਾ, ਜਿਸ ਦਾ ਭਾਰਤ ਵਿੱਚ ਕੋਈ ਸੁਰਾਗ ਨਹੀਂ ਮਿਲਦਾ) ਉਹ ਸਮੱਸਿਆ ਯੂਜ਼ਰਨੇਮ ਦੇ ਆਉਣ ਤੋਂ ਬਿਨਾਂ ਅੱਜ ਵੀ ਮੌਜੂਦ ਹੈ। ਇਹ ਮਾਮਲਾ ਅੰਤਰ-ਰਾਸ਼ਟਰੀ ਸਹਿਯੋਗ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀਆਂ ਬੇਨਤੀਆਂ 'ਤੇ ਵਟਸਐਪ ਦੇ ਜਵਾਬੀ ਸਮੇਂ ਨਾਲ ਜੁੜਿਆ ਹੋਇਆ ਹੈ। ਇਸ ਮਾਮਲੇ ਵਿੱਚ ਕੰਪਨੀ ਵੱਲੋਂ ਜਵਾਬ ਦੇਣ ਲਈ ਲਏ ਜਾਂਦੇ ਕਈ ਦਿਨਾਂ ਦੇ ਸਮੇਂ 'ਤੇ ਸਰਕਾਰ ਦਾ ਗੁੱਸਾ ਬਿਲਕੁਲ ਜਾਇਜ਼ ਹੈ। ਪਰ ਇਸ ਸਮੱਸਿਆ ਦਾ ਹੱਲ ਆਪਸੀ ਸਹਿਯੋਗ ਦੇ ਸਖ਼ਤ ਨਿਯਮਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ ਨਾ ਕਿ ਨਿੱਜਤਾ ਦੇ ਅਜਿਹੇ ਫੀਚਰ ਨੂੰ ਰੋਕ ਕੇ ਜੋ ਦੇਸ਼ ਦੇ ਅੰਦਰੂਨੀ ਜਾਂਚ ਢਾਂਚੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਦਾ ਹੈ।

ਤੀਜਾ, ਇਸ ਫੀਚਰ ਦਾ ਡਿਜ਼ਾਈਨ ਭੇਸ ਬਦਲ ਕੇ ਕੀਤੀ ਜਾਣ ਵਾਲੀ ਠੱਗੀ (ਇੰਪਰਸੋਨੇਸ਼ਨ) ਨੂੰ ਨਾਕਾਮ ਕਰਨ ਵਾਲਾ ਹੈ। ਆਈਟੀ ਮੰਤਰਾਲੇ ਦੀ ਮੁੱਖ ਚਿੰਤਾ 'rbi_verify' ਜਾਂ 'modi' ਵਰਗੇ ਮਿਲਦੇ-ਜੁਲਦੇ ਫਰਜ਼ੀ ਹੈਂਡਲਜ਼ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਬਾਰੇ ਹੈ। ਪਰ ਮੈਟਾ ਦਾ ਤਕਨੀਕੀ ਢਾਂਚਾ ਅਜਿਹੇ ਫਰਜ਼ੀਵਾੜੇ ਦੇ ਸਖ਼ਤ ਖ਼ਿਲਾਫ਼ ਹੈ। ਵਟਸਐਪ 'ਤੇ ਕੋਈ ਜਨਤਕ ਡਾਇਰੈਕਟਰੀ, ਸਰਚ ਜਾਂ 'ਆਟੋ-ਕੰਪਲੀਟ' ਦੀ ਸਹੂਲਤ ਨਹੀਂ ਹੋਵੇਗੀ, ਯਾਨੀ ਸਹੀ ਯੂਜ਼ਰਨੇਮ ਪਤਾ ਹੋਣ 'ਤੇ ਹੀ ਸੰਪਰਕ ਸੰਭਵ ਹੋਵੇਗਾ। ਪ੍ਰਮੁੱਖ ਸ਼ਖ਼ਸੀਅਤਾਂ, ਸਰਕਾਰੀ ਅਦਾਰਿਆਂ ਅਤੇ ਸੈਲੀਬ੍ਰਿਟੀਜ਼ ਦੇ ਹਾਈ-ਪ੍ਰੋਫਾਈਲ ਨਾਵਾਂ ਨੂੰ ਪਹਿਲਾਂ ਹੀ ਰਾਖਵਾਂ ਰੱਖਿਆ ਗਿਆ ਹੈ। ਕਾਰੋਬਾਰੀ ਅਦਾਰੇ ਅਤੇ ਸੰਸਥਾਵਾਂ 'ਮੈਟਾ ਅਕਾਊਂਟਸ ਸੈਂਟਰ' ਰਾਹੀਂ ਆਪਣੀ ਪਛਾਣ ਸਾਬਤ ਕਰਕੇ ਇੰਸਟਾਗ੍ਰਾਮ ਜਾਂ ਫੇਸਬੁੱਕ ਵਾਲਾ ਯੂਜ਼ਰਨੇਮ ਹੀ ਲਾਕ ਕਰ ਸਕਦੇ ਹਨ, ਜਿਸ ਨਾਲ ਫਰਜ਼ੀਵਾੜੇ ਦੀ ਗੁੰਜਾਇਸ਼ ਘਟੇਗੀ। ਇਸ ਤੋਂ ਇਲਾਵਾ ਨਵੇਂ ਲੋਕਾਂ ਨਾਲ ਸੰਪਰਕ ਕਰਨ ਦੀ ਸੀਮਾ ਅਤੇ ਇੱਕ ਵਿਕਲਪਿਕ 'ਯੂਜ਼ਰਨੇਮ ਕੀਅ' ਵਰਗੇ ਹੋਰ ਸੁਰੱਖਿਆ ਚੱਕਰ ਵੀ ਹੋਣਗੇ। ਇੱਕ ਫ਼ੋਨ ਨੰਬਰ ਦੇ ਮੁਕਾਬਲੇ, ਜਿਸ ਨੂੰ ਕੋਈ ਵੀ ਚੋਰੀ ਕਰਕੇ ਸੇਵ ਕਰ ਸਕਦਾ ਹੈ, ਯੂਜ਼ਰਨੇਮ ਵਾਲਾ ਇਹ ਸਿਸਟਮ ਠੱਗਾਂ ਲਈ ਬੇਹੱਦ ਮੁਸ਼ਕਲ ਮਾਹੌਲ ਸਿਰਜਦਾ ਹੈ। ਰਹੀ ਗੱਲ ਕੁਝ ਬਾਕੀ ਬਚੀਆਂ ਕਮੀਆਂ ਦੀ ਤਾਂ ਉਨ੍ਹਾਂ ਨੂੰ ਆਪਸੀ ਸਲਾਹ-ਮਸ਼ਵਰੇ ਨਾਲ ਸੁਧਾਰਿਆ ਜਾ ਸਕਦਾ ਹੈ। ਇਨ੍ਹਾਂ ਕਰਕੇ ਨਿੱਜਤਾ ਦੇ ਇਸ ਅਹਿਮ ਫੀਚਰ ਨੂੰ ਠੰਢੇ ਬਸਤੇ ਵਿੱਚ ਨਹੀਂ ਪਾਇਆ ਜਾਣਾ ਚਾਹੀਦਾ।

ਵਿਸ਼ਵਵਿਆਪੀ ਤਜਰਬਾ ਵੀ ਸੰਤੁਲਿਤ ਪਹੁੰਚ ਦਾ ਸਮਰਥਨ ਕਰਦਾ ਹੈ। ਸਿਗਨਲ ਅਤੇ ਟੈਲੀਗ੍ਰਾਮ ਵਰਗੇ ਐਪਸ ਪਹਿਲਾਂ ਹੀ ਵਰਤੋਂਕਾਰਾਂ ਨੂੰ ਯੂਜ਼ਰਨੇਮ ਪਿੱਛੇ ਆਪਣੇ ਫ਼ੋਨ ਨੰਬਰ ਛੁਪਾਉਣ ਦੀ ਸਹੂਲਤ ਦਿੰਦੇ ਹਨ। ਸਿਗਨਲ ਨੇ ਇਸ ਫੀਚਰ ਨੂੰ ਬੇਹੱਦ ਸੀਮਤ ਡਾਟਾ ਸੁਰੱਖਿਆ ਨਾਲ ਜੋੜਿਆ ਹੈ, ਜਿਸ ਕਾਰਨ ਕੋਈ ਵਿਵਾਦ ਖੜ੍ਹਾ ਨਹੀਂ ਹੋਇਆ। ਦੂਜੇ ਪਾਸੇ ਟੈਲੀਗ੍ਰਾਮ ਦੇ ਢਿੱਲੇ ਸੁਰੱਖਿਆ ਢਾਂਚੇ ਕਾਰਨ ਠੱਗੀ ਦੇ ਮਾਮਲੇ ਵਧਣ 'ਤੇ ਉਸ ਦੀ ਕਾਫ਼ੀ ਆਲੋਚਨਾ ਹੋਈ ਹੈ ਜਿਸ ਬਾਰੇ ਦਿੱਲੀ ਹਾਈ ਕੋਰਟ ਨੇ ਵੀ ਚਿੰਤਾ ਪ੍ਰਗਟਾਈ ਸੀ। ਇਸ ਤੋਂ ਸਾਫ਼ ਹੈ ਕਿ ਯੂਜ਼ਰਨੇਮ ਆਪਣੇ ਆਪ ਵਿੱਚ ਨਾ ਤਾਂ ਖ਼ਤਰਨਾਕ ਹੁੰਦੇ ਹਨ ਅਤੇ ਨਾ ਹੀ ਪੂਰੀ ਤਰ੍ਹਾਂ ਸੁਰੱਖਿਅਤ; ਅਸਲ ਨਤੀਜੇ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਪਲੇਟਫਾਰਮ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਕਿਹੋ ਜਿਹਾ ਹੈ ਅਤੇ ਉਹ ਕਾਨੂੰਨੀ ਅਦਾਰਿਆਂ ਨਾਲ ਕਿੰਨੀ ਜ਼ਿੰਮੇਵਾਰੀ ਨਾਲ ਸਹਿਯੋਗ ਕਰਦਾ ਹੈ। ਇਨ੍ਹਾਂ ਦੋਵਾਂ ਮਾਪਦੰਡਾਂ 'ਤੇ ਵਟਸਐਪ ਦਾ ਮਾਡਲ (ਜਿੱਥੇ ਫ਼ੋਨ ਨੰਬਰ ਸਿਸਟਮ ਵਿੱਚ ਰਹੇਗਾ, ਕੋਈ ਜਨਤਕ ਸਰਚ ਡਾਇਰੈਕਟਰੀ ਨਹੀਂ ਹੋਵੇਗੀ, ਪ੍ਰਮੁੱਖ ਨਾਂ ਰਾਖਵੇਂ ਰਹਿਣਗੇ, ਮੈਸੇਜ ਭੇਜਣ ਦੀ ਸੀਮਾ ਹੋਵੇਗੀ ਅਤੇ ਇੱਕ ਸੁਰੱਖਿਆ ਕੋਡ ਹੋਵੇਗਾ) ਇੱਕ ਜ਼ਿੰਮੇਵਾਰ ਪਹੁੰਚ ਦੇ ਬੇਹੱਦ ਨੇੜੇ ਦਿਖਾਈ ਦਿੰਦਾ ਹੈ। ਇਸ ਸਭ ਦੇ ਬਾਵਜੂਦ, ਸਰਕਾਰ ਦੀ ਚੌਕਸੀ ਨੂੰ ਗ਼ਲਤ ਨਹੀਂ ਠਹਿਰਾਇਆ ਜਾ ਸਕਦਾ, ਡਿਜੀਟਲ ਅਰੈਸਟ ਅਤੇ ਭੇਸ ਬਦਲ ਕੇ ਕੀਤੀ ਜਾ ਰਹੀ ਠੱਗੀ ਇਸ ਵੇਲੇ ਦੇਸ਼ ਵਿੱਚ ਇੱਕ ਅਸਲ ਸੰਕਟ ਬਣ ਚੁੱਕੀ ਹੈ ਅਤੇ ਇਸ ਮਾਮਲੇ 'ਤੇ ਆਪਸੀ ਸਲਾਹ-ਮਸ਼ਵਰਾ ਕਰਨਾ ਬਿਲਕੁਲ ਸਹੀ ਕਦਮ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਰਕਾਰ ਦਾ ਇਹ ਹੁਕਮ ਸਿਰਫ਼ ਇੱਕ ਆਰਜ਼ੀ ਰੋਕ ਹੈ ਨਾ ਕਿ ਪੱਕੀ ਪਾਬੰਦੀ ਅਤੇ ਇਸ ਨੂੰ ਇਸੇ ਨਜ਼ਰੀਏ ਨਾਲ ਹੀ ਦੇਖਿਆ ਜਾਣਾ ਚਾਹੀਦਾ ਹੈ।

# ਮੁਸੀਬਤ ਬਣਿਆ ਨਵੀਂ ਤਕਨਾਲੋਜੀ ਦਾ ਜ਼ਹਿਰੀਲਾ ਕੂੜਾ

**ਅਸ਼ਵਨੀ ਚਤਰਥ**

ਦੁਨੀਆ ਵਿੱਚ ਨਿੱਤ ਨਵੀਂ ਤਕਨਾਲੋਜੀ ਦਾ ਵਿਕਾਸ ਹੋ ਰਿਹਾ ਹੈ। ਹਰ ਨਵੀਂ ਤਕਨੀਕ ਮਗਰੋਂ ਅਸੀਂ ਆਪਣੇ ਸਮਾਰਟ ਫੋਨ, ਲੈਪਟੌਪ ਅਤੇ ਟੈਬਲੈਟ ਆਦਿ ਅਪਗ੍ਰੇਡ ਕਰ ਲੈਂਦੇ ਹਾਂ। ਅਜਿਹਾ ਕਰਦਿਆਂ ਅਸੀਂ ਨਵੀਆਂ ਸੁੱਖ-ਸਹੂਲਤਾਂ ਹੀ ਨਹੀਂ ਖਰੀਦਦੇ ਸਗੋਂ ਪੁਰਾਣੇ ਹੋ ਚੁੱਕੇ ਉਪਕਰਨਾਂ ਨੂੰ ਨਕਾਰਾ ਕਰਕੇ ਅਣਗਹਿਲੀ ਨਾਲ ਭਵਿੱਖ ਦੀਆਂ ਪੀੜ੍ਹੀਆਂ ਲਈ ਜ਼ਹਿਰੀਲੀ ਵਿਰਾਸਤ ਛੱਡ ਕੇ ਜਾਣ ਦੀ ਤਿਆਰੀ ਵੀ ਕਰ ਰਹੇ ਹੁੰਦੇ ਹਾਂ। ਅੱਜ ਦੇ ਜ਼ਮਾਨੇ ਦੇ ਬਿਜਲਈ ਸਾਧਨ ਜਿਵੇਂ ਮੋਬਾਈਲ, ਲੈਪਟੌਪ, ਟੀ ਵੀ, ਕੰਪਿਊਟਰ, ਫਰਿੱਜ ਅਤੇ ਡਾਕਟਰੀ ਮਸ਼ੀਨਾਂ ਆਦਿ ਵਰਤਣ ਮਗਰੋਂ ਜਾਂ ਖ਼ਰਾਬ ਹੋਣ 'ਤੇ ਕੂੜੇ ਵਜੋਂ ਸੁੱਟ ਦਿੱਤੇ ਜਾਂਦੇ ਹਨ। ਇਸ ਨੂੰ ਬਿਜਲਈ ਕੂੜਾ ਜਾਂ ਈ-ਕੂੜਾ ਕਿਹਾ ਜਾਂਦਾ ਹੈ। ਤੇਜ਼ੀ ਨਾਲ ਤਕਨਾਲੋਜੀ ਬਦਲਣ ਕਾਰਨ ਇਸ ਕੂੜੇ ਦੀ ਮਾਤਰਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇੱਕ ਅੰਦਾਜ਼ੇ ਮੁਤਾਬਿਕ ਸਮੁੱਚੇ ਵਿਸ਼ਵ ਦੀ ਅਬਾਦੀ ਵਾਧਾ ਦਰ ਨਾਲੋਂ ਤਿੰਨ ਗੁਣਾ ਵਾਧਾ ਦਰ ਨਾਲ ਨਵਾਂ ਬਿਜਲਈ ਕੂੜਾ ਹਰ ਸਾਲ ਪੈਦਾ ਹੁੰਦਾ ਹੈ ਅਤੇ ਦਿਨੋ-ਦਿਨ ਬਦਲਦੀ ਤਕਨਾਲੋਜੀ ਦੇ ਹਿਸਾਬ ਨਾਲ ਭਵਿੱਖ ਵਿੱਚ ਕਈ ਗੁਣਾ ਵੱਧ ਈ-ਕੂੜਾ ਪੈਦਾ ਹੋਣ ਦੀ ਸੰਭਾਵਨਾ ਹੈ।

ਈ-ਕੂੜੇ ਦੇ ਅੰਬਾਰ ਹੀ ਵਾਤਾਵਰਨ ਲਈ ਚਿੰਤਾ ਦਾ ਵਿਸ਼ਾ ਨਹੀਂ ਸਗੋਂ ਇਨ੍ਹਾਂ ਬੇਲੋੜੇ ਉਪਕਰਨਾਂ ਵਿੱਚੋਂ ਲੋੜੀਂਦਾ ਸਾਮਾਨ ਕੱਢਣ ਵਾਲੇ ਅਕਸਰ ਇਨ੍ਹਾਂ ਦੇ ਬਚੇ ਹੋਏ ਮਲਬੇ ਨੂੰ ਅਜਿਹੀ ਹਾਲਤ ਵਿੱਚ ਛੱਡ ਜਾਂਦੇ ਹਨ ਕਿ ਕਈ ਖ਼ਤਰਨਾਕ ਰਸਾਇਣ ਮਗਰੋਂ ਹਵਾ, ਮਿੱਟੀ ਤੇ ਪਾਣੀ ਵਿੱਚ ਘੁਲ ਕੇ ਇਸ ਨੂੰ ਪਲੀਤ ਕਰਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆ ਵਿੱਚ ਸਾਲ 2022 'ਚ ਤਕਰੀਬਨ 6.2 ਕਰੋੜ ਟਨ ਨਵਾਂ ਈ-ਕੂੜਾ ਪੈਦਾ ਹੋਇਆ, ਜਿਸ ਵਿੱਚੋਂ ਮਹਿਜ਼ 1.4 ਕਰੋੜ ਟਨ ਹੀ ਮੁੜ ਵਰਤੋਂ ਵਿੱਚ ਲਿਆਂਦਾ ਗਿਆ, ਭਾਵ ਉਸ ਨੂੰ ਸਹੀ ਤਰੀਕੇ ਨਾਲ ਟਿਕਾਣੇ ਲਗਾਇਆ ਗਿਆ। ਬਾਕੀ 4.8 ਕਰੋੜ ਟਨ ਕੂੜਾ ਯੋਜਨਾ ਰਹਿਤ ਤਰੀਕੇ ਨਾਲ ਖੁੱਲ੍ਹੇ ਢੇਰਾਂ ਦੇ ਰੂਪ ਵਿੱਚ ਸੁੱਟ ਦਿੱਤਾ ਗਿਆ। ਬਿਜਲਈ ਕੂੜੇ ਨੂੰ ਟਿਕਾਣੇ ਲਗਾਉਣ ਲਈ ਕਈ ਗ਼ੈਰ-ਮਿਆਰੀ ਵਿਧੀਆਂ ਅਪਣਾਈਆਂ ਜਾਂਦੀਆਂ ਹਨ ਜਿਵੇਂ ਜ਼ਮੀਨ 'ਚ ਦੱਬਣਾ, ਪਾਣੀ 'ਚ ਸੁੱਟਣਾ, ਹੱਥਾਂ ਨਾਲ ਤੋੜਨਾ ਜਾਂ ਅੱਗ ਲਗਾਉਣਾ ਆਦਿ।



ਅਸਲ ਵਿੱਚ ਇਹ ਸਾਰੇ ਤਰੀਕੇ ਵਾਤਾਵਰਨ ਪ੍ਰਦੂਸ਼ਣ ਪੈਦਾ ਕਰ ਕੇ ਭਿਆਨਕ ਬਿਮਾਰੀਆਂ ਫੈਲਾਉਣ ਅਤੇ ਮਨੁੱਖਤਾ ਲਈ ਸੰਕਟ ਖੜ੍ਹਾ ਕਰਨ ਦੇ ਸਮਰੱਥ ਹਨ ਕਿਉਂਕਿ ਇਨ੍ਹਾਂ ਸਾਰੇ ਤਰੀਕਿਆਂ ਨਾਲ ਹਵਾ, ਪਾਣੀ ਅਤੇ ਜ਼ਮੀਨ ਵਿੱਚ ਹੱਦੋਂ ਵੱਧ ਜ਼ਹਿਰੀਲੇ ਪਦਾਰਥ ਰਲ ਜਾਂਦੇ ਹਨ। ਸਭ ਤੋਂ ਵੱਧ ਈ-ਕੂੜਾ ਪੈਦਾ ਕਰਨ ਵਾਲੇ ਦੇਸ਼ ਚੀਨ, ਅਮਰੀਕਾ, ਜਾਪਾਨ, ਜਰਮਨੀ ਤੇ ਭਾਰਤ ਹਨ। ਅਮਰੀਕਾ ਅਤੇ ਯੂਰੋਪੀਅਨ ਦੇਸ਼ਾਂ ਵੱਲੋਂ ਪੈਦਾ ਕੀਤੇ ਗਏ ਈ-ਕੂੜੇ ਦਾ ਤਕਰੀਬਨ 40 ਫ਼ੀਸਦੀ ਹਿੱਸਾ ਏਸ਼ੀਆ ਦੇ ਦੇਸ਼ਾਂ ਵਿੱਚ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦੋਵਾਂ ਤਰੀਕਿਆਂ ਨਾਲ ਬਰਾਮਦ ਕਰ ਦਿੱਤਾ ਜਾਂਦਾ ਹੈ। ਈ-ਕੂੜਾ ਜ਼ਿਆਦਾਤਰ ਪਲਾਸਟਿਕ, ਕੱਚ, ਭਾਰੀਆਂ ਧਾਤਾਂ ਜਿਵੇਂ ਪਾਰਾ, ਲੈਡ (ਸਿੱਕਾ) ਤੇ ਕੈਡਮੀਅਮ ਅਤੇ ਕੀਮਤੀ ਧਾਤਾਂ ਜਿਵੇਂ ਸੋਨਾ ਅਤੇ ਚਾਂਦੀ ਦਾ ਮਿਸ਼ਰਨ ਹੁੰਦਾ ਹੈ। ਇਸ ਕੂੜੇ ਵਿੱਚ ਕੁਝ ਤੱਤ ਕੀਮਤੀ, ਵਿਕਰੀ ਯੋਗ ਅਤੇ ਮੁੜ ਵਰਤਣ ਯੋਗ ਹੁੰਦੇ ਹਨ। ਇਸ ਲਈ ਕੁਝ ਲੋਕ ਤੋੜ-ਭੰਨ ਕੇ ਜਾਂ ਅੱਗ ਲਗਾ ਕੇ ਇਨ੍ਹਾਂ ਨੂੰ ਵੱਖ ਵੱਖ ਕਰਦੇ ਹਨ। ਉਨ੍ਹਾਂ ਵੱਲੋਂ ਵਰਤੇ ਜਾਂਦੇ ਅਣਉਚਿਤ ਅਤੇ ਗ਼ੈਰ-ਮਿਆਰੀ ਢੰਗ ਤਰੀਕਿਆਂ ਕਰਕੇ ਕੂੜੇ ਵਿਚਲੇ ਜ਼ਹਿਰੀਲੇ ਰਸਾਇਣਿਕ ਪਦਾਰਥ ਸਾਡੇ ਵਾਤਾਵਰਨ ਵਿੱਚ ਰਲਦੇ ਹਨ, ਜਿਨ੍ਹਾਂ ਕਾਰਨ ਕੰਮ ਕਰਦੇ ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਸਿੱਧੇ ਤੌਰ 'ਤੇ ਬਿਮਾਰੀਆਂ ਲੱਗਣ ਦਾ ਖ਼ਤਰਾ ਹੁੰਦਾ ਹੈ। ਇਨ੍ਹਾਂ ਵਿੱਚ ਮੌਜੂਦ ਪਾਰਾ, ਸਿੱਕਾ, ਡਾਈਆਕਸਿਨ, ਆਰਸੈਨਿਕ ਅਤੇ ਕੈਡਮੀਅਮ ਵਰਗੇ ਪਦਾਰਥਾਂ ਨੂੰ 'ਵਿਸ਼ਵ ਸਿਹਤ ਸੰਗਠਨ' ਵੱਲੋਂ ਜੀਵਾਂ ਲਈ ਅਤਿਅੰਤ ਨੁਕਸਾਨਦੇਹ ਜ਼ਹਿਰੀਲੇ ਪਦਾਰਥ ਦੱਸਿਆ ਗਿਆ ਹੈ। ਬਿਜਲਈ ਕੂੜੇ ਨੂੰ ਤੋੜਨ ਵਾਲੀਆਂ ਥਾਵਾਂ 'ਤੇ ਕੰਮ ਕਰਦੇ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਇਹ ਬੇਹੱਦ ਘਾਤਕ ਸਿੱਧ ਹੋ ਸਕਦੇ ਹਨ। ਵਿਸ਼ਵ ਮਜ਼ਦੂਰ ਸੰਗਠਨ ਦੇ ਸਾਲ 2020 ਦੇ ਅੰਕੜਿਆਂ ਅਨੁਸਾਰ ਸੰਸਾਰ ਭਰ ਵਿੱਚ ਡੇਢ ਕਰੋੜ ਤੋਂ ਵੱਧ ਬੱਚੇ ਉਦਯੋਗ ਖੇਤਰ, ਜਿਸ ਵਿੱਚ ਉਦਯੋਗਾਂ ਦਾ ਕੂੜਾ ਇਕੱਠਾ ਕਰਨਾ ਵੀ ਸ਼ਾਮਿਲ ਹੈ, ਵਿੱਚ ਮਜ਼ਦੂਰੀ ਕਰਦੇ ਹਨ। ਮੈਡੀਕਲ ਖੇਤਰ ਦੇ ਮਾਹਿਰਾਂ ਵੱਲੋਂ ਕੀਤੇ ਗਏ ਅਧਿਐਨ ਵਿੱਚ ਪਤਾ ਲੱਗਿਆ ਹੈ ਕਿ ਬਿਜਲਈ ਕੂੜੇ ਤੋਂ ਨਿਕਲਦੇ ਪਾਰੇ ਅਤੇ ਸਿੱਕੇ ਆਦਿ 'ਚ ਮਿਲਣ ਵਾਲੇ ਨਿਊਰੋਟੋਕਸਿਨ ਛੋਟੇ ਬੱਚਿਆਂ ਨੂੰ ਸਾਹ, ਅਧਰੰਗ, ਅੰਨ੍ਹਾਪਣ, ਯਾਦਦਾਸ਼ਤ ਦਾ ਖ਼ਾਤਮ ਹੋਣਾ, ਮਨੋਰੋਗ ਅਤੇ ਨਾੜੀ ਪ੍ਰਣਾਲੀਆਂ ਦੀਆਂ ਬਿਮਾਰੀਆਂ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਰੋਗ ਪ੍ਰਤੀਰੋਧਕ ਪ੍ਰਣਾਲੀ ਨੂੰ ਕਮਜ਼ੋਰ ਕਰ ਸਕਦੇ ਹਨ। ਬਿਜਲਈ ਕੂੜੇ 'ਚੋਂ ਨਿਕਲਦੇ ਜ਼ਹਿਰੀਲੇ ਰਸਾਇਣ ਅਤੇ ਇਨ੍ਹਾਂ ਉਪਕਰਨਾਂ ਨੂੰ ਤੋੜਨ ਅਤੇ ਅੱਗ ਲਗਾਉਣ ਵੇਲੇ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਗਰਭਵਤੀ ਔਰਤਾਂ ਦੇ ਪੇਟ ਅੰਦਰ ਪਲਦੇ ਬੱਚਿਆਂ ਲਈ ਬੇਹੱਦ ਖ਼ਤਰਨਾਕ ਹੁੰਦੀਆਂ ਹਨ। ਇਨ੍ਹਾਂ ਰਸਾਇਣਾਂ ਦੇ ਪ੍ਰਭਾਵ ਕਰਕੇ ਬੱਚੇ ਦਾ ਜਨਮ ਸਮੇਂ ਤੋਂ ਪਹਿਲਾਂ ਹੋਣ, ਬੱਚੇ ਨੂੰ ਕੋਈ ਬਿਮਾਰੀ ਲੱਗਣ ਜਾਂ ਮੌਤ ਵਰਗੇ ਨਤੀਜੇ ਵੀ ਭੁਗਤਣੇ ਪੈ ਸਕਦੇ ਹਨ। ਜੇਕਰ ਬੱਚਾ ਜਨਮ ਲੈ ਵੀ ਲਵੇ ਤਾਂ ਵੀ ਨਵਜੰਮੇ ਬੱਚੇ ਦੇ ਫੇਫੜਿਆਂ ਦਾ ਪੂਰੀ ਤਰ੍ਹਾਂ ਵਿਕਾਸ ਨਾ ਹੋਣ ਕਰਕੇ ਉਹ ਉਮਰ ਭਰ ਦਮੇ ਅਤੇ ਸਾਹ ਦੇ ਹੋਰ ਰੋਗਾਂ ਤੋਂ ਪੀੜਤ ਰਹਿੰਦਾ ਹੈ।

ਈ-ਕੂੜਾ ਸਾਡੀ ਮੌਜੂਦਾ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਬੇਹੱਦ ਘਾਤਕ ਸਿੱਧ ਹੋ ਰਿਹਾ ਹੈ। ਇੱਥੇ ਉੱਤਰ ਪ੍ਰਦੇਸ਼ ਦੇ ਸ਼ਹਿਰ ਮੁਰਾਦਾਬਾਦ ਦਾ ਜ਼ਿਕਰ ਕਰਨਾ ਲਾਜ਼ਮੀ ਹੋ ਜਾਂਦਾ ਹੈ। 'ਪਿੱਤਲ ਨਗਰੀ' ਦੇ ਨਾਂ ਨਾਲ ਮਸ਼ਹੂਰ ਇਹ ਸ਼ਹਿਰ ਲੰਮੇ ਸਮੇਂ ਤੋਂ ਬਿਜਲਈ ਕੂੜੇ ਦਾ ਬਦਨਾਮ ਕੇਂਦਰ ਬਣਿਆ ਹੋਇਆ ਹੈ, ਜਿੱਥੇ ਰੋਜ਼ਾਨਾ ਤਕਰੀਬਨ 9 ਟਨ ਨਵਾਂ ਬਿਜਲਈ ਕੂੜਾ ਕਾਨੂੰਨੀ ਜਾਂ ਗ਼ੈਰ-ਕਾਨੂੰਨੀ ਢੰਗਾਂ ਨਾਲ ਆਉਂਦਾ ਹੈ ਅਤੇ ਇੱਥੋਂ ਦੀਆਂ ਅਨੇਕਾਂ ਗ਼ੈਰ-ਕਾਨੂੰਨੀ

(ਬਾਕੀ ਅਗਲੇ ਸਫੇ 'ਤੇ)

## ਸਾਰੇ ਵੀਰਾਂ/ਭੈਣਾਂ ਨੂੰ ਬੇਨਤੀ

ਤੁਸੀਂ ਸਭ ਜਾਣਦੇ ਹੋ ਕਿ ਇਸ ਸਮੇਂ ਅਖਬਾਰ ਪ੍ਰਕਾਸ਼ਿਤ ਕਰਨੀ ਬਹੁਤ ਮਹਿੰਗੀ ਹੋ ਗਈ ਹੈ। ਪ੍ਰਿੰਟਿੰਗ ਅਤੇ ਕਾਗਜ਼ ਦੇ ਖਰਚੇ ਬਹੁਤ ਵੱਧ ਗਏ ਹਨ। ਇਸ ਕਰਕੇ ਸਾਨੂੰ ਤੁਹਾਡੇ ਸਹਿਯੋਗ ਦੀ ਲੋੜ ਹੈ ਤਾਂ ਜੋ ਪੰਜਾਬੀ ਮਾਂ-ਬੋਲੀ ਦੀ ਸੇਵਾ ਦਾ ਸ਼ੁਭ ਕੰਮ ਚਲਦਾ ਰਹੇ। ਗੁਰਦੁਆਰਾ ਸਾਹਿਬ ਵਿਖੇ ਜੋ ਅਖਬਾਰ ਪਹੁੰਚਦੀ ਕਰਦੇ ਹਾਂ, ਉਸ ਦਾ ਵੀ ਬਹੁਤ ਖਰਚਾ ਵੱਧ ਗਿਆ ਹੈ। ਸਾਡੇ ਇਸ਼ਤਿਹਾਰਾਂ ਦੇ ਬਹੁਤ ਹੀ ਵਾਜਬ ਰੇਟ ਹਨ। ਅਸੀਂ ਸਿਰਫ ਮਾਂ-ਬੋਲੀ ਦੀ ਸੇਵਾ ਕਰਨ ਦੇ ਮਕਸਦ ਨਾਲ ਅਖਬਾਰ ਪ੍ਰਕਾਸ਼ਿਤ ਕਰਦੇ ਹਾਂ। ਸਾਨੂੰ ਆਸ ਹੈ ਕਿ ਤੁਸੀਂ ਸਾਨੂੰ ਜ਼ਰੂਰ ਸਹਿਯੋਗ ਦੇਵੋਗੇ ਤਾਂ ਜੋ ਆਪਣੀ ਬੋਲੀ ਨੂੰ ਬਚਾਉਣ ਅਤੇ ਪ੍ਰਫੁੱਲਿਤ ਕਰਨ ਦੀ ਲਹਿਰ ਨਿਰੰਤਰ ਚਲਦੀ ਰਹੇ।

*– ਸੰਪਾਦਕ 510-938-7771*

# ਮੁਸੀਬਤ ਬਣਿਆ ਨਵੀਂ ਤਕਨਾਲੋਜੀ ਦਾ ਜ਼ਹਿਰੀਲਾ ਕੂੜਾ

**(ਸਫਾ 2 ਦੀ ਬਾਕੀ)**

ਇਕਾਈਆਂ ਇਸ ਕੂੜੇ ਦੀ ਤੋੜ-ਭੰਨ ਦੇ ਕੰਮ ਵਿੱਚ ਲੱਗੀਆਂ ਹੋਈਆਂ ਹਨ। ਇਨ੍ਹਾਂ ਇਕਾਈਆਂ ਵੱਲੋਂ ਇਸ ਕਚਰੇ ਦਾ ਵੱਡਾ ਹਿੱਸਾ ਰਾਮ ਗੰਗਾ ਨਦੀ ਵਿੱਚ ਸੁੱਟ ਕੇ ਪਾਣੀ ਨੂੰ ਜ਼ਹਿਰੀਲਾ ਬਣਾਇਆ ਜਾ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 2018 ਵਿੱਚ ਕੀਤੇ ਇੱਕ ਸਰਵੇਖਣ ਵਿੱਚ ਰਾਮ ਗੰਗਾ ਦੇ ਕੰਢੇ ’ਤੇ 25,586 ਕਿਊਬਿਕ ਮੀਟਰ ਬਿਜਲਈ ਕੂੜੇ ’ਚੋਂ ਨਿਕਲੇ ਕਾਲੇ ਪਾਊਡਰ ਦੇ ਢੇਰ ਦਾ ਜ਼ਿਕਰ ਕੀਤਾ ਗਿਆ ਸੀ ਅਤੇ ਅਦਾਰੇ ਵੱਲੋਂ ਪ੍ਰਸ਼ਾਸਨ ਨੂੰ ਚੇਤੰਨ ਕੀਤਾ ਗਿਆ ਸੀ ਕਿ ਇਸ ਨੂੰ ਨਦੀ ਦੇ ਪਾਣੀ ਵਿੱਚ ਸੁੱਟਣ ਨਾਲ ਜਲ ਜੀਵਾਂ ਅਤੇ ਇਸ ਪਾਣੀ ਦੀ ਵਰਤੋਂ ਕਰਨ ਵਾਲੇ ਇਨਸਾਨਾਂ ਦਾ ਜੀਵਨ ਖ਼ਤਰੇ ਵਿੱਚ ਪੈ ਜਾਵੇਗਾ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਕੀਤੀ ਗਈ ਖੋਜ ਵਿੱਚ ਪਤਾ ਲੱਗਿਆ ਹੈ ਕਿ ਕੁਝ ਲਾਲਚੀ ਲੋਕਾਂ ਵੱਲੋਂ ਸੋਨਾ ਤੇ ਚਾਂਦੀ ਵਰਗੀਆਂ ਧਾਤਾਂ ਕੱਢਣ ਖ਼ਾਤਰ ਈ-ਕੂੜੇ ਨੂੰ ਅੱਗ ਲਗਾਈ ਜਾਂਦੀ ਹੈ।

ਇਉਂ ਚੰਦ ਰੁਪੱਈਆਂ ਖ਼ਾਤਰ ਇਹ ਲੋਕ ਸਮੁੱਚੇ ਇਲਾਕੇ ਦੀ ਆਬੋ-ਹਵਾ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਵਿਗਿਆਨੀ ਦੱਸਦੇ ਹਨ ਕਿ ਈ-ਕੂੜੇ ਨੂੰ ਜ਼ਮੀਨ ਹੇਠ ਦਬਾਏ ਜਾਣ ’ਤੇ ਇਹ ਡਾਈਆਕਸਿਨ ਅਤੇ ਫੁਰਾਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਛੱਡਦਾ ਹੈ ਅਤੇ ਇਹ ਜ਼ਮੀਨ ਵਿੱਚੋਂ ਹੀ ਪੀਣ ਵਾਲੇ ਪਾਣੀ ਅੰਦਰ ਦਾਖ਼ਲ ਹੋ ਕੇ ਭਿਆਨਕ ਰੋਗਾਂ ਦਾ ਕਾਰਨ ਵੀ ਬਣਦਾ ਹੈ। ਇਸ ਵਿਚਲੀਆਂ ਲੈਡ ਅਤੇ ਪਾਰੇ ਵਰਗੀਆਂ ਭਾਰੀਆਂ ਧਾਤਾਂ ਗੁਰਦੇ ਅਤੇ ਜਿਗਰ ਦੇ ਰੋਗਾਂ ਦਾ ਕਾਰਨ ਬਣਦੀਆਂ ਹਨ। ਬਿਜਲਈ ਕੂੜੇ ਦੇ ਨਿਪਟਾਰੇ ਲਈ ਵਿਚਾਰ-ਵਟਾਂਦਰਾ ਲੰਮੇ ਸਮੇਂ ਤੋਂ ਚੱਲ ਰਿਹਾ ਸੀ, ਪਰ ਇਸ ਨੂੰ ਬਣਦੀ ਤਵੱਜੋ ਉਦੋਂ ਮਿਲੀ ਸੀ ਜਦੋਂ ਸੰਯੁਕਤ ਰਾਸ਼ਟਰ ਸੰਘ ਦੀ ਖ਼ਤਰਨਾਕ ਕੂੜੇ ਦੇ ਨਿਪਟਾਰੇ ਲਈ ਹੋਈ ‘ਬੇਸਲ ਕਨਵੈਨਸ਼ਨ’ ਨਾਂ ਦੀ ਕੌਮਾਂਤਰੀ ਸੰਧੀ ਦੇ ਦਾਇਰੇ ਵਿੱਚ ਬਿਜਲਈ ਕੂੜੇ ਦੀ ਸਾਂਭ-ਸੰਭਾਲ ਨੂੰ ਸ਼ਾਮਿਲ ਕਰ ਲਿਆ ਗਿਆ। ਜੂਨ 2022 ਵਿੱਚ ਕਨਵੈਨਸ਼ਨ ਦੇ ਉਦੇਸ਼ਾਂ ਵਿੱਚ ਤਰਮੀਮ ਕਰਦਿਆਂ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਦੇਸ਼ ਨੂੰ ਬਿਜਲਈ ਕੂੜੇ ਨੂੰ ਇੱਕ ਥਾਂ ਤੋਂ ਦੂਜੀ ਥਾਂ ’ਤੇ ਭੇਜਣ ਤੋਂ ਪਹਿਲਾਂ ਉਕਤ ਅਦਾਰੇ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ। ਅਜਿਹਾ ਕਰਨ ਨਾਲ ਇਹ ਕੂੜਾ ਗ਼ੈਰ-ਸਮਾਜਿਕ ਲੋਕਾਂ ਦੇ ਹੱਥ ਨਹੀਂ ਲੱਗ ਸਕੇਗਾ। ਬੇਸਲ ਕਨਵੈਨਸ਼ਨ ਦਾ ਇਹ ਉਪਰਾਲਾ ਵੱਡੀ ਸਮੱਸਿਆ ਨੂੰ ਹੱਲ ਕਰਨ ਲਈ ਮਹਿਜ਼ ਇੱਕ ਛੋਟੀ ਜਿਹੀ ਪਹਿਲਕਦਮੀ ਹੈ, ਪਰ ਇਹ ਸਹੀ ਦਿਸ਼ਾ ਵੱਲ ਵਧਾਇਆ ਗਿਆ ਇੱਕ ਅਹਿਮ ਤੇ ਜ਼ਰੂਰੀ ਕਦਮ ਹੈ। ਸਾਨੂੰ ਸਾਰਿਆਂ ਇਸ ਸਮੱਸਿਆ ਨੂੰ ਘਟਾਉਣ ਵਿੱਚ ਆਪੋ-ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

## ‘ਪਰਦੇਸ ਟਾਇਮਜ਼’ ’ਚ ਇਸ਼ਤਿਹਾਰ ਲਗਵਾਉਣ ਦੇ ਨਵੇਂ ਰੇਟ

**ਪਰਦੇਸ ਟਾਇਮਜ਼ ’ਚ ਮਸ਼ਹੂਰੀ ਜਾਂ ਇਸ਼ਤਿਹਾਰ ਲਗਵਾਉਣ ਲਈ ਸਾਡੇ ਰੇਟ ਇਕ ਵਾਰ ਲਈ ਅਤੇ ਸਾਲਾਨਾ ਰੇਟ ਇਸ ਪ੍ਰਕਾਰ ਹਨ:**

| | | |
|---|---|---|
| **1/4 B/W** | - $50 | (ਇਕ ਵਾਰ ਲਈ) |
| | - $1000 | (ਸਾਲਾਨਾ (ਇਕ ਸਾਲ ਲਈ) |
| **1/4 Colour** | - $75 | (ਇਕ ਵਾਰ ਲਈ) |
| | - $1500 | (ਸਾਲਾਨਾ) |
| **Full Page B/W** | - $150 | (ਇਕ ਵਾਰ ਲਈ) |
| ਹਰ ਵਾਰ ਸਿਰਫ | -$125 | (ਇਕ ਤੋਂ ਵੱਧ ਵਾਰ ਛਾਪਣ ਲਈ) |
| **Full Page Colour** | -$225 | (ਇਕ ਵਾਰ ਲਈ) |
| ਇਕ ਤੋਂ ਵੱਧ ਵਾਰ | -$200 | (ਹਰ ਵਾਰ ਛਪਣ ਲਈ) |
| ਕਾਰਡ ਸਾਈਜ਼ | | |
| **Front Page Colour** | -$65 | (ਇਕ ਵਾਰ ਲਈ) |
| ਇਕ ਸਾਲ ਜਾਂ ਸਾਲਾਨਾ | | |
| ਛਪਣ ਲਈ (ਕਾਰਡ ਸਾਈਜ਼) | -$1500 | (1/8 ਸਾਲਾਨਾ) |
| **Back Page Colour** | -$300 | (ਇਕ ਵਾਰ ਲਈ) |
| **Full page** | -$6000 | (ਸਾਲਾਨਾ) |
| **1/8 B/W** | -$30 | (ਇਕ ਵਾਰ ਲਈ) |
| ਇਕ ਸਾਲ ਲਈ | -$500 | (ਸਾਲਾਨਾ) |


AASAAN DRIVING SCHOOL

ਅਸਾਨ ਡਰਾਈਵਿੰਗ ਸਕੂਲ, ਫਰਿਜ਼ਨੋ-ਮਡੇਰਾ



ਤਜ਼ਰਬੇਕਾਰ ਅਧਿਆਪਕ, ਬਹੁਤ ਹੀ ਵਾਜ਼ਬ ਰੇਟ ’ਤੇ ਡਰਾਈਵਿੰਗ ਸਿੱਖਣ ਲਈ ਇਕ ਵਾਰ ਜ਼ਰੂਰ ਸੰਪਰਕ ਕਰੋ ਜੀ

Student driving
Please be patient

Contact Please :- 559-479-4676
408-890-8122, 408-314-2182



CISI

CALIFORNIA IMMIGRATION SERVICES INC.

Your Registered & Bonded 'Immigration-Consultants'



ROSY (Kanwal) KAUR
Immigration Consultant
408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 2450 Peralta blvd unit 107 Fremont, CA 94536
Tracy Office: 1660 W Linnee Rd. Unit J 25, Tracy CA, 95377

# ਸੰਪਾਦਕੀ

## ‘ਸਤਲੁਜ’ ਦਰਿਆ ਵਿਚ ‘ਪਾਣੀ ਜਾਂ ਲਹੂ’

ਸਤਲੁਜ ਦਰਿਆ ਅੱਜ ਦੇ ਪੰਜਾਬ ਦੇ ਐਨ ਕੇਂਦਰ ਵਿਚ ਦੀ ਲੰਘਦਾ ਦਰਿਆ ਹੈ। ਵੈਸੇ ਇਹ ਪੰਜਾਬ ਦਾ ਪਹਿਲਾ ਅਜਿਹਾ ਦਰਿਆ ਹੈ, ਜੋ ਸਦਾਬਹਾਰ ਪਾਣੀ ਦਾ ਸਰੋਤ ਹੈ ਕਿਉਂਕਿ ਪੁਰਾਣੇ ਜ਼ਮਾਨੇ ਵਿਚ ਘੱਗਰ ਅਤੇ ਮਾਰਕੰਡਾ ਆਦਿ ਦਰਿਆ ਬਰਸਾਤਾਂ ਵਿਚ ਵੱਗਦੇ ਸਨ ਅਤੇ ਬਾਅਦ ਵਿਚ ਸੁੱਕੇ। ਸਤਲੁਜ ਦਰਿਆ ਧੁਰ ਹਿਮਾਲਿਆ ਤੋਂ ਖੁਰ ਕੇ ਆਉਂਦੀ ਬਰਫ ਦੇ ਪਾਣੀ ਨੂੰ ਅਰਬ ਸਾਗਰ ਤੱਕ ਪਹੁੰਚਾਉਂਦਾ ਹੈ ਅਤੇ ਪੰਜਾਬ ਦੀ ਜੀਵਨ ਰੇਖਾ ਹੈ। ਇਸ ਦਰਿਆ ਦੇ ਆਲੇ-ਦੁਆਲੇ ਸਿਰਫ ਖੇਤੀਬਾੜੀ ਹੀ ਨਹੀਂ ਬਲਕਿ ਵੱਡੇ ਪੱਧਰ ਤੇ ਪਸ਼ੂ ਪਾਲਣ ਵੀ ਹੁੰਦਾ ਰਿਹਾ ਹੈ। ਅੱਜਕਲ੍ਹ ਇਸ ਦਰਿਆ ਦੀ ਯਾਦ ਇਕ ਫਿਲਮ ਨੇ ਯਾਦ ਕਰਵਾਈ ਹੈ, ਜਿਸ ਦਾ ਨਾਂ ’ਸਤਲੁਜ’ ਹੈ ਅਤੇ ਇਸ ਫਿਲਮ ਤੇ ਪਾਬੰਦੀ ਲੱਗ ਚੁੱਕੀ ਹੈ। ਅਸਲ ਵਿਚ ਪੰਜਾਬ ਦੇ ਕਾਲੇ ਦੌਰ ਵਿਚ ਇਕ ਵਕੀਲ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਨੇ ਚੁੱਕ ਕੇ ਮਾਰ ਦਿੱਤਾ। ਖਾਲੜਾ ਇਕ ਵਕੀਲ ਸੀ ਅਤੇ ਲਾਵਾਰਸ ਲਾਸ਼ਾਂ ਦੀ ਪਛਾਣ ਕਰਨ ਵਿਚ ਉਹਨਾਂ ਦਾ ਕਾਫੀ ਵੱਡਾ ਯੋਗਦਾਨ ਰਿਹਾ ਹੈ। ਪਰ ਇਸ ’ਸਤਲੁਜ’ ਦਰਿਆ ਨੇ ਉਹ ਦੌਰ ਵੀ ਦੇਖਿਆ ਹੈ, ਜਦੋਂ ਪੰਜਾਬ ਵਿਚ ਬੱਸਾਂ ਵਿਚੋਂ ਉਤਾਰ ਕੇ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ ਜਾਂਦਾ ਸੀ। ਬੀੜੀ-ਸਿਗਰਟ ਵੇਚਣ ਵਾਲੇ ਛੋਟੇ-ਮੋਟੇ ਦੁਕਾਨਦਾਰ ਦਾ ਕਤਲ ਕਰ ਦਿੱਤਾ ਜਾਂਦਾ ਸੀ। ਪੰਜਾਬ ਦੇ ਸਕੂਲਾਂ ਵਿਚ ਡਰੈਸਾਂ ਬਦਲ ਗਈਆਂ ਸਨ, ਬਰਾਤਾਂ ਬੰਦ ਹੋ ਗਈਆਂ ਸਨ। ਹਨੇਰਾ ਹੋਣ ਤੋਂ ਪਹਿਲਾਂ ਜੇਕਰ ਕੋਈ ਘਰ ਆ ਗਿਆ ਤਾਂ ਆ ਗਿਆ, ਬਾਅਦ ਵਿਚ ਕੋਈ ਗਰੰਟੀ ਨਹੀਂ ਹੁੰਦੀ ਸੀ ਕਿ ਘਰ ਵਾਪਸ ਆ ਜਾਵੇਗਾ। ਘਰਾਂ ਨੂੰ ਸ਼ਾਮ ਹੋਣ ਤੋਂ ਬਾਅਦ ਲੋਕੀ ਜਿੰਦਰੇ ਲਗਾ ਕੇ ਲੁਕ ਜਾਂਦੇ ਸਨ। ਬਾਹਰ ਪੁਲਿਸ ਮਾਰਦੀ ਸੀ ਜਾਂ ਦਹਿਸ਼ਤਗਰਦ, ਕੋਈ ਦੇਖਣ-ਸੁਣਨ ਨੂੰ ਤਿਆਰ ਨਹੀਂ ਹੁੰਦਾ ਸੀ। ਪੰਜਾਬ ਵਿਚੋਂ ਬਹੁਤ ਤੇਜ਼ੀ ਨਾਲ ਪਲਾਇਨ ਆਰੰਭ ਹੋ ਗਿਆ ਸੀ। ਕੁਝ ਲੋਕੀ ਭਾਰਤ ਦੇ ਦੂਜੇ ਸੂਬਿਆ ਵਿਚ ਭੱਜੇ, ਕੁਝ ਵਿਦੇਸ਼। ਆਖਿਰ ਇਹ ਦੌਰ ਕਿਵੇਂ ਆਰੰਭ ਹੋਇਆ, ਇਸ ਬਾਰੇ ਕਿਸੇ ਨੇ ਹੁਣ ਤੱਕ ਘੋਖ ਨਹੀਂ ਕੀਤੀ। ਸਾਰੇ ਆਪੋ-ਆਪਣੀਆਂ ਰਾਜਨੀਤਿਕ ਰੋਟੀਆਂ ਸੇਕੀ ਜਾਂਦੇ ਹਨ, ਵੋਟਾਂ ਲਈ ਜਾਂਦੇ ਹਨ, ਸਮੱਸਿਆ ਕੀ ਹੈ, ਕਿੱਥੇ ਹੈ ਅਤੇ ਕਿਉਂ ਹੈ, ਇਸ ਵੱਲ ਕੋਈ ਧਿਆਨ ਦੇਣਾ ਨਹੀਂ ਚਾਹੁੰਦਾ।

ਇਹ ਗੱਲ ਸਹੀ ਹੈ ਕਿ ਅੱਜ ਦੇ ਪੰਜਾਬ ਵਿਚ ਸਿੱਖ ਬਹੁਗਿਣਤੀ ਵਿਚ ਹਨ ਪਰ ਪੰਜਾਬ ਬਹੁਗਿਣਤੀ-ਘੱਟਗਿਣਤੀ ਦਾ ਕਦੀ ਹੈ ਹੀ ਨਹੀਂ ਸੀ, ਇਹ ਤਾਂ ਪੰਜਾਬੀਆਂ ਦਾ ਹੈ। ਪੰਜਾਬੀ ਹਿੰਦੂ ਵੀ ਹੋ ਸਕਦਾ ਹੈ, ਸਿੱਖ ਵੀ, ਮੁਸਲਮਾਨ ਵੀ, ਬੋਧੀ, ਜੈਨੀ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਹੋ ਸਕਦਾ ਹੈ ਪਰ ਪੰਜਾਬ ਇਕ ਸਭਿਅਤਾ ਹੈ, ਇਸ ਦੀ ਆਪਣੀ ਪਛਾਣ ਹੈ, ਖਾਣ-ਪੀਣ ਹੈ, ਰਹਿਣ-ਸਹਿਣ ਹੈ, ਇਸ ਦਾ ਅਮੀਰ ਸਭਿਆਚਾਰ ਹੈ। ਪੰਜਾਬ ਦੇ ਮੁੱਦੇ ਹੋਰ ਹਨ ਪਰ ਪੰਜਾਬੀਆਂ ਨੂੰ ਹਮੇਸ਼ਾ ਭਟਕਾਇਆ ਜਾਂਦਾ ਰਿਹਾ ਹੈ, ਕਦੀ ਧਰਮ ਦੇ ਨਾਂ ’ਤੇ, ਕਦੀ ਪਾਣੀਆਂ ਦੇ ਨਾਂ ਤੇ, ਕਦੀ ਬੇਅਦਬੀਆਂ ਦੇ ਨਾਂ ਤੇ, ਕਦੀ ਜਾਤ ਦੇ ਨਾਂ ’ਤੇ ਪਰ ਦੁੱਖ ਇਸ ਗੱਲ ਦਾ ਹੈ ਕਿ ਆਮ ਪੰਜਾਬੀ ਜੋ ਬਹੁਤ ਜ਼ਿਆਦਾ ਜਜ਼ਬਾਤੀ ਹੈ, ਰਾਜਨੀਤੀ ਨੂੰ ਸਮਝਦਾ ਨਹੀਂ ਕਿ ਕਿਵੇਂ ਉਹਨਾਂ ਨੂੰ ਬੇਵਕੂਫ ਬਣਾ ਕੇ ਵੋਟ ਬਟੋਰ ਲਈ ਜਾਂਦੀ ਹੈ, ਕੋਈ ਮਰਦਾ ਹੈ ਮਰੇ, ਕੋਈ ਜਿਊਂਦਾ ਹੈ ਜੀਵੇ। ਅੱਜ ਫਿਰ ਇਹੀ ਕੁਝ ਹੋ ਰਿਹਾ ਹੈ। 1978 ਵਿਚ ਪੰਜਾਬ ਵਿਚ ਕਾਲਾ ਦੌਰ ਆਰੰਭ ਹੋਣਾ ਸ਼ੁਰੂ ਹੋਇਆ ਸੀ, ਜਿਸ ਨੇ ਉਹ ਪੰਜਾਬ ਖਾ ਲਿਆ, ਜਿਹੜਾ ਕਿਸੇ ਵੇਲੇ ਹਿੰਦੋਸਤਾਨ ਦਾ ਮੋਹਰੀ ਸੂਬਾ ਸੀ, ਖੇਤੀ ਵਿਚ, ਉਦਯੋਗ ਵਿਚ, ਉਦਮ ਵਿਚ, ਕਲਾਕਾਰੀ ਵਿਚ, ਸਭਿਆਚਾਰ ਵਿਚ ਅਤੇ ਜੀਵਤ ਸਭਿਅਤਾ ਵਿਚ। ਪਰ ਹੁਣ ਕੀ ਹੈ, ਪੰਜਾਬ ਦੇ ਘਰਾਂ ਵਿਚ ਨੌਜਵਾਨ ਮੁੰਡੇ-ਕੁੜੀਆਂ 20-30 ਫੀਸਦੀ ਰਹਿ ਗਏ ਹਨ, ਬਾਕੀ ਸਭ ਕੰਮ ਧੰਦਿਆਂ ਲਈ ਦੇਸ਼-ਵਿਦੇਸ਼ ਦੌੜ ਗਏ ਹਨ।

ਹੁਣ ਰਹਿ ਗਈ ਗੱਲ ਸਿੱਖ ਵੱਖਵਾਦ ਦੀ, ਸਿੱਖ ਕਦੀ ਵੀ ਵੱਖਵਾਦੀ ਨਹੀਂ ਸੀ, ਪਰ ਦੁੱਖ ਦੀ ਗੱਲ ਹੈ ਕਿ ਵਿਦੇਸ਼ੀ ਤਾਕਤਾਂ ਹਿੰਦੋਸਤਾਨ ਨੂੰ ਘੇਰਨ ਲਈ ਸਿੱਖਾਂ ਦਾ ਸਹਾਰਾ ਲੈਂਦੀਆਂ ਹਨ ਅਤੇ ਹੁਣ ਵੀ ਲੈ ਰਹੀਆਂ ਹਨ। ਅੱਜ ਪੰਜਾਬੀ ਉਹਨਾਂ ਬਚੇ-ਖੁਚੇ ਲੋਕਾਂ ਤੋਂ ਪੁੱਛਣ, ਜਿਹੜੇ ਇਸ ਲਹਿਰ ਦਾ ਸ਼ਿਕਾਰ ਹੋਏ ਹਨ, ਕਿ ਇਕ ਸਭਿਅਤਾ ਕਿਵੇਂ ਆਪਣੀ ਹੋਂਦ ਗੁਆ ਲੈਂਦੀ ਹੈ, ਜਦੋਂ ਉਹ ਸ਼ਾਂਤਮਈ ਵਿਕਾਸ ਨੂੰ ਛੱਡ ਕੇ ਹਿੰਸਾਵਾਦੀ ਸੋਚ ਦੀ ਧਾਰਨੀ ਬਣ ਜਾਂਦੀ ਹੈ। ਜੇਕਰ ਇਹ ਗੱਲ ਗਲਤ ਹੈ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਦੌਰ ਯਾਦ ਕਰੋ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਾਮਰਾਜ ਸਾਰੇ ਪੰਜਾਬੀਆਂ ਨੂੰ ਨਾਲ ਲੈ ਕੇ ਬਣਾਇਆ ਨਾ ਕਿ ਇਕੱਲੇ ਸਿੱਖਾਂ ਨੂੰ ਅੱਗੇ ਕਰਕੇ, ਕੀ ਕੋਈ ਇਸ ਤੱਥ ਨਕਾਰ ਸਕਦਾ ਹੈ?

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਚੋਣਾਂ ਤੋਂ ਪਹਿਲਾਂ ਹੀ ਡਾਂਗੋ-ਡਾਂਗੀ ਕਿਉਂ ਹੋ ਰਹੇ ਨੇ ਕਾਂਗਰਸੀ

**ਕਮਲਜੀਤ ਸਿੰਘ ਬਨਵੈਤ**

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ 3 ਜੁਲਾਈ ਨੂੰ ਬਾਗੀ ਕਾਂਗਰਸੀਆਂ ਦੀ ਹੋਈ ਮੀਟਿੰਗ ਨੂੰ ਪਾਰਟੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਬਗਾਵਤ ਕਿਹਾ ਜਾ ਸਕਦਾ ਹੈ। ਕਾਂਗਰਸ ਵਿੱਚ ਵੱਡੇ ਸਿਆਸੀ ਲੀਡਰਾਂ ਦਾ ਪੇਚਾ ਪੈਣਾ ਕੋਈ ਪਹਿਲੀ ਵਾਰ ਦੀ ਕਹਾਣੀ ਨਹੀਂ ਹੈ। ਇਸ ਤੋਂ ਪਹਿਲਾਂ ਕੈਪਟਨ -ਭੱਠਲ ਆਪਸ ਵਿੱਚ ਭਿੜਦੇ ਰਹੇ। ਉਸ ਤੋਂ ਬਾਅਦ ਸਿੱਧੂ-ਕੈਪਟਨ ਇਹ ਪੇਚ ਫਸਿਆ ਰਿਹਾ। ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੰਨੀ- ਸਿੱਧੂ ਆਹਮੋ ਸਾਹਮਣੇ ਹੋਏ। ਪਰ ਇਹ ਪਹਿਲੀ ਵਾਰ ਹੈ ਜਦੋਂ ਚੰਨੀ -ਕਾਂਗਰਸ ਹਾਈ ਕਮਾਂਡ ਦਾ ਪੇਚਾ ਪਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਪਾਰਟੀ ਹਾਈ ਕਮਾਂਡ ਦੇ ਖ਼ਿਲਾਫ਼ ਪੰਜ ਮੌਜੂਦਾ ਵਿਧਾਇਕ, ਦੋ ਦਰਜਨ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ਼ ਨੇ ਪਾਰਟੀ ਖਿਲਾਫ ਬਗਾਵਤ ਦਾ ਝੰਡਾ ਚੁੱਕਿਆ ਹੈ। ਦਿਲਚਸਪ ਗੱਲ ਇਹ ਕਿ ਮੀਟਿੰਗ ਦੌਰਾਨ ਦਿੱਲੀ ਤੋਂ ਆਏ ਫੋਨ ਦੀ ਵੀ ਪ੍ਰਵਾਹ ਨਹੀਂ ਕੀਤੀ। ਦਿੱਲੀ ਤੋਂ ਫੋਨ ਕਰਨ ਵਾਲੇ ਨੇ ਕਿਹਾ ਸੀ ਕਿ ਵੱਡਾ ਕਦਮ ਨਾ ਚੁੱਕਣਾ ਛੇਤੀਂ ਹੀ ਮਿਲਣਗੇ ਰਾਹੁਲ ਗਾਂਧੀ। ਕਾਂਗਰਸ ਹਾਈ ਕਮਾਂਡ ਵੱਲੋਂ ਨਾਲ ਦੀ ਨਾਲ ਪੰਜਾਬ ਮਾਮਲਿਆਂ ਦੇ ਇੰਚਾਰਜ਼ ਭੁਪੇਸ਼ ਬਘੇਲ ਨੂੰ ਤੂਫ਼ਾਨ ਨੂੰ ਠੱਲਣ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ ਹੈ।



ਇਹ ਪਤਾ ਹੁੰਦਿਆਂ ਹੋਇਆਂ ਵੀ ਕੇ ਭੁਪੇਸ਼ ਹਾਲੇ ਤੱਕ ਤਾਂ ਇੱਕ ਧਿਰ ਦੇ ਹੋ ਕੇ ਚਲਦੇ ਰਹੇ ਹਨ।

ਪੰਜਾਬ ਵਿੱਚ ਸਰਕਾਰ ਬਣਾਉਣ ਦੀ ਕੋਸ਼ਿਸ਼ ਵਿੱਚ ਜੁੱਟੀ ਕਾਂਗਰਸ ਹਾਈ ਕਮਾਨ ਲਈ ਆਗੂਆਂ ਨੂੰ ਇੱਕ ਮੁੱਠ ਰੱਖਣਾ ਮੁਸ਼ਕਿਲ ਹੋ ਗਿਆ। ਪੰਜਾਬ ਕਾਂਗਰਸ ਵਿੱਚ ਲੰਮੇ ਸਮੇਂ ਤੋਂ ਚੱਲ ਰਹੀ ਧੜੇਬੰਦੀ 3 ਜੁਲਾਈ ਨੂੰ ਪੂਰੀ ਤਰ੍ਹਾਂ ਜਨਤਕ ਹੋ ਗਈ। ਕਾਂਗਰਸ ਹਾਈ ਕਮਾਨ ਵੱਲੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪ੍ਰਧਾਨ ਜੀ ਅਹੁਦੇ ਤੋਂ ਨਾ ਹਟਾਏ ਜਾਣ ਦੇ ਵਿਰੋਧ ਵਿੱਚ ਪਹਿਲੀ ਤੇ ਦੂਜੀ ਕਤਾਰ ਦੇ 60 ਕਾਂਗਰਸੀ ਲੀਡਰ ਖੁੱਲ ਕੇ ਸਾਹਮਣੇ ਆ ਗਏ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ ਤਿੰਨ ਘੰਟੇ ਤੋਂ ਵੱਧ ਸਮੇਂ ਲਈ ਚੱਲੀ ਮੀਟਿੰਗ ਵਿੱਚ ਪੰਜਾਬ ਦੇ ਇਹਨਾਂ ਵੱਡੇ ਨੇਤਾਵਾਂ ਨੇ ਹਾਈ ਕਮਾਂਡ ਦੇ ਖ਼ਿਲਾਫ਼ ਰੱਜ ਕੇ ਭੜਾਸ ਕੱਢੀ।

ਸਭ ਤੋਂ ਵੱਡੀ ਗੱਲ ਇਹ ਕਿ ਕਾਂਗਰਸ ਹਾਈ ਕਮਾਨ ਵੱਲੋਂ ਪਿਛਲੇ ਦਿਨੀ ਬਣਾਈਆਂ ਕਮੇਟੀਆਂ ਦੇ ਕੋਚ ਚੇਅਰਮੈਨ ਅਤੇ ਮੈਂਬਰਾਂ ਨੇ ਆਪਣੇ ਅਸਤੀਫ਼ੇ ਲਿਖ ਕੇ ਚਰਨਜੀਤ ਸਿੰਘ ਚੰਨੀ ਦੇ ਹੱਥ ਫ਼ੜਾ ਦਿੱਤੇ। ਹੁਣ ਚਰਨਜੀਤ ਸਿੰਘ ਚੰਨੀ ਅਸਤੀਫੇ ਆਪਣੀ ਜੇਬ ਵਿੱਚ ਪਾ ਕੇ ਪਾਰਟੀ ਹਾਈ ਕਮਾਨ ਨਾਲ ਮੀਟਿੰਗ ਕਰਨਗੇ। ਸਭ ਦੇ ਸਭ ਦਾ ਸੁਰ ਤਿੱਖਾ ਸੀ ਮੀਟਿੰਗ ਵਿੱਚ ਅਤੇ ਸਭ ਨੇ ਕਾਂਗਰਸ ਦੇ ਡੁੱਬ ਜਾਣ ਉੱਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਕਾਂਗਰਸ ਦੇ ਇਤਿਹਾਸ ਵਿੱਚ ਸ਼ਾਇਦ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਪੰਜਾਬ ਦੇ ਏਡੀ ਵੱਡੀ ਗਿਣਤੀ ਵਿੱਚ ਲੀਡਰਾਂ ਨੇ ਕਿਹਾ ਕਿ ਹਾਈ ਕਮਾਨ ਦਾ ਫੈਸਲਾ ਮਨਜ਼ੂਰ ਨਹੀਂ ਅਤੇ ਰਾਜਾ ਅਮਰਿੰਦਰ ਸਿੰਘ ਵੜਿੰਗ ਨੂੰ ਪ੍ਰਧਾਨਗੀ ਤੋਂ ਲਾਂਭੇ ਕੀਤੇ ਜਾਣ ਤੱਕ ਉਹ ਰਲ ਕੇ ਚੱਲਣ ਲਈ ਤਿਆਰ ਨਹੀਂ ਹਨ।

ਪਤਾ ਲੱਗਾ ਹੈ ਕਿ ਚੰਨੀ ਦੇ ਘਰ ਰੱਖੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਕਾਂਗਰਸ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਵੱਲੋਂ ਵੱਖਰੀ ਸੁਰ ਰੱਖਣ ਵਾਲੇ ਨੇਤਾਵਾਂ ਨੂੰ ਫ਼ੋਨ ਕਰਕੇ ਅੱਗੇ ਨਾ ਵਧਣ ਦਾ ਵਾਸਤਾ ਪਾਇਆ ਗਿਆ ।ਲੇਲੜੀਆਂ ਕੱਢੀਆਂ ਗਈਆਂ। ਪਰ ਸਾਰੇ ਦੇ ਸਾਰੇ ਬਜ਼ਿੱਦ ਰਹੇ। ਮੀਟਿੰਗ ਵਿੱਚ ਕਾਂਗਰਸ ਦੇ ਉੱਪਰਲੀ ਕਤਾਰ ਦੇ ਨੇਤਾ ਤੇ ਸਾਬਕਾ ਮੰਤਰੀ ਤ੍ਰਿਪਤ ਸਿੰਘ ਬਾਜਵਾ, ਸਾਬਕਾ ਮੰਤਰੀ ਰਾਣਾ ਗੁਰਜੀਤ ਸਿੰਘ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਸਾਬਕਾ ਮੰਤਰੀ ਸੁਖ ਸਰਕਾਰੀਆ, ਸਾਬਕਾ ਡਿਪਟੀ ਮੁੱਖ ਮੰਤਰੀ ਪੀ ਸੋਨੀ, ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ, ਪਾਰਟੀ ਦੇ ਬੀਸੀ ਵਿੰਗ ਦੇ ਚੇਅਰਮੈਨ ਅੰਗਦ ਸਿੰਘ, ਸਾਬਕਾ ਵਿਧਾਇਕ ਗੁਰਕੀਰਤ ਸਿੰਘ ਕੋਟਲੀ ਅਤੇ ਸਾਬਕਾ ਵਿਧਾਇਕ ਬਰਿੰਦਰ ਢਿੱਲੋ ਸਮੇਤ ਹੋਰ ਕਈ ਵਿਧਾਇਕ ਅਤੇ ਹਲਕਾ ਇੰਚਾਰਜ਼ ਹਾਜ਼ਰ ਸਨ। ਮਰਹੂਮ ਗਾਇਕ ਸਿੱਧੂ ਮੂਸੇਵਾਲੇ ਦੇ ਫਾਦਰ ਬਲਕੌਰ ਸਿੰਘ ਵੀ ਮੀਟਿੰਗ ਵਿੱਚ ਸ਼ਾਮਿਲ ਹੋਏ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਏ ਪਰ ਦੱਸਿਆ ਜਾਂਦਾ ਹੈ ਕਿ ਉਹਨਾਂ ਨੇ ਵੀ ਪਾਰਟੀ ਹਾਈ ਕਮਾਨ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ।

ਸਾਬਕਾ ਮੁੱਖ ਮੰਤਰੀ ਚੰਨੀ ਦੇ ਘਰ ਮੋਰਿੰਡਾ ਸਥਿਤ ਪਾਰਟੀ ਦੇ ਸੀਨੀਅਰ ਆਗੂਆਂ ਮੌਜੂਦਾ ਤੇ ਸਾਬਕਾ ਵਿਧਾਇਕਾਂ ਦੀ ਕਰੀਬ ਤਿੰਨ ਘੰਟੇ ਚੱਲੀ ਮੀਟਿੰਗ ਵਿੱਚ ਲੋਕ ਸਭਾ ਦੇ ਮੈਂਬਰ ਸੁਰਿੰਦਰ ਸਿੰਘ ਰੰਧਾਵਾ ਜੀ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਹੋਈ ਮੁਲਾਕਾਤ ਨੇ ਕਾਂਗਰਸ ਹਾਈਕਮਾਨ ਦੀ ਚਿੰਤਾ ਵਧਾ ਦਿੱਤੀ ਹੈ। ਹਾਲਾਂਕਿ ਸੁਖਵਿੰਦਰ ਸਿੰਘ ਰੰਧਾਵਾ ਨੇ ਸਪਸ਼ਟ ਕੀਤਾ ਹੈ ਕਿ ਉਹਨਾਂ ਨੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨਾਲ ਸਰਹੱਦੀ ਖੇਤਰਾਂ ਦੇ ਮਸਲੇ ਅਤੇ ਸੁਰੱਖਿਆ 'ਤੇ ਗੱਲਬਾਤ ਕਰਨ ਲਈ ਜੂਨ ਵਿੱਚ ਹੀ ਸਮਾਂ ਲੈ ਲਿਆ ਸੀ। ਉਹ ਇਹ ਵੀ ਦਾਵਾ ਕਰਦੇ ਹਨ ਕਿ ਉਹਨਾਂ ਨੇ ਕੇਂਦਰੀ ਮੰਤਰੀ ਨਾਲ ਮੁਲਾਕਾਤ ਦੀ ਪਾਰਟੀ ਤੋਂ ਅਗਾਊ ਪ੍ਰਵਾਨਗੀ ਲਈ ਲੈ ਲਈ ਸੀ।

ਕਰ ਦਾਵਾ ਕਰਦੇ ਹਨ ਕਿ ਚੰਨੀ ਦੀ ਨਰਾਜ਼ਗੀ ਤੇ ਉਹਨਾਂ ਦੀ ਅਗਵਾਈ ਵਿੱਚ ਪਾਰਟੀ ਆਗੂਆਂ ਦੀ ਮੀਟਿੰਗ ਦੀਆਂ ਖਬਰਾਂ ਮਿਲਣ ਤੋਂ ਬਾਅਦ ਕਾਂਗਰਸ ਦੇ ਇੱਕ ਸੀਨੀਅਰ ਆਗੂ ਨੇ ਚੰਨੀ ਨੂੰ ਫ਼ੋਨ ਕਰਕੇ ਕੋਈ ਵੱਡਾ ਫੈਸਲਾ ਨਾ ਲੈਣ ਦੀ ਨਸੀਹਤ ਦਿੱਤੀ। ਫੋਨ ਕਰਨ ਵਾਲੇ ਆਗੂ ਨੇ ਚੰਨੀ ਨੂੰ ਭਰੋਸਾ ਦਿੱਤਾ ਹੈ ਕਿ 7 ਜੁਲਾਈ ਨੂੰ ਰਾਹੁਲ ਗਾਂਧੀ ਵਿਦੇਸ਼ ਤੋਂ ਪਰਤ ਰਹੇ ਹਨ ਉਹਨਾਂ ਦੇ ਆਉਣ ਉਪਰੰਤ ਦੋਹਾਂ ਦੀ ਮੀਟਿੰਗ ਕਰਵਾ ਦਿੱਤੀ ਜਾਵੇਗੀ। ਦੱਸਿਆ ਜਾਂਦਾ ਹੈ ਕਿ ਅਗਲੇ ਕੁਝ ਦਿਨਾਂ ਵਿੱਚ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਵੀ ਚੰਡੀਗੜ੍ਹ ਆ ਸਕਦੇ ਹਨ, ਜਿਨਾਂ ਨੂੰ ਮਾਮਲਾ ਨਿਪਟਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਇਹ ਪਹਿਲਾ ਹੀ ਤੈਅ ਸੀ ਕਿ ਇਸ ਮੀਟਿੰਗ ਵਿੱਚ ਚੰਨੀ ਵੱਲੋਂ ਪਾਰਟੀ ਛੱਡਣ ਜਾ ਬਗਾਵਤੀ ਰੁੱਖ਼ ਸਬੰਧੀ ਦੀ ਕੋਈ ਫੈਸਲਾ ਨਹੀਂ ਸੀ ਲਿਆ ਜਾਣਾ। ਇਸ ਮੀਟਿੰਗ ਦਾ ਮਤਲਬ ਸਿਰਫ ਹਾਈ ਕਮਾਨ ਉੱਤੇ ਦਬਾਅ ਬਣਾਉਣ ਦੀ ਰਣਨੀਤੀ ਦਾ ਇੱਕ ਹਿੱਸਾ ਸੀ ਇਹੀ ਕਾਰਨ ਹੈ ਕਿ ਇੰਨੇ ਆਗੂ ਆਪਣੇ ਹੱਕ ਵਿੱਚ ਇਕੱਠੇ ਹੋਣ ਦੇ ਬਾਵਜੂਦ ਚੰਨੀ ਨੇ ਕੋਈ ਸਖਤ ਐਲਾਨ ਨਹੀਂ ਕੀਤਾ ਤੇ ਨਾ ਹੀ ਪਾਰਟੀ ਲੀਡਰਸ਼ਿਪ ਜਾਂ ਪਾਰਟੀ ਖਿਲਾਫ ਖੁੱਲ ਕੇ ਕੋਈ ਗੱਲ ਕੀਤੀ। ਦਿੱਲੀ ਤੋਂ ਫੋਨ ਆਉਣ ਦੀ ਗੱਲ ਨਾਲ ਚੰਨੀ ਦਬਾਅ ਬਣਾਉਣ ਵਿੱਚ ਕਾਮਯਾਬ ਨਜ਼ਰ ਆ ਰਹੇ ਹਨ।

ਇੱਥੇ ਇਹ ਚੇਤੇ ਕਰਾਉਣਾ ਜਰੂਰੀ ਹੈ ਕਿ ਕਾਂਗਰਸ ਹਾਈ ਕਮਾਨ ਵੱਲੋਂ ਪ੍ਰਧਾਨ ਬਦਲਣ ਨੂੰ ਲੈ ਕੇ ਪੰਜਾਬ ਦੇ ਵੱਡੇ ਲੀਡਰਾਂ ਨਾਲ ਕਈ ਮੁਲਾਕਾਤਾਂ ਕੀਤੀਆਂ ਗਈਆਂ। ਇਥੋਂ ਤੱਕ ਕਿ ਪਹਿਲੀ, ਦੂਜੀ ਤੇ ਤੀਜੀ ਕਤਾਰ ਦੇ ਲੀਡਰਾਂ ਨੂੰ ਸੁਣਨ ਲਈ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ ਸੀ। ਚਰਚਾ ਹੈ ਕਿ ਮੀਟਿੰਗਾਂ ਦੌਰਾਨ ਚੰਨੀ ਨੂੰ ਪ੍ਰਧਾਨ ਬਣਾਉਣ ਅਤੇ ਵੜਿੰਗ ਨੂੰ ਲਾਂਭੇ ਕਰਨ ਦਾ ਭਰੋਸਾ ਦਿੱਤਾ ਜਾਂਦਾ ਰਿਹਾ ਪਰ ਤਿੰਨ ਦਿਨ ਪਹਿਲਾਂ ਪਾਰਟੀ ਹਾਈਕਮਾਨ ਵੱਲੋਂ ਇੱਕ ਪ੍ਰੈਸ ਨੋਟ ਜਾਰੀ ਕਰਕੇ ਰਾਜਾ ਦੀ ਪ੍ਰਧਾਨਗੀ ਬਰਕਰਾਰ ਰੱਖੀ ਗਈ ਅਤੇ ਦੂਜੇ ਨੇਤਾਵਾਂ ਨੂੰ ਕਮੇਟੀਆਂ ਦੀਆਂ ਚੇਅਰਮੈਨੀਆਂ ਅਤੇ ਕੋ ਚੇਅਰਮੈਨੀਆਂ ਦੇ ਕੇ ਪਲੋਸ ਲਿਆ ਗਿਆ ਸੀ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਪਾਰਟੀ ਹਾਈ ਕਮਾਨ ਨੇ ਫੈਸਲਾ ਲੈਣ ਵੇਲੇ ਨਿੱਜ਼ੀ ਨੇੜਤਾ, ਵਫ਼ਾਦਾਰੀ ਤੇ ਸੀਬੀਆਈ ਜਾਂ ਈਡੀ ਦੇ ਡੰਡੇ ਦੇ ਡਰ ਨੂੰ ਮੂਹਰੇ ਰੱਖਿਆ ਹੈ। ਮਾਹਿਰ ਤਾਂ ਇਹ ਵੀ ਕਹਿੰਦੇ ਹਨ ਕਿ ਜੇ ਫ਼ੈਸਲਾ ਬਦਲਣਾ ਨਹੀਂ ਸੀ ਤਾਂ ਛੇ ਮਹੀਨੇ ਕਵਾਇਦ ਚਲਾਉਣ ਦੀ ਕੋਈ ਲੋੜ ਨਹੀਂ ਸੀ, ਉਹ ਵੀ ਉਸ ਵੇਲੇ ਜਦੋਂ ਵੋਟਾਂ ਸਿਰ 'ਤੇ ਹਨ ਅਤੇ ਪਾਰਟੀ ਦਾ ਲੋਕਾਂ ਲਈ ਕੰਮ ਕਰਨਾ ਬਣਦਾ ਸੀ। ਪੰਜਾਬ ਚੋਣਾਂ ਇੱਕ ਤਰ੍ਹਾਂ ਨਾਲ ਸਿਰ 'ਤੇ ਹਨ ਤੇ ਕਾਂਗਰਸ ਆਪਣੀ ਲੜਾਈ ਵਿੱਚ ਹੋਰ ਵੀ ਬੁਰੀ ਤਰ੍ਹਾਂ ਉਲਝ ਕੇ ਰਹਿ ਗਈ ਹੈ।

ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਚੰਨੀ ਦੇ ਘਰ ਜੁੜੇ 60 ਵੱਡੇ ਸਿਰ ਕਾਂਗਰਸ ਹਾਈ ਕਮਾਨ ਦਾ ਫੈਸਲਾ ਬਦਲਾਉਣ ਤੱਕ ਜੁੜੇ ਰਹਿਣਗੇ? ਪਿਛਲੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਹਾਈ ਕਮਾਨ ਅੱਗੇ ਸੂਬਿਆਂ ਦੇ ਲੀਡਰ ਝੁਕ ਜਾਂਦੇ ਰਹੇ ਹਨ। ਪੰਜਾਬ ਕਾਂਗਰਸ ਦੀ ਗੱਲ ਕਰੀਏ ਤਾਂ ਜੇ ਹਾਈ ਕਮਾਨ ਸਿਰ ਜੋੜਨ ਵਾਲੇ ਨੇਤਾਵਾਂ ਵਿੱਚੋਂ ਕੁਝ ਇੱਕ ਨੂੰ ਸਰਕਾਰ ਆਉਣ 'ਤੇ ਵਜ਼ੀਰੀਆਂ ਜਾਂ ਚੇਅਰਮੈਨੀਆਂ ਦੇਣ ਦਾ ਚੋਗਾ ਪਾ ਦੇਵੇ ਤਾਂ ਕੀ ਇਹ ਚੰਨੀ ਨਾਲ ਰਲ ਕੇ ਤੁਰਦੇ ਰਹਿਣਗੇ। ਕੈਪਟਨ ਅਮਰਿੰਦਰ ਵਿਰੁੱਧ ਬਗ਼ਾਵਤ ਕਰਨ ਵਾਲੇ ਤੇਜ਼ ਤਰਾਰ ਨੇਤਾ ਨਵਜੋਤ ਸਿੰਘ ਸਿੱਧੂ ਅੰਤ ਨੂੰ ਕਲ-ਮ-ਕੱਲੇ ਹੀ ਨਹੀਂ ਸਨ ਪਏ ਸਗੋਂ ਉਹਨਾਂ ਦੀ ਸਿਆਸਤ ਛੱਡਣਾ ਮਜ਼ਬੂਰੀ ਬਣ ਗਈ ਸੀ। ਕਈ ਲੀਡਰ ਤਾਂ ਟਿਕਟ ਦੇ ਝਾਂਸੇ ਨਾਲ ਹੀ ਤਿੜਕ ਜਾਂਦੇ ਹਨ ।ਪਾਰਟੀ ਹਾਈ ਕਮਾਨ ਕੋਲ ਇੱਕ ਸ਼ੈਂਟਾ ਵੀ ਹੁੰਦਾ ਹੈ, ਜਿਹੜਾ ਆਮ ਲੀਡਰ ਤੋਂ ਝੱਲਿਆ ਨਹੀਂ ਜਾਂਦਾ।

## ‘ਪਰਦੇਸ ਟਾਇਮਜ਼’ ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ


| | | |
|---|---|---|
| (1) ਰਣਜੀਤ ਕੰਦੋਲਾ | (8) ਕੁਲਦੀਪ ਸਿੰਘ ਅਟਵਾਲ | (15) ਪ੍ਰੋ. ਜਸਪਾਲ ਸਿੰਘ ਸੈਣੀ |
| (2) ਇੰਦਰਜੀਤ ਸਿੰਘ, ਹੇਵਰਡ | (9) ਸੁਰਜੀਤ ਸਿੰਘ ਅਟਵਾਲ | (16) ਸੁਖਵਿੰਦਰ ਭੇਲਾ |
| (3) ਜਸਵੀਰ ਸਿੰਘ ਕੁਲਾਰ | (10) ਭੁਪਿੰਦਰ ਸਿੰਘ ਪਦਮ | (17) ਰਵਿੰਦਰ ਪਾਲ |
| (4) ਗੁਰਚਰਨ ਸਿੰਘ ਮਾਨ | (11) ਸੁਰਿੰਦਰ ਸਿੰਘ ਧਨੋਆ | (18) ਅਟਾਰਨੀ ਤਨਵੀਰ ਜੋਸ਼ੀ |
| (5) ਡਾ. ਚਰਨਜੀਤ ਸਿੰਘ ਉਪਲ | (11) ਕਸ਼ਮੀਰ ਸਿੰਘ ਧੁੱਗਾ | (19) ਰੋਜ਼ੀ ਕਮਲ ਕੌਰ |
| (6) ਪਰਮਪਾਲ ਸਿੰਘ | (13) ਬਲਦੇਵ ਸਿੰਘ ਮਾਨ | (20) ਦਵਿੰਦਰ ਸਿੰਘ ਪਾਬਲਾ |
| (7) ਸ. ਮਹਿੰਗਾ ਸਿੰਘ ਸਰਪੰਚ | (14) ਰਾਜ ਬਡਵਾਲ | |

# ਵਿਚੋਲਗੀ - ਵੱਲੋਂ 'ਪਰਦੇਸ ਟਾਇਮਜ਼'

ਪਰਦੇਸ ਟਾਇਮਜ਼ ਤੁਹਾਡੇ ਧੀਆਂ-ਪੁੱਤਰਾਂ ਨੂੰ ਚੰਗਾ ਵਰ ਲੱਭਣ 'ਚ ਤੁਹਾਡੀ ਮਦਦ ਕਰ ਸਕਦਾ ਹੈ।
ਤੁਸੀਂ ਪੂਰੇ ਵੇਰਵੇ ਸਹਿਤ ਲਿਖ ਕੇ ਭੇਜੋ ਤੇ ਅਸੀਂ ਛਾਪ ਕੇ ਕੈਲੇਫੋਰਨੀਆ ਦੇ ਸਾਰੇ ਇਲਾਕਿਆਂ 'ਚ ਤੁਹਾਡਾ ਸੁਨੇਹਾ ਪਹੁੰਚਾਵਾਂਗੇ ਤੇ ਪਰਦੇਸ ਟਾਇਮਜ਼ ਦੀ website 'ਤੇ ਵੀ ਪਾਵਾਂਗੇ।
ਫੀਸ- ਤਿੰਨ ਮਹੀਨੇ ਲਈ $ 300 ਜੋ ਪਹਿਲਾਂ ਭੇਜਣੇ ਹੋਣਗੇ। **Pay-in-Advance**
**ਸੰਪਰਕ- info@pardestimes ਜਾਂ 510-938-7771**

### ਵਰ ਦੀ ਲੋੜ

ਪੰਜਾਬੀ ਸਿੱਖ ਵੈਸ਼ਨੂੰ ਲੜਕੀ, ਵਰਕ ਪਰਮਿਟ ਤੇ ਕੈਲੇਫੋਰਨੀਆ 'ਚ ਆਰ. ਐਨ. ਨਰਸ (RN) ਦੇ ਤੌਰ 'ਤੇ ਕੰਮ ਕਰਦੀ, ਕੱਦ 5 ਫੁੱਟ 2 ਇੰਚ, ਉਮਰ 34 ਸਾਲ ਲਈ ਸਿਟੀਜ਼ਨ ਲੜਕੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਲੜਕੀ ਦੇ ਪਰਿਵਾਰ ਵਿਚ ਮਾਤਾ ਤੇ ਭਰਾ ਵੀ ਹਨ ਜੋ ਇੱਥੇ ਹੀ ਚੰਗੀਆਂ ਨੌਕਰੀਆਂ ਕਰਦੇ ਹਨ।

**ਹੋਰ ਜਾਣਕਾਰੀ ਲਈ:**
916-579-1475

### ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ 'ਚ ਰਹਿੰਦੇ ਲੜਕੇ ਲਈ ਖੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 'ਤੇ ਸੰਪਰਕ ਕਰੋ।

### ਲੜਕੀ ਦੀ ਲੋੜ

ਜੱਟ ਸਿੱਖ ਬੈਂਸ, 24 ਸਾਲਾ, 5 ਫੁੱਟ 10 ਇੰਚ ਕੱਦ, ਬਹੁਤ ਹੀ ਸੋਹਣਾ ਤੇ ਹਾਈ ਸਕੂਲ ਪਾਸ, ਜੋ ਅਮਰੀਕਾ ਵਿਚ ਪਿਛਲੇ 4 ਸਾਲਾਂ ਤੋਂ ਰਹਿ ਰਿਹਾ ਹੈ, ਕੰਮ ਕਰਦੇ ਲੜਕੇ ਲਈ ਯੋਗ ਸਿਟੀਜ਼ਨ ਲੜਕੀ ਦੀ ਲੋੜ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ
510-304-6982

### ਲੜਕੀ ਦੀ ਲੋੜ

ਜੱਟ ਸਿੱਖ, ਰਾਏ, ਲੜਕਾ, ਅਮਰੀਕਾ ਵਿਚ ਜਨਮਿਆ, ਕੱਦ 6 ਫੁੱਟ, ਸਾਫਟਵੇਅਰ ਇੰਜੀਨੀਅਰ ਅਤੇ ਫੈਮਲੀ ਬਿਜ਼ਨਸ, ਆਪਣਾ ਕਾਰੋਬਾਰ, ਲਈ ਅਮਰੀਕਾ ਵਿਚ ਰਹਿੰਦੀ ਪੜ੍ਹੀ-ਲਿਖੀ, ਕੁਆਲੀਫਾਈਡ ਲੜਕੀ ਦੀ ਲੋੜ ਹੈ।

ਸੰਪਰਕ ਕਰੋ 713-291-2102

# ਸਹਿਮਤੀ ਹੋ ਵੀ ਜਾਵੇ, ਨਹੀਂ ਘਟੇਗੀ ਕਾਂਗਰਸ ਦੀ ਧੜ੍ਹੇਬੰਦੀ



ਦਰਬਾਰਾ ਸਿੰਘ ਕਾਹਲੋਂ

ਕਾਂਗਰਸ ਹਾਈ ਕਮਾਨ ਨੇ ਇਸ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਅੰਦਰ ਧੜ੍ਹੇਬੰਦੀ ਨੂੰ ਖ਼ਤਮ ਕਰਨ ਲਈ ਗਠਿਤ ਤਿੰਨ ਮੈਂਬਰੀ ਕਮੇਟੀ, ਜਿਸ 'ਚ ਅਜੇ ਮਾਕਨ, ਮੀਨਾਕਸ਼ੀ ਨਟਰਾਜਨ ਅਤੇ ਭਜਨ ਲਾਲ ਜਾਟਵ ਸ਼ਾਮਿਲ ਸਨ, ਦੇ ਘੋਰ ਅੰਦਰੂਨੀ ਰਿੜਕਣੇ ਤੋਂ ਬਾਅਦ, ਜਿਸ ਲੀਡਰਸ਼ਿਪ ਦਾ ਐਲਾਨ ਕੀਤਾ, ਉਸ ਨੂੰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਦੂਸਰੇ ਧੜ੍ਹਿਆਂ, ਜਿਨ੍ਹਾਂ 'ਚ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਪਰਗਟ ਸਿੰਘ ਵਰਗੇ ਸ਼ਾਮਿਲ ਹਨ। ਉਨ੍ਹਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਪੰਜਾਬ ਅੰਦਰ 2027 ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਕਰ ਕੇ ਪੰਜਾਬ ਕਾਂਗਰਸ ਅੰਦਰ ਧੜ੍ਹੇਬੰਦੀ ਦੇ ਪੈਦਾ ਹੋਏ ਤਿੱਖੇ ਘਮਸਾਨ ਨੂੰ ਦੇਖਦੇ ਹੋਏ ਕਾਂਗਰਸ ਹਾਈ ਕਮਾਨ ਨੇ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੂੰ ਸਥਿਤੀ ਦਾ ਜਾਇਜ਼ਾ ਲੈਣ ਅਤੇ ਧੜ੍ਹੇਬੰਦੀ ਨੂੰ ਸ਼ਾਂਤ ਕਰਨ ਲਈ ਭੇਜਿਆ। ਉਸ ਨੂੰ ਛੇ ਦਿਨ ਪੰਜਾਬ 'ਚ ਵੱਖ-ਵੱਖ ਧੜ੍ਹਿਆਂ ਨੂੰ ਮਿਲਣ ਅਤੇ ਸਥਿਤੀ ਦੀ ਸੰਗੀਨਤਾ ਨੂੰ ਭਾਂਪਣ ਦੀ ਥਾਂ ਡਿਨਰ ਮੌਜ ਮੇਲੇ ਅਤੇ ਵੱਖ-ਵੱਖ ਟੈਲੀਵਿਜ਼ਨਾਂ 'ਤੇ ਆਪਣੀ ਸ਼ਖ਼ਸੀਅਤ ਦੇ ਪ੍ਰਚਾਰ 'ਚ ਮਸਰੂਫ਼ ਰਿਹਾ। ਉਹ ਵਾਰ-ਵਾਰ ਐਲਾਨ ਕਰ ਰਹੇ ਸਨ ਕਿ ਲੀਡਰਸ਼ਿਪ 'ਚ ਤਬਦੀਲੀ ਕੋਈ ਗੁੱਡੀ-ਗੁੱਡੇ ਦਾ ਖੇਲ੍ਹ ਨਹੀਂ ਹੁੰਦਾ। ਉਨ੍ਹਾਂ ਦੇ ਐਸੇ ਵਤੀਰੇ ਤੋਂ ਪੰਜਾਬ ਅੰਦਰ ਧੜ੍ਹੇਬੰਦੀ ਹੋਰ ਤਿੱਖੀ ਅਤੇ ਨਾਰਾਜ਼ ਆਗੂ ਹੋਰ ਖ਼ਫ਼ਾ ਹੁੰਦੇ ਵੇਖੇ ਗਏ। ਉਨ੍ਹਾਂ ਨੇ ਆਖਰੀ ਮੀਟਿੰਗ ਚੰਡੀਗੜ੍ਹ ਵਿਖੇ ਸਾਬਕਾ ਮੰਤਰੀ ਅਤੇ ਉੱਗੇ ਕਾਂਗਰਸ ਆਗੂ ਰਾਣਾ ਗੁਰਜੀਤ ਸਿੰਘ ਦੇ ਘਰ ਚਰਨਜੀਤ ਸਿੰਘ ਚੰਨੀ ਅਤੇ ਦੂਸਰੇ ਨਾਰਾਜ਼ ਧੜ੍ਹਿਆਂ ਨਾਲ ਕੀਤੀ, ਜਿਸ 'ਚ ਕਰੀਬ 90 ਨਾਰਾਜ਼ ਕਾਂਗਰਸ ਆਗੂਆਂ ਨੇ ਹਿੱਸਾ ਲਿਆ। ਇਨ੍ਹਾਂ 'ਚ 9 ਵਿਧਾਇਕ ਅਤੇ 3 ਮੌਜੂਦਾ ਮੈਂਬਰ ਪਾਰਲੀਮੈਂਟ ਵੀ ਸ਼ਾਮਿਲ ਸਨ। ਇਸ ਮੀਟਿੰਗ 'ਚ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੋ-ਟੁਕ ਕਹਿ ਦਿੱਤਾ ਕਿ ਉਨ੍ਹਾਂ ਨੂੰ ਇਸ ਸਮੇਂ ਕਾਂਗਰਸ ਦੀ ਅਗਵਾਈ ਕਰਨ ਵਾਲਾ 'ਸਮਝੌਤਾਵਾਦੀ' ਆਗੂ ਨਹੀਂ ਚਾਹੀਦਾ। ਉਨ੍ਹਾਂ ਨੂੰ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਦਲੇਰਾਨਾ ਅਤੇ ਜਾਹੋ-ਜਲਾਲ ਭਰਿਆ ਸਟੈਂਡ ਲੈਣ ਵਾਲਾ ਆਗੂ ਚਾਹੀਦਾ ਹੈ। ਸਮਝੌਤਾਵਾਦੀ ਆਗੂ ਦੀ ਪੋਲ ਉਸ ਦੇ ਨੇੜਲੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਉਸ ਦੀਆਂ ਤਸਵੀਰਾਂ ਜਾਰੀ ਕਰਦਿਆ ਖੋਲ੍ਹ ਕੇ ਰੱਖ ਦਿੱਤੀ। ਵਾਪਸੀ 'ਤੇ ਜਦੋਂ ਭੂਪੇਸ਼ ਬਘੇਲ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਧੜ੍ਹੇ ਨੂੰ ਮਿਲੇ ਤਾਂ ਉੱਥੇ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਵਿਰੋਧੀ ਧੜ੍ਹਿਆਂ ਵੱਲੋਂ ਪ੍ਰਧਾਨ ਬਦਲਣ ਸੰਬੰਧੀ ਕੋਈ ਠੋਸ ਦਲੀਲ ਪੇਸ਼ ਨਹੀਂ ਕੀਤੀ ਗਈ। ਰਹਿੰਦੀ ਕਸਰ ਉਨ੍ਹਾਂ ਨੇ ਵਾਪਸ ਹਵਾਈ ਜਹਾਜ਼ 'ਤੇ ਚੜ੍ਹਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਮੇਂ ਕੱਢ ਕੇ ਰੱਖ ਦਿੱਤੀ ਕਿ ਪੰਜਾਬ ਅੰਦਰ ਕਾਂਗਰਸ ਕੋਲ਼ ਘੱਟੋ-ਘੱਟ ਛੇ ਐਸੇ ਲੀਡਰ ਹਨ, ਜੋ ਮੁੱਖ ਮੰਤਰੀ ਬਣਨ ਦੇ ਕਾਬਲ ਹਨ। ਉਨ੍ਹਾਂ ਦੀ ਬਿਆਨਬਾਜ਼ੀ ਇਕ ਪਾਸੜ ਰਹੀ, ਜਿਸ ਤੋਂ ਪੰਜਾਬ ਅੰਦਰ ਕਾਂਗਰਸ ਨੂੰ ਵੱਡੇ ਨੁਕਸਾਨ ਦੇ ਟੱਲ ਵੱਜਦੇ ਦਿਖਾਈ ਦੇ ਰਹੇ ਹਨ, ਜਿਨ੍ਹਾਂ ਦੀ ਗੂੰਜ ਦਿੱਲੀ ਅੰਦਰ ਕਾਂਗਰਸ ਹਾਈ ਕਮਾਨ ਦੇ ਗਲਿਆਰਿਆਂ ਅੰਦਰ ਕੰਨ ਪਾੜੂ ਢੰਗ ਨਾਲ ਸੁਣਾਈ ਦੇ ਰਹੀ ਹੈ। ਇਹ ਗੂੰਜ ਸਪੱਸ਼ਟ ਸੁਨੇਹਾ ਦੇ ਰਹੀ ਹੈ ਕਿ ਜੇਕਰ ਆਉਣ ਵਾਲੇ ਦਿਨਾਂ 'ਚ ਹਾਈ ਕਮਾਨ ਨੇ ਪੰਜਾਬ ਸਬੰਧੀ ਆਪਣੇ ਫ਼ੈਸਲੇ 'ਤੇ ਨਜ਼ਰਸਾਨੀ ਨਾ ਕੀਤੀ ਤਾਂ ਪੰਜਾਬ ਕਾਂਗਰਸ ਹੱਥੋਂ ਖੁੱਸਿਆ ਕਿ ਖੁੱਸਿਆ... ਸ਼ਾਇਦ ਪੰਜਾਬ ਅੰਦਰ ਕਾਂਗਰਸ ਰਾਜਨੀਤਕ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਬਾਰੇ ਲੋਕ ਬਹੁਤ ਘੱਟ ਜਾਣਦੇ ਹੋਣ। ਇਹ ਵਿਅਕਤੀ ਛਤੀਸਗੜ੍ਹ ਰਾਜ ਦਾ ਸਾਬਕਾ ਮੁੱਖ ਮੰਤਰੀ ਹੈ। ਸਾਲ 2018 'ਚ ਕਾਂਗਰਸ ਪਾਰਟੀ ਨੇ ਇਸ ਰਾਜ ਦੀਆਂ ਵਿਧਾਨ ਸਭਾ ਚੋਣਾਂ 'ਚ ਵੱਡੀ ਜਿੱਤ ਪ੍ਰਾਪਤ ਕੀਤੀ ਸੀ। ਉਸ ਸਮੇਂ ਮੁੱਖ ਮੰਤਰੀ ਅਹੁਦੇ ਦੇ ਦੋ ਪ੍ਰਮੁੱਖ ਦਾਵੇਦਾਰ ਸਨ, ਜਿਨ੍ਹਾਂ 'ਚੋਂ ਇਕ ਭੂਪੇਸ਼ ਬਘੇਲ ਅਤੇ ਦੂਸਰਾ ਟੀਐੱਸ ਸਿੰਘ ਦੇਉ ਸੀ। ਦੋਵਾਂ 'ਚ ਮੁੱਖ ਮੰਤਰੀਸ਼ਿਪ ਦੇ ਤਿੱਖੇ ਦਵੰਦ ਨੂੰ ਹੱਲ ਕਰਨ ਲਈ ਕਾਂਗਰਸ ਹਾਈ ਕਮਾਨ ਨੇ ਅੱਧਾ-ਅੱਧਾ ਸਮਾਂ ਦੋਹਾਂ ਨੂੰ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਸੁਣਾਇਆ, ਜੋ ਇਨ੍ਹਾਂ ਨੇ ਸਵੀਕਾਰ ਕਰ ਲਿਆ। ਪਹਿਲਾਂ ਭੂਪੇਸ਼ ਬਘੇਲ ਨੇ ਮੁੱਖ ਮੰਤਰੀਸ਼ਿਪ ਦੀ ਕਮਾਨ ਸੰਭਾਲੀ ਪਰ ਸਮਾਂ ਪੂਰਾ ਹੋਣ 'ਤੇ ਉਸ 'ਤੇ ਕਬਜ਼ਾ ਕਰ ਲਿਆ। ਕਮਜ਼ੋਰ ਹਾਈ ਕਮਾਨ ਦੀ ਉਸ ਨੂੰ ਬਦਲਣ ਦੀ ਜੁਅਰਤ ਨਾ ਪਈ। ਉਸ ਨੇ ਐਨ ਚੋਣਾਂ ਤੋਂ ਪਹਿਲਾਂ ਟੀਐੱਸ ਸਿੰਘ ਦੇਉ ਨੂੰ ਜੂਨ 2023 'ਚ ਉਪ ਮੁੱਖ ਮੰਤਰੀ ਥਾਪ ਦਿੱਤਾ। ਧੜ੍ਹੇਬੰਦੀ ਕਰਕੇ 2023 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਬੁਰੀ ਤਰ੍ਹਾਂ ਹਾਰੀ। ਭਾਜਪਾ ਨੇ ਜਿੱਤ ਪ੍ਰਾਪਤ ਕੀਤੀ ਅਤੇ ਵਿਸ਼ਨੂ ਸਾਈ ਦੇਵ ਮੁੱਖ ਮੰਤਰੀ ਬਣੇ। ਕਾਂਗਰਸ ਪਾਰਟੀ ਅੰਦਰ ਦੇਸ਼ ਦੀ ਵੰਡ ਬਾਅਦ ਲਗਾਤਾਰ ਲੰਬਾ ਸਮਾਂ ਸੱਤਾ 'ਚ ਰਹਿਣ ਕਾਰਨ ਸਤਰਾਪ ਸਿਸਟਮ (ਤਾਕਤਵਰ ਖੇਤਰੀ ਆਗੂ) ਭਾਰੂ ਰਿਹਾ ਹੈ। ਇਨ੍ਹਾਂ 'ਚ ਦੱਖਣੀ ਭਾਰਤ ਸਬੰਧਤ ਕੇ ਕਾਮਰਾਜ ਸਰਬਉੱਚ ਸਤਰਾਪ ਵਜੋਂ ਮਸ਼ਹੂਰ ਰਿਹਾ ਹੈ। ਉਸ ਨੇ ਅਤੇ ਉਸ ਤੋਂ ਬਾਅਦ ਕਈ ਖੇਤਰੀ ਸਤਰਾਪਾਂ ਨੇ ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਨਰਸਿਮਾ ਰਾਓ ਕਾਂਗਰਸ ਪ੍ਰਧਾਨਾ ਅਤੇ ਪ੍ਰਧਾਨ ਮੰਤਰੀ ਦੀ ਪਰਵਾਹ ਨਹੀਂ ਸੀ ਕੀਤੀ। ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਤਾਂ ਅਕਸਰ ਕਾਂਗਰਸ ਸਤਰਾਪ ਟਿੱਚ ਕਰਕੇ ਜਾਣਦੇ ਰਹੇ ਹਨ। ਇਨ੍ਹਾਂ 'ਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਸਾਬਕਾ ਪ੍ਰਧਾਨ ਅਤੇ ਮੁੱਖ ਮੰਤਰੀ ਰਹੇ ਕੈਪਟਨ ਅਮਰਿੰਦਰ ਸਿੰਘ ਸ਼ਾਮਿਲ ਹਨ ਪਰ ਸਤੰਬਰ, 2021 'ਚ ਸੋਨੀਆ ਗਾਂਧੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਤੋਂ ਅਸਤੀਫ਼ਾ ਮੰਗ ਕੇ ਉਸ ਨੂੰ ਸਣੇ ਕੁਰਸੀ ਮੁੱਖ ਮੰਤਰੀਸ਼ਿਪ ਤੋਂ ਬਾਹਰ ਕਰਨ ਨਾਲ ਕਾਂਗਰਸ ਪਾਰਟੀ ਤੇ ਨਹਿਰੂ-ਗਾਂਧੀ ਪਰਿਵਾਰ ਅਤੇ ਕਾਂਗਰਸ ਹਾਈ ਕਮਾਨ ਦੀ ਪਕੜ ਨੂੰ ਮੁੜ ਬਹਾਲ ਕਰ ਲਿਆ ਪਰ ਉਸ ਤੋਂ ਬਾਅਦ ਸਹੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਦੀ ਚੋਣ ਨਾ ਕਰਕੇ ਉਹ ਵੱਡਾ ਟਪਲਾ ਖਾ ਗਏ, ਜਿਸ ਦਾ ਖ਼ਮਿਆਜ਼ਾ ਅੱਜ ਤੱਕ ਪਾਰਟੀ ਨੂੰ ਪੰਜਾਬ ਅੰਦਰ ਭੁਗਤਣਾ ਪੈ ਰਿਹਾ ਹੈ। ਉਸ ਸਮੇਂ ਜੇਕਰ ਸੁਨੀਲ ਜਾਖੜ ਨੂੰ ਰਾਜ ਦਾ ਮੁੱਖ ਮੰਤਰੀ ਥਾਪ ਦਿੱਤਾ ਹੁੰਦਾ ਤਾਂ ਅੱਜ ਪੰਜਾਬ ਕਾਂਗਰਸ ਨੂੰ ਐਸੇ ਤਿੱਖੇ ਧੜ੍ਹੇਬੰਦੀ ਅਤੇ ਘਮਸਾਨ ਭਰੇ ਦਿਨ ਵੇਖਣੇ ਨਾ ਮਿਲਦੇ। ਕੇਰਲ ਅੰਦਰ ਹੋਈਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀ ਅਗਵਾਈ ਵਾਲੇ ਗਠਜੋੜ ਨੂੰ ਵੱਡੀ ਜਿੱਤ ਹਾਸਲ ਹੋਈ। ਰਾਜ 'ਚ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਕਾਂਗਰਸ ਹਾਈ ਕਮਾਨ ਨੇ ਰਾਹੁਲ ਗਾਂਧੀ ਦੀ ਅਗਵਾਈ 'ਚ ਇੱਕ ਬਹੁਤ ਸ਼ਲਾਘਾਯੋਗ ਫ਼ੈਸਲਾ ਲਿਆ। ਇਸ ਅਹੁਦੇ ਲਈ ਤਿੰਨ ਉਮੀਦਵਾਰ ਮੈਦਾਨ 'ਚ ਸਨ, ਜਿਨ੍ਹਾਂ 'ਚ ਕਾਂਗਰਸ ਪਾਰਟੀ ਜਨਰਲ ਸਕੱਤਰ ਕੇਸੀ ਵੇਣੂ ਗੋਪਾਲ, ਰਮੇਸ਼ ਚਨੀਥਾਲਾ ਅਤੇ ਵੀਡੀ ਸਾਥੀਸਨ ਸ਼ਾਮਲ ਸਨ। ਰਾਜ ਦੇ ਲੋਕ ਵੀਡੀ ਸਾਥੀ ਸਨ ਦੇ ਹੱਕ 'ਚ ਸਨ, ਸੋ ਹਾਈ ਕਮਾਨ ਨੇ ਉਸ ਨੂੰ ਮੁੱਖ ਮੰਤਰੀ ਥਾਪ ਕੇ ਠੀਕ ਫ਼ੈਸਲਾ ਲਿਆ। ਕਰਨਾਟਕ 'ਚ ਸਨ 2023 ਦੀਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੇ ਜਿੱਤ ਪ੍ਰਾਪਤ ਕੀਤੀ ਪਰ ਦੋ ਤਾਕਤਵਰ ਆਗੂ ਮੁੱਖ ਮੰਤਰੀਸ਼ਿਪ ਦੇ ਦਾਅਵੇਦਾਰ ਸਨ। ਇਸ ਟਕਰਾਅ ਨੂੰ ਦੂਰ ਕਰਨ ਲਈ ਹਾਈ ਕਮਾਨ ਨੇ ਛੱਤੀਸਗੜ੍ਹ ਵਾਂਗ ਅੱਧੇ-ਅੱਧੇ ਸਮੇਂ ਲਈ ਸਿੱਧਾਮਰਈਆ ਅਤੇ ਡੀਕੇ ਸ਼ਿਵ ਕੁਮਾਰ ਨੂੰ ਮੁੱਖ ਮੰਤਰੀ ਬਣਾਉਣ ਦਾ ਫ਼ੈਸਲਾ ਸੁਣਾਇਆ। ਹਿਲਾਂ ਸਿੱਧਾਮਰਈਆ ਮੁੱਖ ਮੰਤਰੀ ਬਣੇ। ਉਨ੍ਹਾਂ ਮੁੱਖ ਮੰਤਰੀਸ਼ਿਪ ਨਾ ਛੱਡਣ ਲਈ ਬੜੇ ਹੱਥ ਪੈਰ ਮਾਰੇ ਪਰ ਕਾਂਗਰਸ ਹਾਈ ਕਮਾਨ ਨੇ ਸਖ਼ਤੀ ਨਾਲ ਫ਼ੈਸਲਾ ਲੈਂਦੇ ਉਨ੍ਹਾਂ ਨੂੰ 28 ਮਈ 2026 ਨੂੰ ਅਸਤੀਫ਼ਾ ਦੇਣ ਲਈ ਰਾਜ਼ੀ ਕਰ ਲਿਆ ਅਤੇ ਰਹਿੰਦੇ ਸਮੇਂ ਲਈ ਡੀਕੇ ਸ਼ਿਵ ਕੁਮਾਰ ਨੂੰ ਮੁੱਖ ਮੰਤਰੀ ਥਾਪ ਦਿੱਤਾ, ਜਿਨ੍ਹਾਂ ਤਿੰਨ ਜੂਨ 2026 ਨੂੰ ਆਪਣਾ ਅਹੁਦਾ ਸੰਭਾਲ ਲਿਆ। ਇਸ ਸਮੇਂ ਪੰਜਾਬ ਕਾਂਗਰਸ ਨੂੰ ਇਕ ਨੌਜਵਾਨ ਦੂਰ ਅੰਦੇਸ਼ ਅੱਗ ਫੱਕਣ ਵਾਲਾ ਅਤੇ ਰਾਤ ਦਿਨ ਇਕ ਕਰ ਕੇ ਸਖ਼ਤ ਮੁਸ਼ੱਕਤ ਕਰਨ ਵਾਲਾ ਆਗੂ ਦਰਕਾਰ ਹੈ। ਜੇਕਰ ਪੰਜਾਬ ਅੰਦਰ ਕੁਝ ਸਮਾਂ ਪਹਿਲਾਂ ਹੋਈਆਂ ਮਿਊਂਸਿਪਲ ਚੋਣਾਂ 'ਚ ਕਿਸੇ ਨੌਜਵਾਨ ਆਗੂ ਨੇ ਸਾਰੇ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਤਾਨਾਸ਼ਾਹੀ ਦੇ ਬਾਵਜੂਦ ਦਮ ਦਿਖਾਇਆ ਹੈ ਤਾਂ ਉਹ ਹੈ ਗੁਰਦਾਸਪੁਰ ਹਲਕੇ ਤੋਂ ਦੂਸਰੀ ਵਾਰ ਚੁਣਿਆ ਗਿਆ ਵਿਧਾਇਕ ਨੌਜਵਾਨ ਬਰਿੰਦਰਜੀਤ ਸਿੰਘ ਪਾਹੜਾ ਜਿਸ ਨੇ ਗੁਰਦਾਸਪੁਰ ਦੇ 28 ਵਾਰਡਾਂ 'ਚੋਂ 21 ਤੇ ਜਿੱਤ ਪ੍ਰਾਪਤ ਕਰਕੇ ਕਾਂਗਰਸ ਪ੍ਰਧਾਨ ਬਣਾਇਆ। ਉਸ ਦੀ ਇਸ ਜਿੱਤ ਨੇ ਸਾਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਕਿਉਂਕਿ ਆਮ ਆਦਮੀ ਪਾਰਟੀ ਦੇ ਇਸ ਵਰਤਾਰੇ ਅੱਗੇ ਚਰਨਜੀਤ ਚੰਨੀ, ਰਾਣਾ ਗੁਰਜੀਤ ਅਤੇ ਪ੍ਰਤਾਪ ਬਾਜਵਾ ਵਰਗੇ ਧੁਰੰਦਰ ਢਹਿ ਢੇਰੀ ਹੋ ਗਏ। ਇਵੇਂ ਹੀ ਦੀਨਾ ਨਗਰ ਹਲਕੇ ਦੀ ਚੌਥੀ ਵਾਰ ਬਣੀ ਵਿਧਾਇਕ ਬੀਬੀ ਅਰੁਣਾ ਚੌਧਰੀ ਨੇ ਦੀਨਾ ਨਗਰ ਮਿਊਂਸਿਪਲ ਚੋਣਾਂ 'ਚ ਜਿੱਤ ਪ੍ਰਾਪਤ ਕਰ ਕੇ ਕਾਂਗਰਸ ਪ੍ਰਧਾਨ ਬਣਾਇਆ। ਕਾਂਗਰਸ ਪਾਰਟੀ ਨੂੰ ਗਤੀਸ਼ੀਲ ਨੌਜਵਾਨ ਆਗੂ ਬਰਿੰਦਰਮੀਤ ਸਿੰਘ ਪਾਹੜਾ ਨੂੰ ਉਸ ਦੇ ਕੰਮ ਕਾਰਨ ਦੇ ਢੰਗ, ਦੂਰ ਅੰਦੇਸ਼ੀ ਅਤੇ ਜਨਤਕ ਤਾਲਮੇਲ ਦੀ ਸ਼ਲਾਘਾਯੋਗ ਕੀਰਤੀ ਦੇ ਮੱਦੇਨਜ਼ਰ ਉਸ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਸੌਂਪ ਦੇਣੀ ਚਾਹੀਦੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਉਸ ਦੇ ਹੱਕ 'ਚ ਦਸਤਬਰਦਾਰ ਹੋ ਜਾਣਾ ਹੀ ਕਾਂਗਰਸ ਦੇ ਭਵਿੱਖ ਲਈ ਚੰਗਾ ਹੋਵੇਗਾ। ਅਰੁਣਾ ਚੌਧਰੀ ਨੂੰ ਵਿਧਾਨ ਸਭਾ ਚੋਣਾਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਦੀ ਕਮੇਟੀ ਦੀ ਮੁਖੀ ਬਣਾ ਦੇਣਾ ਚਾਹੀਦਾ ਹੈ। ਅਜਿਹੇ ਨਿਰਪੱਖ, ਗਤੀਸ਼ੀਲ ਅਤੇ ਦੂਰ ਅੰਦੇਸ਼ ਆਗੂਆਂ ਦੇ ਹੱਥ ਕਾਂਗਰਸ ਪਾਰਟੀ ਦਾ ਭਵਿੱਖ ਪੰਜਾਬ 'ਚ ਸੁਰਖਿਅਤ ਰਹਿ ਸਕਦਾ ਹੈ।

# ਸੱਚ ਬੋਲਣ ਅਤੇ ਸੱਚ ਬਣਾਉਣ ਵਿਚ ਬੜਾ ਫਰਕ ਹੈ

**ਅਰਵਿੰਦਰ ਜੌਹਲ**

ਪਿਛਲਾ ਹਫ਼ਤਾ ਮੀਡੀਆ ਤੇ ਸੋਸ਼ਲ ਮੀਡੀਆ ਵਿੱਚ 'ਸਤਲੁਜ' ਫਿਲਮ, ਜਿਸ ਦਾ ਪਹਿਲਾਂ ਨਾਂ 'ਪੰਜਾਬ-95' ਅਤੇ ਇਸ ਤੋਂ ਵੀ ਪਹਿਲਾਂ 'ਘੱਲੂਘਾਰਾ' ਰੱਖਿਆ ਗਿਆ ਸੀ, ਨੂੰ ਜ਼ੀ-5 ਤੋਂ ਦੋ ਦਿਨਾਂ ਦੇ ਅੰਦਰ ਅੰਦਰ ਹਟਾਏ ਜਾਣ ਅਤੇ ਇਸ ਦੀ ਸਰਟੀਫਿਕੇਸ਼ਨ ਬਾਰੇ ਪੈਦਾ ਹੋਏ ਬਹੁਤ ਸਾਰੇ ਸਵਾਲਾਂ ਵਿੱਚ ਲੰਘਿਆ। ਇਸ ਮੁੱਦੇ ਨੂੰ ਲੈ ਕੇ ਪੈਦਾ ਹੋਏ ਸਵਾਲਾਂ ਦਾ ਕਿਸੇ ਵੱਲੋਂ ਕੋਈ ਠੋਸ ਤੇ ਪ੍ਰਮਾਣਿਕ ਜਵਾਬ ਨਹੀਂ ਦਿੱਤਾ ਗਿਆ। ਇਨ੍ਹਾਂ ਸਵਾਲਾਂ ਦੇ ਨਾ ਮਿਲਣ ਵਾਲੇ ਜਵਾਬਾਂ ਤੋਂ ਵੀ ਅੱਗੇ ਜਾਂਦਿਆਂ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣਾ ਨਫ਼ਾ ਨੁਕਸਾਨ ਦੇਖਦਿਆਂ ਸਿਆਸੀ ਪੈਂਤੜੇ ਅਪਣਾ ਕੇ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਮਾਹੌਲ ਭਖਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਹੈ।

ਵਿਵਾਦ ਦਾ ਮੁੱਦਾ ਬਣੀ ਫਿਲਮ 'ਸਤਲੁਜ' ਦੀ ਗੱਲ ਕਰਨ ਤੋਂ ਪਹਿਲਾਂ ਫਿਲਮਸਾਜ਼ੀ ਬਾਰੇ ਗੱਲ ਕਰੀਏ ਤਾਂ ਕੋਈ ਵੀ ਫਿਲਮਸਾਜ਼ ਸਭ ਤੋਂ ਪਹਿਲਾਂ ਫਿਲਮ ਦੀ ਕਹਾਣੀ, ਉਸ ਦੇ ਸੰਦਰਭ, ਕਥਾਨਕ, ਪਾਤਰਾਂ ਤੇ ਘਟਨਾਵਾਂ ਨੂੰ ਆਪਣੀ ਕਲਪਨਾ 'ਚ ਸਾਕਾਰ ਕਰਦਾ ਹੈ ਅਤੇ ਫਿਰ ਉਸ ਨੂੰ ਆਪਣੀ ਸਿਰਜਣਸ਼ੀਲਤਾ ਤੇ ਸੁਹਜਾਤਮਕਤਾ ਨਾਲ ਇਉਂ ਪੇਸ਼ ਕਰਦਾ ਹੈ ਕਿ ਉਹ ਦਰਸ਼ਕਾਂ ਦਾ ਦਿਲ ਟੁੰਬ ਲਏ। ਇਸ ਫਿਲਮ ਦਾ ਆਧਾਰ ਪੰਜਾਬ ਦੀਆਂ 1990ਵਿਆਂ ਦੇ ਮੱਧ ਦੀਆਂ ਘਟਨਾਵਾਂ ਹਨ, ਜਿਨ੍ਹਾਂ 'ਤੇ ਪੰਜਾਬ ਵਿੱਚ ਅੱਸੀਵਿਆਂ ਤੋਂ ਸ਼ੁਰੂ ਹੋਏ ਕਾਲੇ ਦੌਰ ਦਾ ਵੀ ਗੂੜ੍ਹਾ ਪਰਛਾਵਾਂ ਸੀ। ਇਸ ਫਿਲਮ ਨੂੰ ਬਣਾਉਣ ਮਗਰੋਂ ਇਸ ਨੂੰ ਪ੍ਰਦਰਸ਼ਿਤ ਕਰਨ ਦੀ ਗੱਲ ਕਰੀਏ ਤਾਂ ਇਸ ਫਿਲਮ ਦਾ ਸਮੁੱਚਾ ਸਫ਼ਰ ਹੀ ਬਹੁਤ ਦੁਸ਼ਵਾਰੀਆਂ ਭਰਿਆ ਰਿਹਾ ਹੈ। ਇਸ ਫਿਲਮ ਦੀ ਸ਼ੂਟਿੰਗ ਜਨਵਰੀ 2022 'ਚ ਸ਼ੁਰੂ ਹੋਈ ਅਤੇ ਦਸੰਬਰ 2022 ਤੱਕ ਮੁਕੰਮਲ ਹੋ ਗਈ ਸੀ।

ਫਿਲਮ 'ਸਤਲੁਜ' ਦੇ ਡਾਇਰੈਕਟਰ ਹਨੀ ਤ੍ਰੇਹਨ ਨੇ ਏਸ਼ਿਆਈ ਮਨੋਰੰਜਨ ਜਗਤ ਬਾਰੇ ਫਰੀਲਾਂਸ ਰਿਪੋਰਟਿੰਗ ਕਰਨ ਵਾਲੀ ਹੰਨਾ ਅਬਰਾਹਮ, ਜਿਸ ਦੀਆਂ ਰਿਪੋਰਟਾਂ ਤੇ ਲੇਖ 'ਦਿ ਗਾਰਡੀਅਨ', 'ਵੈਰਾਇਟੀ' ਅਤੇ ਔਨਲਾਈਨ ਐਂਟਰਟੇਨਮੈਂਟ ਨਿਊਜ਼ ਮੈਗਜ਼ੀਨ 'ਡੈੱਡਲਾਈਨ ਹੌਲੀਵੁੱਡ' ਵਿੱਚ ਪ੍ਰਕਾਸ਼ਿਤ ਹੁੰਦੀਆਂ ਹਨ, ਨੂੰ ਹਾਲ ਹੀ ਵਿੱਚ ਦਿੱਤੀ ਇੱਕ ਇੰਟਰਵਿਊ 'ਚ ਦੱਸਿਆ ਸੀ ਕਿ ਇਸ 5 ਜੁਲਾਈ ਨੂੰ ਸ਼ਾਮ ਅੱਠ ਵਜੇ ਦੇ ਕਰੀਬ ਉਸ ਨੂੰ ਇੱਕ ਫੋਨ ਆਇਆ। ਪਹਿਲਾਂ ਹੀ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਕੁਝ ਨਾ ਕੁਝ ਗੜਬੜ ਹੈ। ਉਸ ਦੇ ਦਿਲ ਦੇ ਕਰੀਬ ਇਸ ਫਿਲਮ ਨੂੰ ਅਜੇ 48 ਘੰਟੇ ਪਹਿਲਾਂ 3 ਜੁਲਾਈ ਨੂੰ ਹੀ ਜ਼ੀ-5 ਟੀ ਟੀ ਪਲੈਟਫਾਰਮ 'ਤੇ ਪ੍ਰਦਰਸ਼ਿਤ ਕੀਤਾ ਗਿਆ ਸੀ ਅਤੇ ਫਿਰ 5 ਜੁਲਾਈ ਨੂੰ ਹੀ ਰਾਤ 9 ਵਜੇ ਉਸ ਨੂੰ ਦੱਸਿਆ ਗਿਆ ਕਿ ਉਹ (ਜ਼ੀ-5 ਦੇ ਪ੍ਰਬੰਧਕ) ਸਰਕਾਰ ਦੇ ਦਬਾਅ ਕਾਰਨ ਪਲੈਟਫਾਰਮ ਤੋਂ ਫਿਲਮ ਨੂੰ ਹਟਾ ਰਹੇ ਹਨ। ਕੇਂਦਰ ਵੱਲੋਂ ਇਸ ਬਾਰੇ ਕਾਇਮ ਕੀਤੀ ਗਈ ਕਮੇਟੀ ਨੇ ਵੀ ਸ਼ਨਿੱਚਰਵਾਰ ਨੂੰ ਆਪਣੀ ਰਿਪੋਰਟ ਵਿੱਚ ਫਿਲਮ 'ਤੇ ਪਾਬੰਦੀ ਨੂੰ ਸਹੀ ਠਹਿਰਾਉਂਦਿਆਂ ਔਨਲਾਈਨ ਸਟਰੀਮਿੰਗ ਪਲੇਟਫਾਰਮ ਰਾਹੀਂ ਇਸ ਦੀ ਜਨਤਕ ਪਹੁੰਚ 'ਤੇ ਪਾਬੰਦੀ ਜਾਰੀ ਰੱਖਣ ਦੀ ਸਿਫ਼ਾਰਿਸ਼ ਕੀਤੀ ਹੈ। ਕਮੇਟੀ ਦਾ ਕਹਿਣਾ ਹੈ ਕਿ ਇਹ ਫਿਲਮ ਦੇਸ਼ ਦੀ ਖ਼ੁਦਮੁਖਤਿਆਰੀ ਤੇ ਅਖੰਡਤਾ ਦੇ ਖ਼ਿਲਾਫ਼ ਹੈ ਅਤੇ ਇਹ ਪਾਬੰਦੀ ਸੂਚਨਾ ਤਕਨਾਲੋਜੀ ਕਾਨੂੰਨ ਦੀ ਧਾਰਾ 69ਏ ਤਹਿਤ ਵਾਜਬ ਹੈ, ਜਿਸ ਅਧੀਨ ਸਰਕਾਰ ਨੂੰ ਦੇਸ਼ ਦੀ ਖ਼ੁਦਮੁਖਤਿਆਰੀ, ਅਖੰਡਤਾ ਅਤੇ ਸੁਰੱਖਿਆ ਨੂੰ ਖ਼ਤਰੇ ਦੇ ਆਧਾਰ 'ਤੇ ਕਿਸੇ ਵੀ ਔਨਲਾਈਨ ਕੰਟੈਂਟ ਨੂੰ ਬਲੌਕ ਕਰਨ ਦਾ ਅਧਿਕਾਰ ਹੈ।

ਉਂਜ, ਟੀ ਟੀ ਪਲੇਟਫਾਰਮਾਂ 'ਤੇ ਪਾਈ ਜਾਂਦੀ ਸਮੱਗਰੀ 'ਤੇ ਭਾਰਤ ਵਿੱਚ ਬਹੁਤੀ ਸਖ਼ਤ ਨਿਗਰਾਨੀ ਨਹੀਂ ਹੈ। ਸਾਲ 2019 'ਚ ਕਰਨਾਟਕ ਹਾਈਕੋਰਟ ਨੇ ਡਿਜੀਟਲ ਸਮੱਗਰੀ ਨੂੰ ਨਿਯਮਿਤ ਕਰਨ ਲਈ ਦਾਇਰ ਕੀਤੀ ਗਈ ਰਿੱਟ ਪਟੀਸ਼ਨ ਨੂੰ ਖਾਰਜ ਕਰਦਿਆਂ ਆਖਿਆ ਸੀ ਕਿ ਸਿਨੇਮੈਟੋਗਰਾਫ ਐਕਟ ਅਧੀਨ ਫਿਲਮ ਦੀ ਜਨਤਕ ਸਕਰੀਨਿੰਗ ਅਤੇ ਟੀ ਟੀ ਪਲੈਟਫਾਰਮਾਂ 'ਤੇ ਨਿੱਜੀ ਤੌਰ 'ਤੇ ਸਮੱਗਰੀ ਦੇਖਣ ਵਿੱਚ ਬਹੁਤ ਫ਼ਰਕ ਹੈ। ਉਦੋਂ ਸਰਕਾਰ ਨੇ ਵੀ ਪਟੀਸ਼ਨਰ ਦੀ ਦਲੀਲ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਪਟੀਸ਼ਨਰ ਵੱਲੋਂ ਪ੍ਰਗਟਾਏ ਗਏ ਤੌਖ਼ਲਿਆਂ ਨੂੰ ਆਈ ਟੀ ਐਕਟ ਦੂਰ ਕਰਦਾ ਹੈ। ਖ਼ੈਰ, ਹਨੀ ਤ੍ਰੇਹਨ ਨੇ ਪਹਿਲੀ ਵਾਰ ਕਿਸੇ ਇੰਟਰਵਿਊ 'ਚ ਫਿਲਮ ਨੂੰ ਇਸ ਪਲੇਟਫਾਰਮ ਤੋਂ ਹਟਾਏ ਜਾਣ ਦਾ ਸਪੱਸ਼ਟ ਕਾਰਨ ਦੱਸਿਆ ਸੀ। ਦੂਜੇ ਪਾਸੇ ਜ਼ੀ-5 ਵੱਲੋਂ ਜਨਤਕ ਤੌਰ 'ਤੇ ਫਿਲਮ ਨੂੰ ਹਟਾਏ ਜਾਣ ਦਾ ਕਾਰਨ 'ਮੌਜੂਦਾ ਘਟਨਾਕ੍ਰਮ' ਦੱਸਿਆ ਗਿਆ ਸੀ। ਧਰ, ਤ੍ਰੇਹਨ ਦਾ ਕਹਿਣਾ ਹੈ, ''ਮੈਨੂੰ ਲੱਗਦਾ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਇਹ ਫਿਲਮ ਖ਼ੁਦ ਤੋਂ ਕਿਤੇ ਵੱਡੀ ਬਣ ਗਈ ਹੈ। ਹੁਣ ਇਹ ਇੱਕ ਫਿਲਮ ਨਹੀਂ ਰਹੀ ਸਗੋਂ ਇੱਕ ਭਾਵਨਾ ਬਣ ਗਈ ਹੈ।''



ਇਹ ਫਿਲਮ ਪੰਜਾਬ ਦੇ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ, ਜਿਸ ਨੇ ਸੂਬੇ ਵਿੱਚ ਖਾੜਕੂਵਾਦ ਦੇ ਦੌਰ 'ਚ ਨੌਜਵਾਨਾਂ ਨੂੰ ਪੁਲੀਸ ਵੱਲੋਂ ਝੂਠੇ ਮੁਕਾਬਲਿਆਂ 'ਚ ਮਾਰ ਕੇ ਤੇ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਉਨ੍ਹਾਂ ਦਾ ਸਸਕਾਰ ਕੀਤੇ ਜਾਣ ਦਾ ਕਰੂਰ ਅਮਲ ਲੋਕਾਂ ਸਾਹਮਣੇ ਲਿਆਂਦਾ ਸੀ। ਉਸ ਨੇ ਸ਼ਮਸ਼ਾਨਘਾਟਾਂ ਤੋਂ ਉਹ ਅੰਕੜੇ ਹਾਸਲ ਕੀਤੇ, ਜਿੱਥੇ ਹਜ਼ਾਰਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਦੱਸ ਕੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਸੀ। ਖਾਲੜਾ ਅਨੁਸਾਰ, ਉਸ ਕਾਲੇ ਦੌਰ ਦੌਰਾਨ ਪੰਜਾਬ ਦੇ ਕੋਈ 25,000 ਨੌਜਵਾਨਾਂ ਦਾ ਇਹੋ ਹਸ਼ਰ ਹੋਇਆ ਸੀ।

ਹਨੀ ਤ੍ਰੇਹਨ ਲਈ 'ਸਤਲੁਜ' ਫਿਲਮ ਨੂੰ ਲੈ ਕੇ ਪ੍ਰੇਸ਼ਾਨੀਆਂ ਦਾ ਦੌਰ ਤਾਂ ਉਦੋਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਦਸੰਬਰ 2022 ਵਿੱਚ ਉਸ ਨੇ ਇਹ ਫਿਲਮ ਸਰਟੀਫਿਕੇਟ ਲੈਣ ਲਈ ਸੀ ਬੀ ਐੱਫ ਸੀ (ਸੈਂਟਰਲ ਬੋਰਡ ਔਫ ਫਿਲਮ ਸਰਟੀਫਿਕੇਸ਼ਨ) ਕੋਲ ਜਮ੍ਹਾਂ ਕਰਵਾ ਦਿੱਤੀ ਸੀ। ਸਭ ਤੋਂ ਪਹਿਲਾਂ ਬੋਰਡ ਨੇ ਅੱਧੇ ਘੰਟੇ ਦੀ ਫਿਲਮ ਦੇਖਣ ਮਗਰੋਂ ਸਵਾਲ ਉਠਾਇਆ ਕਿ ਇਹ ਤਾਂ ਪੰਜਾਬੀ ਫਿਲਮ ਹੈ, ਫਿਰ ਇਸ ਲਈ ਹਿੰਦੀ ਸਰਟੀਫਿਕੇਟ ਕਿਉਂ ਚਾਹੀਦਾ ਹੈ? ਇਸ ਤੋਂ ਬਾਅਦ ਫਿਲਮ ਦੇਖਣ ਮਗਰੋਂ ਬੋਰਡ ਦਾ ਕਹਿਣਾ ਸੀ ਕਿ ਉਸ ਨੂੰ ਕੁਝ ਇਤਰਾਜ਼ ਹਨ। ਇਸ ਲਈ 13 ਮੈਂਬਰੀ ਰੀਵਾਇਜ਼ਿੰਗ ਕਮੇਟੀ ਇਹ ਫਿਲਮ ਦੇਖੇਗੀ। ਇਸ ਕਮੇਟੀ ਨੇ ਫਿਲਮ 'ਚ 21 ਕੱਟ ਲਾਉਣ ਅਤੇ ਕੁਝ ਚੀਜ਼ਾਂ ਬਦਲਣ ਲਈ ਕਿਹਾ। ਫਿਲਮ 'ਚ ਜਸਵੰਤ ਸਿੰਘ ਖਾਲੜਾ, ਜਿਸ ਦੀ ਜ਼ਿੰਦਗੀ 'ਤੇ ਇਹ ਫਿਲਮ ਆਧਾਰਿਤ ਹੈ, ਦਾ ਨਾਂ ਬਦਲਣ ਲਈ ਕਿਹਾ ਗਿਆ। ਇਸ ਤੋਂ ਇਲਾਵਾ ਇਹ ਜ਼ਿਕਰ ਕਰਨ ਲਈ ਵੀ ਕਿਹਾ ਗਿਆ ਕਿ ਇਹ ਫਿਲਮ ਕਿਸੇ ਸੱਚੀ ਘਟਨਾ 'ਤੇ ਆਧਾਰਿਤ ਨਹੀਂ ਅਤੇ ਨਾ ਹੀ ਇਸ ਫਿਲਮ ਦੀ ਕਹਾਣੀ ਸੱਚੀ ਹੈ। ਤ੍ਰੇਹਨ ਅਨੁਸਾਰ ਉਹ ਇਸ ਲਈ ਤਿਆਰ ਨਹੀਂ ਸੀ ਅਤੇ ਜੂਨ 2023 ਵਿੱਚ ਉਹ ਇਸ ਮਾਮਲੇ ਸਬੰਧੀ ਬੌਂਬੇ ਹਾਈਕੋਰਟ ਚਲੇ ਗਏ।

ਇਸ ਫਿਲਮ ਦੇ ਕੇਸ ਨੂੰ ਅਦਾਲਤ ਵਿੱਚ ਲੜੇ ਜਾਣ ਦੀ ਕਹਾਣੀ ਵੀ ਕਿਸੇ ਫਿਲਮੀ ਕਹਾਣੀ ਵਾਂਗ ਹੀ ਜਾਪਦੀ ਹੈ। ਜੂਨ 'ਚ ਕੇਸ ਦਾਇਰ ਕਰਨ ਤੋਂ ਲੈ ਕੇ 30 ਜੁਲਾਈ ਤੱਕ ਬੋਰਡ ਨੇ ਆਪਣਾ ਪੱਖ ਪੇਸ਼ ਕਰਨ ਲਈ ਚਾਰ ਵਕੀਲ ਬਦਲੇ। ਤ੍ਰੇਹਨ ਵੱਲੋਂ ਮੀਡੀਆ ਨੂੰ ਦਿੱਤੀਆਂ ਇੰਟਰਵਿਊਜ਼ 'ਚ ਦੱਸਿਆ ਗਿਆ ਕਿ ਕਾਨੂੰਨੀ ਪੱਖੋਂ ਬੋਰਡ ਲਈ ਇਹ ਕੇਸ ਲੜਨਾ ਔਖਾ ਸੀ ਕਿਉਂਕਿ ਸਮੁੱਚੀ ਫਿਲਮ ਹੀ ਕਾਨੂੰਨੀ ਗਵਾਹੀਆਂ ਅਤੇ ਕਾਨੂੰਨੀ ਪ੍ਰਕਿਰਿਆਵਾਂ 'ਤੇ ਆਧਾਰਿਤ ਸੀ। ਉਸ ਅਨੁਸਾਰ ਬੋਰਡ ਦਾ ਇੱਕ ਵਕੀਲ ਜਦੋਂ ਤਰੀਕ 'ਤੇ ਪੇਸ਼ ਨਾ ਹੋਇਆ ਤਾਂ ਸਾਥੀ ਵਕੀਲ ਨੇ ਦੱਸਿਆ ਕਿ ਉਹ ਤਾਂ ਅੱਜ ਰਿਟਾਇਰ ਹੋ ਗਿਆ। ਜੱਜ ਦਾ ਪ੍ਰਤੀਕਰਮ ਸੀ ਕਿ ਕੀ ਉਸ ਨੂੰ ਇੱਕ ਮਹੀਨਾ ਪਹਿਲਾਂ ਨਹੀਂ ਸੀ ਪਤਾ ਕਿ ਉਹ ਰਿਟਾਇਰ ਹੋਣ ਵਾਲਾ ਹੈ। ਜਦੋਂ ਬੋਰਡ ਦਾ ਚੌਥਾ ਵਕੀਲ ਅਦਾਲਤ ਵਿੱਚ ਫਿਲਮ ਬਾਰੇ ਸਵਾਲ ਉਠਾਉਣ ਲੱਗਿਆ ਤਾਂ ਮਾਣਯੋਗ ਜੱਜ ਨੇ ਉਸ ਨੂੰ ਪੁੱਛਿਆ ਕਿ ਕੀ ਉਸ ਨੇ ਫਿਲਮ ਦੇਖੀ ਹੈ? ਵਕੀਲ ਦਾ ਜਵਾਬ 'ਨਾਂਹ' ਵਿੱਚ ਸੀ। ਵਕੀਲ ਨੇ ਕਿਹਾ ਕਿ ਉਸ ਨੇ ਪਿਛਲੇ ਵਕੀਲਾਂ ਦੀਆਂ ਟਿੱਪਣੀਆਂ ਗਹੁ ਨਾਲ ਪੜ੍ਹੀਆਂ ਹਨ, ਪਰ ਜੱਜ ਨੇ ਕਿਹਾ, ''ਤੁਸੀਂ ਪਹਿਲਾਂ ਫਿਲਮ ਦੇਖੋ। ਅਸੀਂ ਫਿਰ ਇਸ ਫਿਲਮ 'ਤੇ ਗੱਲ ਕਰਾਂਗੇ।'' ਫਿਰ ਜੱਜ ਅਤੇ ਬੋਰਡ ਦੇ ਵਕੀਲ ਦੋਵਾਂ ਨੇ ਫਿਲਮ ਦੇਖੀ ਅਤੇ ਅਗਲੇ ਦਿਨ ਅਦਾਲਤ 'ਚ ਵਕੀਲ ਨੇ ਜੱਜ ਨੂੰ ਕਿਹਾ, ''ਸਰ, ਮੈਂ ਰਾਤ ਨੂੰ ਫਿਲਮ ਦੇਖੀ। ਇਹ ਫਿਲਮ ਮਨ ਨੂੰ ਬਹੁਤ ਪ੍ਰੇਸ਼ਾਨ ਕਰਨ ਵਾਲੀ ਸੀ। ਫਿਲਮ ਦੇਖਣ ਮਗਰੋਂ ਸਾਰੀ ਰਾਤ ਮੈਨੂੰ ਚੰਗੀ ਤਰ੍ਹਾਂ ਨੀਂਦ ਨਹੀਂ ਆਈ।'' ਤ੍ਰੇਹਨ ਅਨੁਸਾਰ ਜੱਜ ਦਾ ਅੱਗੋਂ ਕਹਿਣਾ ਸੀ, ''ਰਾਤ ਮੈਂ ਵੀ ਫਿਲਮ ਦੇਖੀ। ਮੈਨੂੰ ਵੀ ਇਉਂ ਹੀ ਮਹਿਸੂਸ ਹੋਇਆ। ਮੈਨੂੰ ਵੀ ਸਾਰੀ ਰਾਤ ਚੰਗੀ ਤਰ੍ਹਾਂ ਨੀਂਦ ਨਹੀਂ ਆਈ।'' ਵਕੀਲ ਦਾ ਕਹਿਣਾ ਸੀ ਕਿ ਇਸ ਨਾਲ ਵੱਖਵਾਦੀ ਤੇ ਖਾਲਿਸਤਾਨੀ ਲਹਿਰ ਨੂੰ ਹੁਲਾਰਾ ਮਿਲੇਗਾ, ਪਰ ਜੱਜ ਦੀ ਰਾਇ ਵੱਖਰੀ ਸੀ। ਜੱਜ ਦਾ ਵਕੀਲ ਨੂੰ ਕਹਿਣਾ ਸੀ ਕਿ ਤੁਹਾਡੇ ਵਿਚਾਰ ਕਲਪਨਾ 'ਤੇ ਆਧਾਰਿਤ ਹਨ, ਪਰ ਅਦਾਲਤ ਕਲਪਨਾ ਦੇ ਆਧਾਰ 'ਤੇ ਫ਼ੈਸਲੇ ਨਹੀਂ ਕਰਦੀ। ਵਕੀਲ ਨੇ ਅਮਨ ਤੇ ਕਾਨੂੰਨ ਦਾ ਮਸਲਾ ਪੈਦਾ ਹੋਣ ਦੀ ਦਲੀਲ ਵੀ ਦਿੱਤੀ। ਜੱਜ ਦਾ ਕਹਿਣਾ ਸੀ ਕਿ ਇਹ ਸੀ ਬੀ ਐੱਫ ਸੀ ਦਾ ਮਸਲਾ ਕਿਵੇਂ ਹੈ? ਇਹ ਰਾਜ ਸਰਕਾਰ ਦਾ ਮਸਲਾ ਹੈ। ਬੋਰਡ ਦਾ ਕੰਮ ਸਰਟੀਫਿਕੇਟ ਦੇਣਾ ਹੈ। ਵਕੀਲ ਨੇ ਫਿਰ ਇਹ ਦਲੀਲ ਵਰਤੀ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਵੀ ਇਸ ਫਿਲਮ 'ਤੇ ਇਤਰਾਜ਼ ਹੈ। ਇੱਥੇ ਜੱਜ ਨੇ ਵਕੀਲ ਨੂੰ ਪੁੱਛਿਆ ਕਿ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਨੂੰ ਇਹ ਫਿਲਮ ਕਿਸ ਨੇ ਦਿਖਾਈ? ਜਦੋਂ ਫਿਲਮ ਨੂੰ ਸੈਂਸਰ ਹੀ ਨਹੀਂ ਕੀਤਾ ਗਿਆ ਤਾਂ ਉਸ ਨੂੰ ਕਿਸੇ ਨੂੰ ਦਿਖਾ ਕਿਵੇਂ ਦਿੱਤਾ ਗਿਆ? ਸੀ ਬੀ ਐੱਫ ਸੀ ਸੁਤੰਤਰ ਤੇ ਖ਼ੁਦਮੁਖ਼ਤਿਆਰ ਬੌਡੀ ਹੈ, ਜਿਸ ਦਾ ਮਕਸਦ ਸਿਰਜਣਾਤਮਕਤਾ, ਪ੍ਰਗਟਾਵੇ ਦੀ ਆਜ਼ਾਦੀ ਅਤੇ ਕਲਾਕਾਰ ਦੇ ਪ੍ਰਗਟਾਵੇ ਦੀ ਸੁਤੰਤਰਤਾ ਨੂੰ ਕਾਇਮ ਰੱਖਣਾ ਹੈ। ਸੀ ਬੀ ਐੱਫ ਸੀ ਦੀ ਰਾਇ ਕਿਸੇ ਵੀ ਸਰਕਾਰ ਦੇ ਨਜ਼ਰੀਏ ਤੋਂ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ।

ਤ੍ਰੇਹਨ ਅਨੁਸਾਰ, ''ਇਸ ਮਾਮਲੇ ਦੀ ਆਖ਼ਰੀ ਤੋਂ ਪਹਿਲੀ ਸੁਣਵਾਈ ਵੇਲੇ ਸ਼ਾਮ 4।30 ਵਜੇ ਦੇ ਕਰੀਬ ਹੀ ਜੱਜ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਇਹ ਫਿਲਮ ਬਿਨਾਂ ਕਿਸੇ ਕੱਟ ਦੇ ਰਿਲੀਜ਼ ਹੋਣੀ ਚਾਹੀਦੀ ਹੈ। ਉਸੇ ਸ਼ਾਮ ਫਿਲਮ ਦੇ ਨਿਰਮਾਤਾ ਰੌਨੀ ਸਕਰਿਊਵਾਲਾ ਨੂੰ ਦਿੱਲੀ ਤੋਂ ਫੋਨ ਆਇਆ ਤੇ ਉਹ ਦਿੱਲੀ ਚਲਾ ਗਿਆ। ਉੱਥੋਂ ਉਸ ਨੇ ਫੋਨ ਕਰ ਕੇ ਕਿਹਾ ਕਿ ਸਾਨੂੰ ਹਾਈਕੋਰਟ ਵਿੱਚੋਂ ਆਪਣਾ ਕੇਸ ਵਾਪਸ ਲੈਣਾ ਪੈਣੈ ਅਤੇ ਕਿਸੇ ਵੀ ਸੂਰਤ ਅਸੀਂ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਵਿੱਚ ਇਸ ਦਾ ਪ੍ਰੀਮੀਅਰ ਨਹੀਂ ਕਰ ਰਹੇ। ਸਾਨੂੰ ਅਦਾਲਤ ਦੇ ਬਾਹਰ ਹੀ ਸਮਝੌਤਾ ਕਰਨਾ ਪੈਣਾ ਹੈ, ਸਾਨੂੰ 21 ਕੱਟ ਲਗਾਉਣੇ ਪੈਣਗੇ। ਫਿਰ ਗੱਲ ਤੁਰਦੀ ਤੁਰਦੀ 21 ਤੋਂ 85 ਕੱਟਾਂ ਤੱਕ ਪਹੁੰਚ ਗਈ। ਅਸੀਂ ਇਸ ਲਈ ਵੀ ਤਿਆਰ ਹੋ ਗਏ ਕਿਉਂਕਿ ਸਾਨੂੰ ਬੋਰਡ ਨੇ ਸਰਟੀਫਿਕੇਟ ਦੇਣ ਦੀ ਗੱਲ ਆਖੀ ਸੀ। ਪਰ ਫਿਰ ਬੋਰਡ ਦੇ ਚੇਅਰਮੈਨ ਕੋਲ ਫਿਲਮ ਦੇਖਣ ਦਾ ਸਮਾਂ ਨਹੀਂ ਸੀ। ਬੋਰਡ ਦਾ ਕਹਿਣਾ ਸੀ ਕਿ ਚੇਅਰਮੈਨ ਜਿਉਂ ਹੀ ਇਹ ਫਿਲਮ ਦੇਖ ਲੈਣਗੇ, ਉਹ ਸਰਟੀਫਿਕੇਟ ਦੇ ਦੇਣਗੇ। ਬੋਰਡ ਵਾਲੇ ਇਹ ਵੀ ਮੰਨਣ ਲਈ ਤਿਆਰ ਨਹੀਂ ਸਨ ਕਿ ਇਹ ਸੱਚੀ ਕਹਾਣੀ ਹੈ।'' ਤ੍ਰੇਹਨ ਅਨੁਸਾਰ, ''ਮੈਂ ਉਨ੍ਹਾਂ ਨੂੰ 1800 ਪੰਨਿਆਂ ਦੇ ਦਸਤਾਵੇਜ਼ ਸੌਂਪੇ ਅਤੇ ਦੱਸਿਆ ਕਿ ਫਿਲਮ ਦਾ ਹਰ ਦ੍ਰਿਸ਼ ਕਾਨੂੰਨੀ ਗਵਾਹੀ ਅਤੇ ਦਸਤਾਵੇਜ਼ 'ਤੇ ਆਧਾਰਿਤ ਹੈ। ਇਨ੍ਹਾਂ ਦਸਤਾਵੇਜ਼ਾਂ 'ਚੋਂ ਗੁਜ਼ਰਨ ਅਤੇ ਫਿਲਮ ਦੇਖਣ ਮਗਰੋਂ ਇਹ ਸਪੱਸ਼ਟ ਹੋ ਗਿਆ ਕਿ ਇਹ ਫਿਲਮ ਸੱਚ 'ਤੇ ਆਧਾਰਿਤ ਹੈ।'' ਇਸ ਮਗਰੋਂ ਜਦੋਂ ਤ੍ਰੇਹਨ ਨੇ ਆਪਣੀ ਫਿਲਮ ਬਾਰੇ ਪ੍ਰਤੀਕਰਮ ਜਾਣਨਾ ਚਾਹਿਆ ਤਾਂ ਜਵਾਬ ਮਿਲਿਆ, ''ਤ੍ਰੇਹਨ, ਅੱਜ ਦੇ ਵੇਲਿਆਂ 'ਚ ਏਨਾ ਸੱਚ ਕੌਣ ਬੋਲਦੈ?'' ਤੇ ਨਿਰਦੇਸ਼ਕ ਦੇ ਹੱਥ ਸਰਟੀਫਿਕੇਟ ਖੁਣੋਂ ਖਾਲੀ ਰਹੇ। ਇਸ ਮਗਰੋਂ ਉਸ ਨੂੰ ਫਿਲਮ 'ਚ 16 ਤਬਦੀਲੀਆਂ ਕਰਨ ਲਈ ਕਿਹਾ ਗਿਆ, ਜਿਸ ਦਾ ਮਤਲਬ 37 ਹੋਰ ਕੱਟ ਸਨ ਅਤੇ ਇਸ ਨਾਲ ਫਿਲਮ ਨੂੰ ਲਾਏ ਜਾਣ ਵਾਲੇ ਕੱਟਾਂ ਦੀ ਗਿਣਤੀ 127 ਤੋਂ ਵੀ ਵੱਧ ਹੋ ਗਈ। ਇੱਥੇ ਆ ਕੇ ਤ੍ਰੇਹਨ ਦੀ ਬੱਸ ਹੋ ਗਈ। ਉਸ ਨੇ ਕਿਹਾ ਕਿ ਹੁਣ ਉਹ ਫਿਲਮ 'ਤੇ ਕੋਈ ਕੱਟ ਨਹੀਂ ਲਗਾਵੇਗਾ, ਜੇ ਕਦੇ ਸੰਭਵ ਹੋਇਆ ਤਾਂ ਮੂਲ ਰੂਪ 'ਚ ਬਣੀ ਮੁਕੰਮਲ ਫਿਲਮ ਹੀ ਰਿਲੀਜ਼ ਕਰੇਗਾ; ਨਹੀਂ ਤਾਂ ਫਿਲਮ ਡੱਬੇ 'ਚ ਹੀ ਬੰਦ ਰਹੇਗੀ। ਨਿਰਦੇਸ਼ਕ ਅਤੇ ਨਿਰਮਾਤਾ ਦੀ ਫਿਲਮ ਅੰਤ ਟੀ ਟੀ ਪਲੈਟਫਾਰਮ ਤੋਂ ਵੀ ਹਟ ਗਈ। ਫਿਲਮ 'ਤੇ ਪਾਬੰਦੀ ਨੇ ਲੋਕਾਂ 'ਚ ਇਸ ਬਾਰੇ ਬਹੁਤ ਉਤਸੁਕਤਾ ਪੈਦਾ ਕਰ ਦਿੱਤੀ। ਫਿਲਮ ਦੇ ਮੁੱਖ ਅਦਾਕਾਰ ਦਿਲਜੀਤ ਦੋਸਾਂਝ ਨੂੰ ਇਸ ਫਿਲਮ ਦੀ ਹੋਣੀ ਬਾਰੇ ਪਹਿਲਾਂ ਹੀ ਖ਼ਦਸ਼ਾ ਸੀ। ਇਸੇ ਲਈ ਉਸ ਨੇ ਲੋਕਾਂ ਨੂੰ ਇਹ ਫਿਲਮ ਡਾਊਨਲੋਡ ਕਰ ਲੈਣ ਦਾ ਇਸ਼ਾਰਾ ਕੀਤਾ ਸੀ ਤੇ ਲੋਕਾਂ ਨੇ ਫਿਲਮ ਡਾਊਨਲੋਡ ਕਰ ਵੀ ਲਈ, ਜਿਸ ਦੀਆਂ ਹੁਣ ਜਨਤਕ ਸਕਰੀਨਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਫਿਲਮ ਵੱਡੀ ਗਿਣਤੀ ਲੋਕਾਂ ਤੱਕ ਪਹੁੰਚ ਵੀ ਰਹੀ ਹੈ।

ਦਰਅਸਲ, 'ਸਤਲੁਜ' ਜਿਹੀਆਂ ਫਿਲਮਾਂ ਸਾਡੇ ਅਤੀਤ ਦੀਆਂ ਗ਼ਲਤੀਆਂ ਨੂੰ ਨੰਗੇ-ਚਿੱਟੇ ਰੂਪ 'ਚ ਸਾਡੇ ਸਾਹਮਣੇ ਲਿਆ ਖੜ੍ਹਾ ਕਰਦੀਆਂ ਹਨ। ਇਹ ਸਮਾਜ ਤੇ ਉਸ ਦੇ ਲੋਕਾਂ 'ਤੇ ਨਿਰਭਰ ਕਰਦਾ ਹੈ ਕਿ ਹੁਣ ਉਹ ਅਜਿਹੀਆਂ ਗ਼ਲਤੀਆਂ ਬਾਰੇ ਤੁਹਮਤਬਾਜ਼ੀ ਦੀ ਸਿਆਸਤ ਦਾ ਸ਼ਿਕਾਰ ਹੋ ਕੇ ਮੁੜ ਧਰਮਾਂ ਦੀਆਂ ਵੰਡੀਆਂ ਅਤੇ ਫ਼ਿਰਕਾਪ੍ਰਸਤੀ ਦਾ ਬਿਰਤਾਂਤ ਸਿਰਜਦੇ ਨੇ ਜਾਂ ਅਜਿਹੀ ਸਿਆਸਤ ਪਛਾਣ ਕੇ ਬੀਤੇ ਤੋਂ ਸਬਕ ਸਿੱਖਦਿਆਂ ਭਵਿੱਖ ਨੂੰ ਸੰਵਾਰਨ ਦੇ ਰਾਹ ਤੁਰਦੇ ਨੇ!

# ਖਾਲੜਾ ਕੇਸ 'ਚ ਦੋਸ਼ੀ ਸਾਬਕਾ ਡੀਐੱਸਪੀ ਜਸਪਾਲ ਸਿੰਘ ਕਿੱਥੇ ਗਾਇਬ ਹੋ ਗਏ

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਅਧਾਰਿਤ ਫ਼ਿਲਮ 'ਸਤਲੁਜ' ਚਰਚਾ ਵਿੱਚ ਹੈ। ਖਾਲੜਾ ਦੇ ਕਤਲ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ (ਮੌਜੂਦਾ ਵੇਲੇ ਜ਼ਮਾਨਤ 'ਤੇ) ਸਾਬਕਾ ਡੀਐੱਸਪੀ ਜਸਪਾਲ ਸਿੰਘ ਵੀ ਖਬਰਾਂ ਵਿੱਚ ਹਨ। ਨਾਭਾ ਪਨ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੇ ਦਿੱਤੇ ਗਏ ਪਤੇ ਦੀ ਤਸਦੀਕ ਲਈ ਹੁਸ਼ਿਆਰਪੁਰ ਪੁਲਿਸ ਨੂੰ ਭੇਜੀ ਗਈ ਇਨਕੁਆਇਰੀ ਅਤੇ ਉਸ ਦੇ ਜਵਾਬ ਤੋਂ ਬਾਅਦ ਇਹ ਮਾਮਲਾ ਫਿਰ ਚਰਚਾ ਵਿੱਚ ਆਇਆ ਹੈ। ਸਾਬਕਾ ਡੀਐੱਸਪੀ ਜਸਪਾਲ ਸਿੰਘ ਜਸਵੰਤ ਸਿੰਘ ਖਾਲੜਾ ਕਤਲ ਕੇਸ ਵਿੱਚ ਮੁੱਖ ਦੋਸ਼ੀਆਂ ਵਿੱਚੋਂ ਇੱਕ ਹੈ। ਪਟਿਆਲਾ ਸੀਬੀਆਈ ਅਦਾਲਤ ਨੇ ਉਸ ਨੂੰ ਅਤੇ ਹੋਰ ਪੁਲਿਸ ਅਫਸਰਾਂ ਨੂੰ ਖਾਲੜਾ ਨੂੰ ਅਗਵਾ ਕਰਨ ਅਤੇ ਕਤਲ ਕਰਨ ਦਾ ਦੋਸ਼ੀ ਠਹਿਰਾਉਂਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਹ ਸਜ਼ਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ (2007) ਅਤੇ ਸੁਪਰੀਮ ਕੋਰਟ (2011) ਵੱਲੋਂ ਵੀ ਬਰਕਰਾਰ ਰੱਖੀ ਗਈ ਸੀ। ਸਾਬਕਾ ਡੀਐੱਸਪੀ ਜਸਪਾਲ ਸਿੰਘ ਨਾਭਾ ਪਨ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਸਨ ਅਤੇ ਮਈ 2023 ਵਿੱਚ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ ਸੀ। ਨਾਭਾ ਪਨ ਜੇਲ੍ਹ ਪ੍ਰਸ਼ਾਸਨ ਨੇ 8 ਜੁਲਾਈ 2026 ਨੂੰ ਹੁਸ਼ਿਆਰ-ਪੁਰ ਪੁਲਿਸ ਨੂੰ ਜਸਪਾਲ ਸਿੰਘ ਵੱਲੋਂ ਦਿੱਤੇ ਗਏ ਪਤੇ (ਪਿੰਡ ਮਾਂਝੀ) ਦੀ ਤਸਦੀਕ ਲਈ ਲਿਖਿਆ ਸੀ।

ਪੁਲਿਸ ਟੀਮ ਜਦੋਂ ਮਾਂਝੀ ਪਿੰਡ ਪਹੁੰਚੀ ਤਾਂ ਸਰਪੰਚ ਅਤੇ ਲੋਕਾਂ ਨੇ ਦੱਸਿਆ ਕਿ ਇਸ ਨਾਮ ਦਾ ਕੋਈ ਵਿਅਕਤੀ ਉੱਥੇ ਨਹੀਂ ਰਹਿੰਦਾ। ਇਸ ਤਸਦੀਕ ਨੇ ਉਸ ਦੀ ਜ਼ਮਾਨਤ ਦੀਆਂ ਸ਼ਰਤਾਂ ਅਤੇ ਮੌਜੂਦਾ ਟਿਕਾਣੇ ਨੂੰ ਲੈ ਕੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਮੁੱਦੇ ਉੱਤੇ ਸਿਆਸਤ ਵੀ ਗਰਮਾਈ ਹੋਈ ਹੈ। ਇਸ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਲੰਘੀ 9 ਜੁਲਾਈ ਨੂੰ ਐਕਸ 'ਤੇ ਇੱਕ ਪੋਸਟ ਵਿੱਚ ਇਲਜ਼ਾਮ ਲਗਾਇਆ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਲ 2022 ਵਿੱਚ ਡੀਐੱਸਪੀ ਜਸਪਾਲ ਦੀ ਸਜ਼ਾ ਮੁਆਫੀ ਦੀ ਫਾਈਲ ਰਾਜਪਾਲ ਨੂੰ ਭੇਜੀ ਸੀ।

ਉਨ੍ਹਾਂ ਇਹ ਵੀ ਲਿਖਿਆ ਕਿ ਇਸ ਵੇਲੇ ਜਸਪਾਲ ਸਿੰਘ ਗਾਇਬ ਹੈ ਅਤੇ ਪੁਲਿਸ ਉਸਦੀ ਭਾਲ਼ ਕਰ ਰਹੀ ਹੈ। ਦੂਜੇ ਪਾਸੇ, ਆਮ ਆਦਮੀ ਪਾਰਟੀ ਨੇ ਇਨ੍ਹਾਂ ਸਾਰੇ ਦਾਅਵਿਆਂ ਨੂੰ ਝੂਠਾ ਕਰਾਰ ਦਿੱਤਾ ਹੈ। ਪੰਜਾਬ ਸਰਕਾਰ ਦੇ ਬੁਲਾਰੇ ਬਲਤੇਜ ਪੰਨੂ ਨੇ ਵੀਰਵਾਰ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਦਨਾਮ ਕਰ ਰਹੀ ਹੈ। ਉਨ੍ਹਾਂ ਕਿਹਾ, "ਜਸਪਾਲ ਸਿੰਘ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਲਈ ਅਰਜ਼ੀਆਂ ਕੇਂਦਰ ਸਰਕਾਰ ਨੂੰ ਭੇਜੀਆਂ ਗਈਆਂ ਹਨ, ਨਾ ਕਿ ਪੰਜਾਬ ਸਰਕਾਰ ਨੂੰ।"

**ਖਾਲੜਾ ਕੇਸ ਨਾਲ ਸਬੰਧ**

ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੇ ਕਤਲ ਦੇ ਦੋਸ਼ੀ ਸਾਬਕਾ ਡੀਐੱਸਪੀ ਜਸਪਾਲ ਸਿੰਘ ਨਾਭਾ ਪਨ ਖੇਤੀਬਾੜੀ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ ਅਤੇ ਸਾਲ 2023 ਵਿੱਚ ਉਨ੍ਹਾਂ ਨੂੰ

**(ਬਾਕੀ ਅਗਲੇ ਸਫੇ 'ਤੇ)**

# ਝੋਨੇ ਦੀ ਹਰਿਆਲੀ ਹੇਠ ਮਰ ਰਿਹਾ ਪੰਜਾਬ



ਪੰਜਾਬ ਇਸ ਵੇਲੇ ਅਜਿਹੀ ਉਮਸ ਭਰੀ ਗਰਮੀ ਨਾਲ ਜੂਝ ਰਿਹਾ ਹੈ, ਜਿਸ ਦੀ ਤੀਬਰਤਾ ਕੁਝ ਦਹਾਕੇ ਪਹਿਲਾਂ ਤੱਕ ਕਦੇ-ਕਦਾਈ ਹੀ ਵੇਖਣ ਨੂੰ ਮਿਲਦੀ ਸੀ। ਹਵਾ 'ਚ ਨਮੀ ਦਾ ਪੱਧਰ ਇੰਨਾ ਵੱਧ ਗਿਆ ਹੈ ਕਿ ਆਮ ਜਨਜੀਵਨ ਤੋਂ ਲੈ ਕੇ ਖੇਤਾਂ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਤੱਕ ਹਰ ਕੋਈ ਪ੍ਰੇਸ਼ਾਨ ਹੈ। ਮੌਸਮ ਵਿਗਿਆਨੀ ਇਸ ਨੂੰ ਜਲਵਾਯੂ ਪਰਿਵਰਤਨ ਨਾਲ ਜੋੜਦੇ ਹਨ ਪਰ ਪੰਜਾਬ ਦੇ ਖੇਤੀ ਮਾਹਿਰ ਲੰਮੇ ਸਮੇਂ ਤੋਂ ਇੱਕ ਹੋਰ ਸੱਚਾਈ ਵੱਲ ਵੀ ਇਸ਼ਾਰਾ ਕਰਦੇ ਆਏ ਹਨ—ਜਿਵੇਂ-ਜਿਵੇਂ ਝੋਨੇ ਹੇਠ ਰਕਬਾ ਵਧਦਾ ਗਿਆ, ਤਿਵੇਂ-ਤਿਵੇਂ ਸੂਬੇ ਦੀ ਹਵਾ ਵਿੱਚ ਨਮੀ ਅਤੇ ਉਮਸ ਵੀ ਵਧਦੀ ਗਈ। ਇਸ ਸਾਲ ਵੀ ਇਹੀ ਤਸਵੀਰ ਹੈ। ਝੋਨੇ ਦੀ ਰੋਪਾਈ ਲਗਭਗ ਮੁਕੰਮਲ ਹੋਣ ਦੇ ਨਾਲ ਹੀ ਪੰਜਾਬ ਇੱਕ ਵਾਰ ਫਿਰ ਭਾਰੀ ਉਮਸ ਦੀ ਲਪੇਟ ਵਿੱਚ ਹੈ। ਚਿੰਤਾ ਦੀ ਗੱਲ ਇਹ ਹੈ ਕਿ ਸਾਲਾਂ ਤੋਂ ਫਸਲੀ ਵਿਭਿੰਨਤਾ ਦੇ ਦਾਅਵਿਆਂ ਦੇ ਬਾਵਜੂਦ ਝੋਨੇ ਹੇਠ ਰਕਬਾ ਘਟਣ ਦੀ ਥਾਂ ਵਧਿਆ ਹੈ। ਹਰ ਸਰਕਾਰ ਇਹ ਵਾਅਦਾ ਕਰਦੀ ਹੈ ਕਿ ਕਿਸਾਨਾਂ ਨੂੰ ਪਾਣੀ ਬਚਾਉਣ ਵਾਲੀਆਂ ਫਸਲਾਂ ਵੱਲ ਲਿਜਾਇਆ ਜਾਵੇਗਾ, ਪਰ ਹਕੀਕਤ ਹਰ ਖਰੀਫ਼ ਮੌਸਮ ਵਿੱਚ ਉਲਟ ਨਜ਼ਰ ਆਉਂਦੀ ਹੈ। ਇਸ ਦਾ ਦੋਸ਼ ਕਿਸਾਨਾਂ ਦੇ ਸਿਰ ਮੜ੍ਹਨਾ ਆਸਾਨ ਹੈ, ਪਰ ਹਕੀਕਤ ਇਹ ਹੈ ਕਿ ਕਿਸਾਨ ਆਪਣੀ ਆਮਦਨ ਨੂੰ ਦਾਅ 'ਤੇ ਨਹੀਂ ਲਾ ਸਕਦਾ। ਜਿੱਥੇ ਝੋਨੇ ਲਈ ਘੱਟੋ-ਘੱਟ ਸਮਰਥਨ ਮੁੱਲ, ਸਰਕਾਰੀ ਖਰੀਦ ਅਤੇ ਭੁਗਤਾਨ ਦੀ ਗਾਰੰਟੀ ਹੈ, ਉੱਥੇ ਬਦਲਵੀਆਂ ਫਸਲਾਂ ਲਈ ਅਜੇ ਵੀ ਅਨਿਸ਼ਚਿਤਤਾ ਹੀ ਅਨਿਸ਼ਚਿਤਤਾ ਹੈ। ਇਸ ਵਾਰ ਮਾਨਸੂਨੀ ਮੱਕੀ ਨੂੰ ਵੱਡੇ ਬਦਲ ਵਜੋਂ ਪੇਸ਼ ਕੀਤਾ ਗਿਆ। ਘੱਟ ਪਾਣੀ ਦੀ ਲੋੜ, ਘੱਟ ਲਾਗਤ ਅਤੇ ਵਾਤਾਵਰਨ ਲਈ ਬਿਹਤਰ ਹੋਣ ਦੇ ਦਾਅਵੇ ਵੀ ਕੀਤੇ ਗਏ। ਪਰ ਕਿਸਾਨਾਂ ਨੇ ਇਸ ਨੂੰ ਵੱਡੇ ਪੱਧਰ 'ਤੇ ਨਹੀਂ ਅਪਣਾਇਆ। ਕਾਰਨ ਸਾਫ਼ ਹੈ। ਜਦੋਂ ਤੱਕ ਮੱਕੀ ਲਈ ਵੀ ਝੋਨੇ ਵਰਗੀ ਖਰੀਦ, ਭੰਡਾਰਨ, ਪ੍ਰੋਸੈਸਿੰਗ ਅਤੇ ਮਾਰਕੀਟ ਦੀ ਪੱਕੀ ਵਿਵਸਥਾ ਨਹੀਂ ਬਣਦੀ, ਉਦੋਂ ਤੱਕ ਕਿਸਾਨਾਂ ਤੋਂ ਫਸਲ ਬਦਲਣ ਦੀ ਉਮੀਦ ਕਰਨਾ ਹਕੀਕਤ ਤੋਂ ਦੂਰ ਹੈ। ਖੇਤੀ ਸਿਰਫ਼ ਖੇਤ ਵਿੱਚ ਨਹੀਂ ਹੁੰਦੀ; ਉਹ ਮੰਡੀ, ਗੋਦਾਮ ਅਤੇ ਬਾਜ਼ਾਰ ਵਿੱਚ ਵੀ ਹੁੰਦੀ ਹੈ। ਵਿਰੋਧਾਭਾਸ ਇਹ ਹੈ ਕਿ ਇੱਕ ਪਾਸੇ ਪੰਜਾਬ ਹਰ ਸਾਲ ਵਧੇਰੇ ਚੌਲ ਪੈਦਾ ਕਰ ਰਿਹਾ ਹੈ, ਦੂਜੇ ਪਾਸੇ ਭੰਡਾਰਨ ਦੀ ਸਮਰੱਥਾ ਪਹਿਲਾਂ ਹੀ ਦਬਾਅ ਹੇਠ ਹੈ। ਗੋਦਾਮ ਭਰੇ ਪਏ ਹਨ, ਖੁੱਲ੍ਹੇ ਵਿੱਚ ਅਨਾਜ ਰੱਖਣ ਦੀ ਨੌਬਤ ਆ ਜਾਂਦੀ ਹੈ ਅਤੇ ਹਰ ਨਵੇਂ ਸੀਜ਼ਨ ਨਾਲ ਇਹ ਚਿੰਤਾ ਹੋਰ ਗੰਭੀਰ ਹੋ ਜਾਂਦੀ ਹੈ ਕਿ ਨਵੀਂ ਫਸਲ ਰੱਖੀ ਕਿੱਥੇ ਜਾਵੇਗੀ। ਜੇ ਉਤਪਾਦਨ ਵਧਾਉਣਾ ਹੀ ਇਕੱਲਾ ਟੀਚਾ ਹੈ ਤਾਂ ਭੰਡਾਰਨ, ਆਵਾਜਾਈ ਅਤੇ ਵੰਡ ਦੀ ਸਮਰੱਥਾ ਵੀ ਉਸੇ ਅਨੁਪਾਤ ਵਿੱਚ ਵਧਣੀ ਚਾਹੀਦੀ ਹੈ। ਨਹੀਂ ਤਾਂ ਇਹ ਨੀਤੀ ਆਪਣੇ ਹੀ ਬੋਝ ਹੇਠ ਦੱਬ ਜਾਵੇਗੀ। ਝੋਨੇ ਦਾ ਵਧਦਾ ਰਕਬਾ ਸਿਰਫ਼ ਸਟੋਰੇਜ ਦੀ ਸਮੱਸਿਆ ਨਹੀਂ। ਇਹ ਭੂਜਲ ਦੇ ਤੇਜ਼ੀ ਨਾਲ ਡਿੱਗਦੇ ਪੱਧਰ, ਮੁਫ਼ਤ ਬਿਜਲੀ 'ਤੇ ਵਧਦੇ ਸਰਕਾਰੀ ਖ਼ਰਚ ਅਤੇ ਬਦਲਦੇ ਜਲਵਾਯੂ ਦਾ ਵੀ ਸਵਾਲ ਹੈ। ਪੰਜਾਬ ਅੱਜ ਜਿਸ ਉਮਸ ਨੂੰ ਝੱਲ ਰਿਹਾ ਹੈ, ਉਹ ਸਿਰਫ਼ ਮੌਸਮ ਦੀ ਖ਼ਬਰ ਨਹੀਂ, ਸਗੋਂ ਇੱਕ ਚੇਤਾਵਨੀ ਹੈ। ਕੁਦਰਤ ਇਹ ਸੰਕੇਤ ਦੇ ਰਹੀ ਹੈ ਕਿ ਮੌਜੂਦਾ ਖੇਤੀ ਮਾਡਲ ਆਪਣੀਆਂ ਹੱਦਾਂ 'ਤੇ ਪਹੁੰਚ ਰਿਹਾ ਹੈ। ਫਸਲੀ ਵਿਭਿੰਨਤਾ ਨਾਅਰਿਆਂ, ਸੈਮੀਨਾਰਾਂ ਜਾਂ ਇਸ਼ਤਿਹਾਰਾਂ ਨਾਲ ਨਹੀਂ ਆਉਂਦੀ। ਇਹ ਉਦੋਂ ਆਵੇਗੀ ਜਦੋਂ ਬਦਲਵੀਆਂ ਫਸਲਾਂ ਨੂੰ ਵੀ ਉਹੀ ਭਰੋਸਾ ਮਿਲੇਗਾ ਜੋ ਅੱਜ ਝੋਨੇ ਨੂੰ ਮਿਲਦਾ ਹੈ। ਨਹੀਂ ਤਾਂ ਹਰ ਸਾਲ ਝੋਨੇ ਦੀ ਹਰਿਆਵਲੀ ਤਾਂ ਵਧਦੀ ਰਹੇਗੀ, ਪਰ ਉਸ ਦੀ ਛਾਂ ਹੇਠ ਪੰਜਾਬ ਦਾ ਪਾਣੀ, ਵਾਤਾਵਰਨ ਅਤੇ ਆਰਥਿਕਤਾ ਹੌਲੀ-ਹੌਲੀ ਘੁੱਟਦੇ ਰਹਿਣਗੇ।

# ਮਹਿੰਗੇ ਪੈਣਗੇ ਪੰਜਾਬ ਨੂੰ ਹਰੇ ਇਨਕਲਾਬ ਦੇ ਖੜਕਾਏ ਢੋਲ

ਸੁਰਿੰਦਰ ਬਾਂਸਲ

'ਪੰਜਾਬ' ਦਾ ਨਾਂ ਆਉਂਦੇ ਹੀ ਹਰੇ ਇਨਕਲਾਬ 'ਚੋਂ ਉਪਜੀ ਖ਼ੁਸ਼ਹਾਲੀ ਵਾਲੇ ਸੂਬੇ ਦਾ ਅਕਸ ਉੱਭਰ ਕੇ ਆਉਂਦਾ ਹੈ। ਹਰੇ-ਭਰੇ ਖੇਤ, ਭੱਜਦੇ ਟਰੈਕਟਰ, ਹਾਰਵੈਸਟਰ, ਕੰਬਾਈਨਾਂ, ਆਧੁਨਿਕ ਮਸ਼ੀਨਾਂ ਅਤੇ ਖੇਤੀ ਰਸਾਇਣਾਂ ਦਾ ਛਿੜਕਾਅ ਕਰਨ ਵਾਲੇ ਕਿਸਾਨ ਹੀ ਅੱਜ ਪੰਜਾਬ ਦੀ ਅਸਲੀ ਤਸਵੀਰ ਹਨ। ਇਨ੍ਹਾਂ ਹਰੀਆਂ ਤਸਵੀਰਾਂ ਦੇ ਪਿੱਛੇ ਬਹੁਤ ਕੁਝ ਅਜਿਹਾ ਹੈ, ਜੋ ਅੱਖਾਂ ਸਾਹਮਣੇ ਗਾਇਬ ਹੋ ਚੁੱਕਾ ਹੈ ਅਤੇ ਪੂਰੀ ਕਾਲਸ ਨਾਲ ਢੱਕਿਆ ਹੋਇਆ ਹੈ। ਪਿਛਲੇ ਚਾਲ਼ੀ ਸਾਲਾਂ ਤੋਂ ਪੰਜਾਬ ਦੇ ਹਰੇ ਇਨਕਲਾਬ ਦੀ ਕਹਾਣੀ ਦਾ ਬਹੁਤ ਗੱਜ-ਵੱਜ ਕੇ ਪ੍ਰਚਾਰ ਕੀਤਾ ਗਿਆ, ਬੇਸ਼ੱਕ ਸਰਕਾਰ ਕਿਸੇ ਦੀ ਵੀ ਰਹੀ ਹੋਵੇ। ਵਿਕਾਸ ਦੀਆਂ ਖ਼ੂਬਸੂਰਤ ਫ਼ਿਲਮਾਂ ਦੇਸ਼ ਦੇ ਹੋਰਨਾਂ 'ਬਿਮਾਰ' ਸੂਬਿਆਂ ਨੂੰ ਦਿਖਾਈਆਂ ਗਈਆਂ ਪਰ ਇਨ੍ਹਾਂ ਚਮਕਦੀਆਂ ਫ਼ਿਲਮਾਂ ਨੇ ਪੰਜਾਬ ਦੀ ਜੀਵਨ ਦ੍ਰਿਸ਼ਟੀ ਨੂੰ ਹੀ ਖੰਡਿਤ ਕਰ ਦਿੱਤਾ। ਜੇਕਰ ਸੁੱਚੇ ਮਨ ਨਾ਼ਲ ਅਸੀਂ ਥੋੜ੍ਹੀ ਜਿਹੀ ਚਰਚਾ ਕਰਨ ਦੀ ਹਿੰਮਤ ਕਰੀਏ ਤਾਂ ਵਿਡੰਬਨਾ ਸਾਫ਼ ਨਜ਼ਰ ਆਵੇਗੀ ਕਿ ਪਿਛਲੇ ਚਾਲੀ ਸਾਲਾਂ ਤੋਂ ਹਰੇ ਇਨਕਲਾਬ ਦੇ ਕੁੱਟੇ ਗਏ ਢੋਲ ਅਤੇ ਗ਼ੈਰ-ਜ਼ਰੂਰੀ ਵਿਕਾਸ ਨੇ ਕੁਦਰਤੀ ਸੋਮਿਆਂ ਨਾਲ ਭਰਪੂਰ ਸੂਬੇ ਨੂੰ ਹੈਰਾਨਕੁਨ ਸਵਾਲਾਂ ਦੇ ਉਜਾੜ 'ਚ ਲਿਆ ਖੜ੍ਹਾ ਕੀਤਾ ਹੈ। ਭਾਵੇਂ ਇਹ ਪੜ੍ਹਨ, ਸੁਣਨ ਜਾਂ ਸ਼ਿਸ਼ਟਾਚਾਰ ਦੇ ਦਾਇਰੇ 'ਚ ਨਹੀਂ ਆਉਂਦਾ ਪਰ ਜੋ ਲੱਛਣ ਅਜੋਕੇ ਪੰਜਾਬ ਵਿਚ ਦਿਖਾਈ ਦੇ ਰਹੇ ਹਨ, ਉਹ ਪੰਜਾਬ ਨੂੰ ਉਜਾੜ ਵੱਲ ਲਿਜਾਂਦੇ ਨਜ਼ਰ ਆ ਰਹੇ ਹਨ। ਕਿ ਂਕਿ ਕੋਈ ਵੀ ਸਮਾਜ ਖਲਾਅ 'ਚ ਨਹੀਂ ਰਹਿ ਸਕਦਾ। ਉਸ ਨੂੰ ਆਪਣੇ ਲੋਕਾਂ, ਆਪਣੇ ਪਰਿੰਦ, ਚਰਿੰਦ, ਚਰਾਂਦਾਂ, ਆਪਣੀ ਜ਼ਮੀਨ, ਆਪਣੇ ਰੁੱਖਾਂ, ਆਪਣੇ ਪੌਦਿਆਂ, ਆਪਣੇ ਖੂਹਾਂ, ਆਪਣੇ ਤਲਾਬਾਂ, ਆਪਣੇ ਖੇਤਾਂ ਲਈ ਇਕ ਅਜਿਹੀ ਪ੍ਰਣਾਲੀ ਬਣਾਉਣੀ ਹੀ ਪੈਂਦੀ ਹੈ, ਜੋ ਸਮਿਆਂ ਦੇ ਆਧਾਰ 'ਤੇ ਪਰਖੀ ਜਾਵੇ ਤੇ ਖਰੀ ਵੀ ਉੱਤਰੀ ਹੋਵੇ। ਕਿਸੇ ਵੀ ਸੱਭਿਅਤਾ ਨੂੰ ਨਿਰਵਿਘਨ ਰਹਿਣ ਲਈ, ਸੁਚੱਜੀ ਰਾਜਨੀਤਿਕ ਸਥਿਰਤਾ ਦੇ ਨਾਲ ਸ਼ੁੱਧ ਭੋਜਨ-ਪਾਣੀ, ਸ਼ੁੱਧ ਵਾਤਾਵਰਣ ਅਤੇ ਸਿਹਤਮੰਦ ਸਮਾਜ ਜ਼ਰੂਰੀ ਹੈ। ਭਾਰੇ ਮਨ ਨਾਲ ਕਹਿਣਾ ਪੈਂਦਾ ਹੈ ਕਿ ਸਾਡਾ ਅੱਜ ਦਾ ਪੰਜਾਬ ਸੱਭਿਅਤਾ ਦੇ ਬਹੁਤੇ ਮੂਲ ਸਿਧਾਂਤਾਂ ਯਾਨੀ 'ਆਪਣੀ ਮੂਲ ਪਛਾਣ' ਤੋਂ ਬਹੁਤ ਦੂਰ ਜਾ ਚੁੱਕਾ ਹੈ। ਅੱਜ ਪੰਜਾਬ ਦਾ ਧਰਤੀ ਹੇਠਲਾ ਪਾਣੀ ਲਗਭਗ ਜ਼ਹਿਰੀਲਾ ਹੈ। ਸੂਬੇ ਦੇ 90 ਫ਼ੀਸਦ ਪਿੰਡ ਪੀਣ ਵਾਲੇ ਪਾਣੀ ਦੇ ਸੰਕਟ ਨਾਲ ਜੂਝ ਰਹੇ ਹਨ। ਧਰਤੀ ਹੇਠਲੇ ਪਾਣੀ ਦੀ ਜ਼ਿਆਦਾ ਦੁਰਵਰਤੋਂ ਕਾਰਨ 92 ਫ਼ੀਸਦ ਤੋਂ ਵੱਧ ਬਲਾਕ 'ਡਾਰਕ ਜ਼ੋਨ' 'ਚ ਬਦਲ ਚੁੱਕੇ ਹਨ। ਅੱਜ ਪੰਜਾਬ ਵਿਚ ਤਾਜ਼ੇ ਪਾਣੀ ਦਾ ਇਕ ਵੀ ਅਜਿਹਾ ਸੋਮਾ ਨਹੀਂ ਹੈ, ਜਿਸ ਤੋਂ ਸਿੱਧਾ ਪਾਣੀ ਪੀਤਾ ਜਾ ਸਕੇ। ਨਾਈਟ੍ਰੇਟ ਤੋਂ ਲੈ ਕੇ ਹੋਰਨਾਂ ਜ਼ਹਿਰੀਲੇ ਤੱਤ ਪਾਣੀ 'ਚ ਮੌਜੂਦ ਹਨ। ਪਿਤਾ ਦੇ ਦਰਜੇ ਵਾਲੇ ਪਾਣੀ ਦਾ ਜੀਵਨ ਹੀ ਹੁਣ ਖਤਰੇ 'ਚ ਹੈ। ਕਈ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਖੇਤੀ ਉਤਪਾਦਨ 'ਚ ਕੀਟਨਾਸ਼ਕਾਂ ਦੀ ਵੱਡੀ ਮਾਤਰਾ ਕਾਰਣ ਕਣਕ ਹੁਣ ਸੂਬੇ ਦੇ ਵਸਨੀਕ ਹੀ ਖ਼ਰੀਦਣ ਜਾਂ ਖਾਣ ਲਈ ਤਿਆਰ ਨਹੀਂ ਹਨ ਤਾਂ ਇਸ ਨੂੰ ਕਿਸ ਗੱਲ ਦੀ ਨਿਸ਼ਾਨੀ ਸਮਝਿਆ ਜਾਵੇ? ਪਿਛਲੇ ਪੰਜ ਦਹਾਕਿਆਂ ਤੋਂ ਹਰੇ ਇਨਕਲਾਬ ਚੋਂ ਪੈਦਾ ਹੋਏ ਇਸ ਵਿਕਾਸ ਨੂੰ ਇਕ ਨਵਾਂ ਸੰਪਰਦਾ ਬਣਾ ਦਿੱਤਾ ਹੈ।

ਭਾਖੜਾ ਡੈਮ ਨੂੰ ਵੀ ਨਵੇਂ ਭਾਰਤ ਦਾ ਮੰਦਰ ਐਲਾਨਿਆ ਗਿਆ ਸੀ। ਉਦੋਂ ਵਿਗਿਆਨੀਆਂ, ਕਿਸਾਨਾਂ, ਸਿਆਸਤਦਾਨਾਂ, ਯੋਜਨਾਕਾਰਾਂ ਤੋਂ ਲੈ ਕੇ ਨੌਕਰਸ਼ਾਹੀ, ਬੁੱਧੀਜੀਵੀਆਂ, ਲੇਖਕਾਂ ਅਤੇ ਆਮ ਲੋਕਾਂ 'ਚ ਬਹੁਤ ਯੋਜਨਾਬੱਧ ਯਤਨਾਂ ਨਾਲ ਇਸ ਨਵੇਂ ਮੰਦਰ ਪ੍ਰਤੀ ਬਹੁਤ ਸ਼ਰਧਾ ਪੈਦਾ ਹੋਈ। ਜਦਕਿ ਸਪਾਂਸਰਡ ਵਿਸ਼ਵਾਸ ਅਤੇ ਸ਼ਰਧਾ ਅਕਸਰ ਸੋਚ-ਹੀਣ ਹੁੰਦੇ ਹਨ। ਨਾ ਸਵਾਲ, ਨਾ ਜਵਾਬੀ ਸਵਾਲ, ਨਾ ਸ਼ੱਕ, ਕੁਝ ਵੀ ਪ੍ਰਗਟ ਨਹੀਂ ਕੀਤਾ ਗਿਆ। ਅੱਖਾਂ ਮੀਚ ਕੇ ਇਸ ਵਿਕਾਸ ਦਾ ਅੰਨ੍ਹਾ ਪਿੱਛਾ ਕਰਨਾ ਭੇਡਾਂ ਦੇ ਝੁੰਡ ਦੇ ਡੂੰਘੀ ਖਾਈ 'ਚ ਡਿੱਗਣ ਵਰਗਾ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬ ਦੇ ਧਰਤੀ ਪੁੱਤਰਾਂ ਨੇ ਰਵਾਇਤੀ ਅਤੇ ਕੁਦਰਤੀ ਖੇਤੀ ਛੱਡ ਕੇ ਜੀਵਨ ਦੇਣ ਵਾਲੇ ਦਰਿਆਵਾਂ, ਛੱਪੜਾਂ, ਟੋਬਿਆਂ, ਖੂਹਾਂ ਨੂੰ ਬੇਲੋੜਾ ਮੰਨ ਲਿਆ। ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਕਿਤੇ ਬਾਅਦ ਤੱਕ ਪੰਜਾਬ 'ਚ 17, 000 ਤਾਲਾਬਾਂ ਦਾ ਜ਼ਿਕਰ ਮਿਲਦਾ ਹੈ ਪਰ ਹੁਣ ਲੱਗਦਾ ਨਹੀਂ ਕੇ ਪੂਰੇ ਪੰਜਾਬ ਚ 700 ਤਲਾਬ ਵੀ ਬਚੇ ਹੋਣਗੇ। ਪਿਛਲੇ ਸਾਲ ਆਏ ਹੜ੍ਹ ਦੀ ਤਬਾਹੀ ਦੇਖ ਕੇ ਖਿਆਲ ਆਉਂਦਾ ਹੈ ਕਿ ਕਾਸ਼! ਪੰਜਾਬ 'ਚ ਉਹ ਸਾਰੇ ਤਾਲਾਬ ਬਚੇ ਹੁੰਦੇ ਤਾਂ ਇੰਨੀ ਤਬਾਹੀ ਨਾ ਮਚੀ ਹੁੰਦੀ। ਹਰੇ ਇਨਕਲਾਬ 'ਚੋਂ ਉੱਗੇ ਅਖੌਤੀ ਵਿਕਾਸ ਨੇ ਗਾਵਾਂ ਅਤੇ ਮੱਝਾਂ ਤੋਂ ਚਰਾਂਦਾਂ ਖੋਹ ਲਈਆਂ ਅਤੇ ਚੱਕੀਆਂ ਦੇ ਨਕਲੀ ਚਾਰੇ ਦੀ ਆਦਤ ਪਾ ਦਿੱਤੀ ਗਈ। ਫਿਰ ਵੀ ਜਦੋਂ ਗਾਵਾਂ-ਮੱਝਾਂ ਉਨ੍ਹਾਂ ਦੀਆਂ ਉਮੀਦਾਂ 'ਤੇ ਖ਼ਰੀ ਨਹੀਂ ਉਤਰੀਆਂ ਤਾਂ ਉਹਨੂੰ ਟੀਕਿਆਂ ਨਾਲ ਦੁੱਧ ਦੇਣ ਲਈ ਐਡਿਕਟ ਕਰ ਦਿੱਤਾ ਗਿਆ।



ਕੋਈ ਵੀ ਨਿਘਾਰ ਬਾਹਰੋਂ ਸ਼ੁਰੂ ਨਹੀਂ ਹੁੰਦਾ, ਚਾਹੇ ਉਹ ਘਰ ਹੋਵੇ, ਸਮਾਜ ਹੋਵੇ, ਸੂਬਾ ਹੋਵੇ ਜਾਂ ਦੇਸ਼-ਪਤਨ ਅੰਦਰੋਂ ਹੀ ਸ਼ੁਰੂ ਹੁੰਦਾ ਹੈ। ਜਦੋਂ ਵੀ ਕੋਈ ਸਮਾਜ ਆਪਣੇ ਮੂਲ ਤੋਂ ਕੱਟਦਾ ਹੈ, ਉਸ ਨੂੰ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਸ਼ੁਰੂਆਤੀ ਸਾਲਾਂ 'ਚ ਝੋਨੇ ਦੀ ਖੇਤੀ ਨਾ ਹੋਣ ਦੇ ਬਾਵਜੂਦ ਜ਼ਮੀਨ ਦੀ ਪੁਰਾਣੀ ਮਜ਼ਬੂਤੀ ਕਾਰਨ ਜਦੋਂ ਝੋਨੇ ਦੀ ਫ਼ਸਲ ਬਹੁਤ ਜ਼ਿਆਦਾ ਉੱਗੀ ਤਾਂ ਕਿਸਾਨ ਅਮੀਰ ਹੁੰਦਾ ਸੀ। ਸਾਦੇ ਘਰਾਂ ਦੀ ਥਾਂ ਖੇਤਾਂ 'ਚ ਫਾਰਮ ਹਾਊਸ ਬਣਨ ਲੱਗੇ। ਗੁਰੂ ਸਾਹਿਬ ਦੇ ਸੰਦੇਸ਼ 'ਸੁੱਚੀ ਕਿਰਤ' ਨੂੰ ਭੁੱਲ ਕੇ 'ਦਸਾਂ ਨਹੁੰਆਂ' ਦੀ ਕਮਾਈ ਕਰਨੀ ਬੰਦ ਕਰ ਦਿੱਤੀ। ਅਮੀਰ ਭੋਜਨ ਦਾ ਵਿਰਸਾ ਛੱਡ ਡੰਗਰਖੋਰੀ ਨੂੰ ਉਤਸ਼ਾਹਿਤ ਕੀਤਾ ਗਿਆ। ਦੁੱਧ, ਘਿ , ਲੱਸੀ ਨੂੰ ਛੱਡ ਕੇ ਹਰ ਨਸ਼ੇ ਨੂੰ ਚੁੱਲ੍ਹੇ-ਚੌਂਕੇ ਦਾ ਹਿੱਸਾ ਬਣਾਇਆ ਗਿਆ। 'ਵੰਡ ਛਕੋ' ਦੇ ਫਲਸਫੇ ਨੂੰ ਨਜ਼ਰਅੰਦਾਜ਼ ਕਰਕੇ 'ਨਿਜਵਾਦ' ਦਾ ਪ੍ਰਚਾਰ ਕੀਤਾ ਗਿਆ। ਸਾਦੇ ਜੀਵਨ ਤੋਂ ਇਲਾਵਾ, ਗ਼ੈਰ-ਜ਼ਰੂਰੀ ਫਜ਼ੂਲ ਖਰਚੀ ਨੂੰ ਜੀਵਨ ਦਾ ਸਮਾਨਾਰਥੀ ਮੰਨਿਆ ਗਿਆ। ਜਦੋਂ ਇਹ ਸਾਰੀਆਂ ਆਦਤਾਂ ਰਗ-ਰਗ 'ਚ ਨਸ਼ੇ ਵਾਂਗ ਵਸ ਗਈਆਂ ਤਾਂ ਕਰਜ਼ੇ ਅਤੇ ਖ਼ੁਦਕੁਸ਼ੀਆਂ ਦਾ ਅਣਥੱਕ ਸਿਲਸਿਲਾ ਸ਼ੁਰੂ ਹੋਇਆ।

# ਖਾਲੜਾ ਕੇਸ 'ਚ ਦੋਸ਼ੀ ਸਾਬਕਾ ਡੀਐੱਸਪੀ ਜਸਪਾਲ ਸਿੰਘ ਕਿੱਥੇ ਗਾਇਬ ਹੋ ਗਏ

**(ਸਫਾ 6 ਦੀ ਬਾਕੀ)**

ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਐੱਸਐੱਚ ਥਾਣਾ ਸਦਰ ਹੁਸ਼ਿਆਰਪੁਰ ਮੁਤਾਬਕ, ਹੁਣ 8 ਜੁਲਾਈ 2026 ਨੂੰ ਨਾਭਾ ਜੇਲ੍ਹ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਜਸਪਾਲ ਸਿੰਘ ਦੇ ਦਿੱਤੇ ਪਤੇ ਦੀ ਪੁਸ਼ਟੀ ਕਰਨ ਲਈ ਕਿਹਾ ਸੀ।

ਹੁਸ਼ਿਆਰਪੁਰ ਦੇ ਐੱਸਐੱਸਪੀ ਸੰਦੀਪ ਕੁਮਾਰ ਮਲਿਕ ਨੇ ਬੀਬੀਸੀ ਨੂੰ ਦੱਸਿਆ ਕਿ ਥਾਣਾ ਸਦਰ ਹੁਸ਼ਿਆਰਪੁਰ ਦੇ ਐੱਸਐੱਚ ਬਲਜਿੰਦਰ ਸਿੰਘ ਦੀ ਟੀਮ ਸਾਬਕਾ ਡੀਐੱਸਪੀ ਜਸਪਾਲ ਸਿੰਘ ਸਬੰਧੀ ਆਈ ਪੁੱਛ-ਪੜਤਾਲ ਦੀ ਜਾਂਚ ਕਰਨ ਲਈ ਗਈ ਸੀ।" ਐੱਸ ਐੱਸ ਪੀ ਮੁਤਾਬਕ, "ਜਦੋਂ ਐੱਸਐੱਚ ਬਲਜਿੰਦਰ ਸਿੰਘ ਦੀ ਟੀਮ ਪਿੰਡ ਵਿੱਚ ਗਈ ਤਾਂ ਸਾਬਕਾ ਡੀਐੱਸਪੀ ਜਸਪਾਲ ਸਿੰਘ ਦੀ ਤਸਦੀਕ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਇਸ ਕੇਸ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ ਹੈ।" ਥਾਣਾ ਸਦਰ ਹੁਸ਼ਿਆਰਪੁਰ ਬਲਜਿੰਦਰ ਸਿੰਘ ਨੇ ਬੀਬੀਸੀ ਨਾਲ ਗੱਲ ਕਰਦਿਆਂ ਦੱਸਿਆ, "ਸਾਨੂੰ ਸਾਬਕਾ ਡੀਐੱਸਪੀ ਜਸਪਾਲ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਮਾਂਝੀ ਸਬੰਧੀ ਪਨ ਖੇਤੀਬਾੜੀ ਜੇਲ੍ਹ ਨਾਭਾ ਵੱਲੋਂ 8 ਜੁਲਾਈ ਨੂੰ ਮੇਲ ਰਾਹੀਂ ਇੱਕ ਇਨਕੁਆਇਰੀ ਭੇਜੀ ਗਈ ਸੀ।"

"ਸਾਨੂੰ ਪੁੱਛਿਆ ਗਿਆ ਸੀ ਕਿ ਇਹ ਦੱਸਿਆ ਜਾਵੇ ਕਿ ਇਸ ਨਾਮ ਦਾ ਵਿਅਕਤੀ ਪਿੰਡ ਵਿੱਚ ਰਹਿੰਦਾ ਹੈ ਜਾਂ ਨਹੀਂ। ਜਿਸਦੇ ਤਹਿਤ ਜਾਂਚ ਲਈ ਜਦੋਂ ਅਸੀਂ ਪਿੰਡ ਮਾਂਝੀ ਗਏ ਤਾਂ ਉਥੋਂ ਦੇ ਸਰਪੰਚ ਜਤਿੰਦਰ ਕੁਮਾਰ ਨੇ ਦੱਸਿਆ ਕਿ ਇਸ ਨਾਮ ਦਾ ਕੋਈ ਵਿਅਕਤੀ ਪਿੰਡ ਵਿੱਚ ਨਹੀਂ ਰਹਿੰਦਾ ਹੈ।" ਐੱਸਐੱਚ ਮੁਤਾਬਕ, "ਸਰਪੰਚ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਉਮਰ 50 ਸਾਲ ਦੇ ਕਰੀਬ ਹੋ ਗਈ ਹੈ ਪਰ ਅੱਜ ਤੱਕ ਅਸੀਂ ਕਦੇ ਨਹੀਂ ਸੁਣਿਆ ਕਿ ਇਸ ਨਾਮ ਦਾ ਵਿਅਕਤੀ ਪਿੰਡ ਵਿੱਚ ਰਹਿੰਦਾ ਸੀ।" ਐੱਸਐੱਚ ਬਲਜਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਸਾਬਕਾ ਡੀਐੱਸਪੀ ਜਸਪਾਲ ਸਿੰਘ ਬਾਰੇ ਹੋਰ ਕੋਈ ਵੀ ਜਾਣਕਾਰੀ ਵਿਭਾਗ ਕੋਲ ਨਹੀਂ ਹੈ। ਬਲਜਿੰਦਰ ਸਿੰਘ ਦੱਸਦੇ ਹਨ, "ਜਸਪਾਲ ਸਿੰਘ ਦੀ ਡਿਊਟੀ ਸਰਹੱਦੀ ਇਲਾਕੇ ਵਿੱਚ ਲੱਗਦੀ ਰਹੀ ਹੈ, ਇਸ ਕਰਕੇ ਉਸ ਬਾਰੇ ਕੋਈ ਵੀ ਰਿਕਾਰਡ ਸਾਡੇ ਕੋਲ ਮੌਜੂਦ ਨਹੀਂ ਹੈ।"

ਜਸਵੰਤ ਸਿੰਘ ਖਾਲੜਾ ਮਨੁੱਖੀ ਅਧਿਕਾਰ ਕਾਰਕੁਨ ਸਨ ਅਤੇ ਉਨ੍ਹਾਂ ਨੇ ਅੰਮ੍ਰਿਤਸਰ, ਮਜੀਠਾ ਅਤੇ ਤਰਨਤਾਰਨ ਦੇ ਤਿੰਨ ਸ਼ਮਸ਼ਾਨਘਾਟਾਂ ਵਿੱਚ ਜੂਨ 1984 ਤੋਂ ਦਸੰਬਰ 1994 ਤੱਕ ਆਈਆਂ ਅਣਪਛਾਤੀਆਂ ਲਾਸ਼ਾਂ ਦੇ ਵੇਰਵੇ ਨਸ਼ਰ ਕੀਤੇ ਸਨ ਅਤੇ ਦਾਅਵਾ ਕੀਤਾ ਸੀ ਕਿ ਇਹ ਲਾਵਾਰਿਸ ਲਾਸ਼ਾਂ ਪੁਲਿਸ ਦੀਆਂ ਗੈਰ-ਕਾਨੂੰਨੀ ਕਾਰਵਾਈਆਂ ਦੀ ਗਵਾਹੀ ਭਰਦੀਆਂ ਹਨ। ਸੀਬੀਆਈ ਦੀ ਰਿਪੋਰਟ ਮੁਤਾਬਕ, 6 ਸਤੰਬਰ 1995 ਨੂੰ ਜਸਵੰਤ ਸਿੰਘ ਖਾਲੜਾ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰ ਤੋਂ ਪੰਜਾਬ ਪੁਲਿਸ ਦੇ ਕੁੱਝ ਮੁਲਾਜ਼ਮ ਚੁੱਕ ਕੇ ਲੈ ਗਏ ਸਨ।

ਸੀਬੀਆਈ ਜਾਂਚ ਮੁਤਾਬਕ, ਉਨ੍ਹਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਗਿਆ, ਤਸ਼ੱਦਦ ਕੀਤਾ ਗਿਆ ਅਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਬਾਅਦ ਵਿੱਚ ਉਨ੍ਹਾਂ ਦੀ ਲਾਸ਼ ਹਰਿਕੇ ਨਹਿਰ ਵਿੱਚ ਸੁੱਟ ਦਿੱਤੀ ਗਈ।

ਪਟਿਆਲਾ ਦੀ ਅਦਾਲਤ ਨੇ ਖਾਲੜਾ ਨੂੰ ਅਗਵਾ ਕਰਕੇ ਕਤਲ ਕਰਨ ਦੇ ਕੇਸ ਵਿੱਚ ਸਾਬਕਾ ਡੀਐੱਸਪੀ ਜਸਪਾਲ ਸਿੰਘ ਅਤੇ ਅਮਰਜੀਤ ਨੂੰ ਆਈਪੀਸੀ ਦੀ ਧਾਰਾ 302/34 ਅਤੇ 201/34 ਤਹਿਤ ਕਤਲ ਦੇ ਦੋਸ਼ੀ ਮੰਨਦਿਆਂ ਉਮਰ ਕੈਦ ਦੀ ਸਜ਼ਾ ਦਿੱਤੀ।

ਕੁਝ ਹੋਰ ਦੋਸ਼ੀਆਂ ਨੂੰ ਆਈ ਪੀ ਸੀ ਦੀ ਧਾਰਾ 364/34 ਤਹਿਤ ਅਗਵਾ ਕਰਨ ਲਈ ਦੋਸ਼ੀ ਮੰਨਦਿਆਂ ਸੱਤ ਸਾਲ ਦੀ ਸਜ਼ਾ ਸੁਣਾਈ ਗਈ। ਫਿਰ ਮਾਮਲਾ ਹਾਈ ਕੋਰਟ ਪਹੁੰਚਿਆ, ਜਿਸ ਵਿੱਚ ਅਮਰਜੀਤ ਸਿੰਘ ਨੂੰ 2007 'ਚ ਬਰੀ ਕਰ ਦਿੱਤਾ ਗਿਆ।

ਪਰ ਸਤਨਾਮ ਸਿੰਘ, ਸੁਰਿੰਦਰ ਪਾਲ ਸਿੰਘ, ਜਸਬੀਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਦੀ ਸਜ਼ਾ ਸੱਤ ਸਾਲ ਤੋਂ ਵਧਾ ਕੇ ਉਮਰ ਕੈਦ ਕਰ ਦਿੱਤੀ ਗਈ। ਸਾਬਕਾ ਡੀ ਐੱਸ ਪੀ ਜਸਪਾਲ ਸਿੰਘ ਦੀ ਸਜ਼ਾ 2007 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ 2011 ਵਿੱਚ ਸੁਪਰੀਮ ਕੋਰਟ ਨੇ ਵੀ ਬਰਕਰਾਰ ਰੱਖੀ। ਜਸਪਾਲ ਸਿੰਘ ਨੇ 2017 ਵਿੱਚ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਇਹ ਮੰਗ ਰੱਦ ਕਰ ਦਿੱਤੀ।

ਇਸ ਤੋਂ ਬਾਅਦ ਮਈ 2023 ਵਿੱਚ ਪਟਿਆਲਾ ਅਦਾਲਤ ਨੇ ਉਸ ਨੂੰ ਇੱਕ ਲੱਖ ਦੇ ਜ਼ਮਾਨਤੀ ਬਾਂਡ 'ਤੇ ਜ਼ਮਾਨਤ ਦੇ ਦਿੱਤੀ ਅਤੇ ਜਸਪਾਲ ਸਿੰਘ ਨਾਭਾ ਪਨ ਜੇਲ੍ਹ ਤੋਂ ਬਾਹਰ ਆ ਗਿਆ। ਪੰਜਾਬ ਸਰਕਾਰ ਦੇ ਬੁਲਾਰੇ ਬਲਤੇਜ ਪੰਨੂ ਨੇ ਵੀਰਵਾਰ ਨੂੰ ਪ੍ਰੈੱਸ ਕਾਨਫਰੰਸ ਕਰਕੇ ਸਾਬਕਾ ਡੀ-ਐੱਸਪੀ ਜਸਪਾਲ ਸਿੰਘ ਬਾਰੇ ਕਾਨੂੰਨੀ ਜਾਣਕਾਰੀਆਂ ਸਾਂਝੀਆਂ ਕੀਤੀਆਂ ਅਤੇ ਵਿਰੋਧੀ ਪਾਰਟੀਆਂ 'ਤੇ ਸਿਆਸਤ ਕਰਨ ਦੇ ਇਲਜ਼ਾਮ ਲਗਾਏ।

ਬਲਤੇਜ ਪੰਨੂ ਨੇ ਕਿਹਾ, "ਜਸਪਾਲ ਸਿੰਘ ਵੱਲੋਂ ਸਮੇਂ ਤੋਂ ਪਹਿਲਾਂ ਰਿਹਾਈ ਲਈ ਅਰਜ਼ੀਆਂ ਕੇਂਦਰ ਸਰਕਾਰ ਨੂੰ ਭੇਜੀਆਂ ਗਈਆਂ ਹਨ, ਨਾ ਕਿ ਪੰਜਾਬ ਸਰਕਾਰ ਨੂੰ। ਜੇਕਰ ਸਰਕਾਰ ਨੂੰ ਕੇਂਦਰੀ ਗ੍ਰਹਿ ਵਿਭਾਗ ਵੱਲੋਂ ਜਸਪਾਲ ਸਿੰਘ ਸਬੰਧੀ ਕੋਈ ਵੀ ਅਰਜ਼ੀ ਨਹੀਂ ਭੇਜੀ ਗਈ ਤਾਂ ਸਰਕਾਰ ਕਿਵੇਂ ਉਸਦੀ ਸਜ਼ਾ ਮੁਆਫੀ ਦੇ ਹੁਕਮ ਦੇ ਸਕਦੀ ਹੈ।" ਬਲਤੇਜ ਪੰਨੂ ਮੁਤਾਬਕ, ਇਸ ਵੇਲੇ ਸਾਬਕਾ ਡੀਐੱਸਪੀ ਜਸਪਾਲ ਸਿੰਘ ਪੈਰੋਲ 'ਤੇ ਹੈ। ਪੰਨੂ ਦਾ ਕਹਿਣਾ ਕਿ ਅਕਾਲੀ ਦਲ ਵੱਲੋਂ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਪੰਜਾਬ ਦੀਆਂ ਉਹ ਮਾਵਾਂ ਜਿਨ੍ਹਾਂ ਦੇ 'ਪੁੱਤਾਂ ਨੂੰ ਨਸ਼ੇ ਖਾ ਗਏ'

"ਰੱਬ ਮੈਨੂੰ ਔਲਾਦ ਦਿੰਦਾ ਹੀ ਨਾ।" "ਕਾਸ਼ ਮੇਰਾ ਪੁੱਤ ਜੇਲ੍ਹ ਤੋਂ ਬਾਹਰ ਨਾ ਆਉਂਦਾ।" "ਘਰ ਰਾਸ਼ਨ ਨਹੀਂ ਸੀ। ਪਰ ਪੈਸੇ ਇਕੱਠੇ ਕਰਕੇ ਨਸ਼ਾ ਛਡਾਊ ਕੇਂਦਰ ਦੀ ਫ਼ੀਸ ਭਰੀ।" ਇਹ ਉਨ੍ਹਾਂ ਮਾਵਾਂ ਦੀਆਂ 'ਚੀਸਾਂ' ਹਨ, ਜਿਹੜੀਆਂ ਨਸ਼ਿਆਂ ਕਰਕੇ ਆਪਣੇ ਪੁੱਤ ਗਵਾ ਬੈਠੀਆਂ ਹਨ ਜਾਂ ਉਹ ਜਿਹੜੀਆਂ ਰੋਜ਼ਾਨਾ ਫ਼ਿਕਰਾਂ ਵਿੱਚ ਰਹਿੰਦੀਆਂ ਹਨ ਕਿ ਉਨ੍ਹਾਂ ਦਾ ਪੁੱਤ ਜਿਉਂਦਾ ਘਰ ਪਰਤੇਗਾ ਜਾਂ ਨਹੀਂ। ਪੰਜਾਬ ਵਿੱਚ ਨਸ਼ਿਆਂ ਬਾਰੇ ਚਰਚਾ ਹਮੇਸ਼ਾ ਨਸ਼ਾ ਕਰਨ ਵਾਲੇ ਲੋਕ, ਨਸ਼ਾ ਤਸਕਰਾਂ, ਪੁਲਿਸ ਕਾਰਵਾਈ ਅਤੇ ਸਿਆਸਤ ਤੱਕ ਸੀਮਤ ਰਹਿੰਦੀ ਹੈ।

ਇਸ ਚਰਚਾ ਦੌਰਾਨ ਇੱਕ ਪੱਖ ਹਮੇਸ਼ਾ ਨਜ਼ਰਅੰਦਾਜ਼ ਰਹਿ ਜਾਂਦਾ ਹੈ ਅਤੇ ਉਹ ਪੱਖ ਹੈ ਮਾਵਾਂ ਅਤੇ ਮਹਿਲਾਵਾਂ ਦਾ। ਇਹ ਉਹ ਮਾਵਾਂ ਅਤੇ ਮਹਿਲਾਵਾਂ ਹਨ, ਜਿਹੜੀਆਂ ਪਰਦੇ ਪਿੱਛੋਂ ਨਸ਼ਿਆਂ ਖ਼ਿਲਾਫ਼ ਜੰਗ ਲੜਦੀਆਂ ਹਨ।

ਵਰਤਮਾਨ ਵਿੱਚ, ਪੰਜਾਬ ਅੰਦਰ ਨਸ਼ਿਆਂ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸ ਮੁਹਿੰਮ ਤਹਿਤ ਪੁਲਿਸ ਨੇ ਹਜ਼ਾਰਾਂ ਗ੍ਰਿਫ਼ਤਾਰੀਆਂ ਕੀਤੀਆਂ, ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕੀਤੀ ਅਤੇ ਕਥਿਤ ਤਸਕਰਾਂ ਖ਼ਿਲਾਫ਼ ਕਾਰਵਾਈ ਵੀ ਕੀਤੀ ਹੈ। ਪਰ ਇਹ ਸਮੱਸਿਆ ਹਾਲੇ ਵੀ ਖਤਮ ਨਹੀਂ ਹੋਈ।

ਸੁਲਤਾਨਪੁਰ ਲੋਧੀ ਦੇ ਵਸਨੀਕ ਪਰਮਜੀਤ ਕੌਰ ਦੇ ਪਤੀ ਅਤੇ ਇੱਕ ਪੁੱਤ ਦੀ ਬਿਮਾਰੀ ਕਾਰਨ ਕਈ ਸਾਲ ਪਹਿਲਾਂ ਮੌਤ ਹੋ ਗਈ ਸੀ। ਹੁਣ ਉਨ੍ਹਾਂ ਦਾ 33 ਸਾਲਾ ਪੁੱਤ ਹੀ ਉਨ੍ਹਾਂ ਦਾ ਇੱਕੋ-ਇਕ ਸਹਾਰਾ ਹੈ। ਪਰ ਉਹ ਵੀ ਪਿਛਲੇ 10-12 ਸਾਲ ਤੋਂ ਨਸ਼ਿਆਂ ਦੇ ਜਾਲ਼ ਵਿੱਚ ਫਸਿਆ ਹੋਇਆ ਹੈ। ਉਹ ਕਹਿੰਦੇ ਹਨ, "10 ਸਾਲ ਹੋ ਗਏ ਮੇਰੇ ਮੁੰਡੇ ਨੂੰ ਨਸ਼ਾ ਕਰਦੇ ਹੋਏ। ਕਦੇ ਨਸ਼ਾ ਛਡਾਊ ਕੇਂਦਰ ਛੱਡ ਆਉਂਦੀ ਹਾਂ, ਕਦੇ ਲੈ ਆਉਂਦੀ ਹਾਂ। ਇਹੀ ਚੱਲ ਰਿਹਾ ਹੈ। ਹੁਣ ਫਿਰ ਨਸ਼ਾ ਛਡਾਊ ਕੇਂਦਰ ਵਿੱਚ ਮਹੀਨਾ ਲਵਾਇਆ ਹੈ। ਘਰ 'ਚ ਰਾਸ਼ਨ ਨਹੀਂ ਸੀ। ਪਰ ਪੈਸੇ ਇਕੱਠੇ ਕਰਕੇ ਨਸ਼ਾ ਛਡਾਊ ਕੇਂਦਰ ਦੀ ਫ਼ੀਸ ਭਰੀ।" "ਉਧਾਰ ਮੰਗ-ਮੰਗ ਕੇ ਨਸ਼ਾ ਛਡਾਊ ਕੇਂਦਰਾਂ ਦੀ ਫ਼ੀਸ ਭਰਦੀ ਹਾਂ। ਪਰ ਕੁੱਝ ਦਿਨ ਛੱਡਕੇ ਫਿਰ ਨਸ਼ਾ ਕਰਨ ਲੱਗ ਪੈਂਦਾ ਹੈ।" "ਮੈਂ ਆਪਣੇ ਪੁੱਤ ਨੂੰ ਕਦੇ ਮਿੱਟੀ ਨਹੀਂ ਸੀ ਲੱਗਣ ਦਿੰਦੀ। ਮੈਂ ਕਹਿੰਦੀ ਸੀ ਇਹ ਮੇਰਾ ਹੀਰਾ ਹੈ। ਪਰ ਹੁਣ ਮੇਰਾ ਪੁੱਤ ਕੱਖਾਂ ਤੋਂ ਹੌਲਾ ਹੋ ਗਿਆ।"

ਇੱਕ ਹੋਰ ਵਸਨੀਕ ਪਰਮਜੀਤ ਕੌਰ ਦਾ ਇਕਲੌਤਾ ਪੁੱਤਰ ਵੀ ਨਸ਼ਿਆਂ ਦੇ ਦਲਦਲ ਵਿੱਚ ਫਸਿਆ ਹੋਇਆ ਹੈ। ਮੌਜੂਦਾ ਸਮੇਂ ਵੀ ਪਰਮਜੀਤ ਕੌਰ ਦਾ ਪੁੱਤ ਇੱਕ ਨਿੱਜੀ ਨਸ਼ਾ ਛਡਾਊ ਕੇਂਦਰ ਵਿੱਚ ਦਾਖ਼ਲ ਹੈ। ਪਰ ਉਸ ਕੋਲ ਕੇਂਦਰ ਦੀ ਫ਼ੀਸ ਭਰਨ ਵਾਸਤੇ ਪੈਸੇ ਨਹੀਂ ਹਨ। ਆਪਣੇ ਸੰਘਰਸ਼ ਨੂੰ ਬਿਆਨ ਕਰਦਿਆਂ ਉਹ ਕਹਿੰਦੇ ਹਨ, "ਇਹ ਕੋਈ ਮਾਵਾਂ ਤੋਂ ਪੁੱਛਕੇ ਦੇਖੇ ਕਿ ਉਨ੍ਹਾਂ ਦੇ ਦਿਲ ਉੱਤੇ ਕੀ ਬੀਤਦੀ ਹੈ। ਜਿਨਾਂ ਦਾ ਇੱਕੋ-ਇੱਕ ਪੁੱਤ ਹੋਵੇ ਅਤੇ ਉਹ ਵੀ ਅਜਿਹੀ ਦਲਦਲ ਵਿੱਚ ਫਸਿਆ ਹੋਵੇ, ਜਿਸਦਾ ਰਸਤਾ ਸਿੱਧਾ ਮੌਤ ਨੂੰ ਜਾਂਦਾ ਹੋਵੇ।" "ਹਮੇਸ਼ਾ ਇਹ ਫ਼ਿਕਰ ਰਹਿੰਦੀ ਹੈ ਕਿ ਕਿਤੇ ਬਾਹਰ ਕੁੱਝ ਹੋ ਨਾ ਜਾਵੇ। ਮੇਰਾ ਪੁੱਤ ਇੱਕ ਵਾਰੀ ਉਵਰਡੋਜ਼ ਨਾਲ ਪਾਰਕ ਵਿੱਚ ਬੇਹੋਸ਼ ਹੋ ਗਿਆ ਸੀ। ਮੁੰਡੇ ਉਸਦੇ ਮੂੰਹ ਉੱਤੇ ਚਪੇੜਾਂ ਮਾਰਕੇ ਉਸਨੂੰ ਉਠਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਪਰ ਉਹ ਉੱਠ ਨਹੀਂ ਰਿਹਾ ਸੀ। ਉਸਦੇ ਮੂੰਹ ਵਿੱਚ ਮੱਖੀਆਂ ਪੈ ਰਹੀਆਂ ਸਨ। ਸਾਨੂੰ ਲੱਗ ਰਿਹਾ ਸੀ ਉਹ ਮਰ ਗਿਆ ਹੈ।"



"ਉਹ ਹਾਲਾਤ ਮੈਨੂੰ ਵਾਰ-ਵਾਰ ਚੇਤੇ ਆਉਂਦੇ ਰਹਿੰਦੇ ਹਨ। ਸੋਚਦੀ ਰਹਿੰਦੀ ਹਾਂ, ਕਿਤੇ ਦੁਬਾਰਾ ਉਸੇ ਤਰ੍ਹਾਂ ਨਾ ਹੋ ਜਾਵੇ। ਜੇ ਬਾਹਰ ਫਿਰ ਏਦਾਂ ਹੋ ਗਿਆ ਅਤੇ ਸਾਨੂੰ ਨਾ ਪਤਾ ਲੱਗਾ।" "ਦੋ ਵਾਰੀ ਨਸ਼ਾ ਛਡਾਊ ਕੇਂਦਰ ਭੇਜਿਆ। ਹੁਣ ਵੀ ਨਸ਼ਾ ਛਡਾਊ ਕੇਂਦਰ ਵਿੱਚ ਹੈ। ਕੇਂਦਰ ਵਾਲੇ ਫ਼ੀਸ ਮੰਗ ਰਹੇ ਹਨ। ਪਰ ਸਾਡੇ ਕੋਲ ਫਿਲਹਾਲ ਪੈਸੇ ਨਹੀਂ ਹਨ।" "ਮੇਰੀ ਨੂੰਹ ਗਰਭਵਤੀ ਹੈ। ਜਿਸ ਸਮੇਂ ਉਸਨੂੰ ਆਪਣੇ ਪਤੀ ਦੀ ਵੱਧ ਲੋੜ ਹੈ, ਉਹ ਕੋਲ ਨਹੀਂ ਹੈ। ਉਸ ਉੱਤੇ ਕੀ ਬੀਤ ਰਹੀ ਹੈ, ਇਹ ਉਹੀ ਜਾਣਦੀ ਹੈ।" "ਜਦੋਂ ਨਸ਼ੇ ਕਰਨ ਵਾਸਤੇ ਪੈਸੇ ਨਹੀਂ ਹੁੰਦੇ, ਮਜ਼ਬੂਰ ਹੋਕੇ ਘਰੋਂ ਚੋਰੀ ਕਰਦਾ ਹੈ।" "ਮੇਰਾ ਮੁੰਡਾ ਕਬੱਡੀ ਖੇਡਦਾ ਸੀ, ਇਨਾਮ ਜਿੱਤ ਕੇ ਲਿਆਉਂਦਾ ਸੀ। ਉਹਦੀ ਜ਼ਿੰਦਗੀ ਬਹੁਤ ਵਧੀਆ ਸੀ। ਮੈਂ ਰੋਜ਼ਾਨਾ ਰੋਂਦੀ ਹਾਂ ਅਤੇ ਕਹਿੰਦੀ ਹਾਂ ਕਿ ਪੁੱਤ ਉਸ ਪੁਰਾਣੀ ਜ਼ਿੰਦਗੀ ਵਿੱਚ ਵਾਪਸ ਆਜਾ। ਮੈਂ ਤੇਰਾ ਸਾਥ ਦੇਵਾਂਗੀ। ਪਰ ਉਹ ਨਸ਼ੇ ਛੱਡ ਨਹੀਂ ਰਿਹਾ।"

## ਜਿਨ੍ਹਾਂ ਦੇ ਪੁੱਤ ਮੁੜ ਕੇ ਨਹੀਂ ਆਏ

ਉਨ੍ਹਾਂ ਪਰਿਵਾਰਾਂ ਦੇ ਹਾਲਾਤ ਹੋਰ ਵੀ ਦਰਦਨਾਕ ਹਨ, ਜਿਨ੍ਹਾਂ ਪਰਿਵਾਰਾਂ ਨੇ ਨਸ਼ਿਆਂ ਕਾਰਨ ਕਥਿਤ ਤੌਰ ਉੱਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਗਵਾਇਆ ਹੈ। ਜਗਰਾਉਂ ਦੇ ਇੱਕ ਮੁੱਹਲੇ ਦੇ ਵਸਨੀਕਾਂ ਮੁਤਾਬਕ, ਨਸ਼ਿਆਂ ਕਰਨ ਕਥਿਤ ਤੌਰ ਉੱਤੇ ਇੱਥੇ ਵੀ ਮੌਤਾਂ ਹੋਈਆਂ ਹਨ। ਇੱਥੋਂ ਦੇ ਰਹਿਣ ਵਾਲੇ ਬਲਜੀਤ ਕੌਰ ਮੁਤਾਬਕ, ਉਨ੍ਹਾਂ ਦੇ ਜਵਾਨ ਪੁੱਤ ਦੀ ਮੌਤ 27 ਜੁਲਾਈ 2024 ਨੂੰ ਕਥਿਤ ਤੌਰ ਉੱਤੇ ਨਸ਼ਿਆਂ ਕਾਰਨ ਹੋਈ ਸੀ। ਉਹ ਦਾਅਵਾ ਕਰਦੇ ਹਨ, "ਮੇਰੇ ਤਿੰਨ ਮੁੰਡੇ ਸੀ। ਇੱਕ ਦੀ ਨਸ਼ਿਆਂ ਕਰਕੇ ਮੌਤ ਹੋ ਗਈ ਅਤੇ ਦੂਜੇ ਦੋਵੇਂ ਮੁੰਡੇ ਨਸ਼ੇ ਕਰਦੇ ਹਨ। ਤਿੰਨੇ ਸਕੂਲ ਸਮੇਂ ਹੀ ਨਸ਼ਾ ਕਰਨ ਲੱਗ ਪਏ ਸੀ।" ਉਹ ਕਹਿੰਦੇ ਹਨ, "ਜੇਕਰ ਪੁੱਤਾਂ ਨੇ ਨਸ਼ਿਆਂ ਵਿੱਚ ਹੀ ਪੈਣਾ ਸੀ ਤਾਂ ਚੰਗਾ ਹੁੰਦਾ ਜੇਕਰ ਰੱਬ ਮੈਨੂੰ ਔਲਾਦ ਦਿੰਦਾ ਹੀ ਨਾ।" ਉਹ ਦਾਅਵਾ ਕਰਦੇ ਹਨ, "ਮੇਰਾ ਮੁੰਡਾ ਟੀਕਾ ਲਾਕੇ ਮਰਿਆ। ਉਹ ਟੀਕਾ ਲਗਾਕੇ ਡਿੱਗ ਪਿਆ ਸੀ। ਉਹ ਅਜੇ ਤੱਕ ਨਹੀਂ ਭੁੱਲਦਾ। ਉਸਦੀ ਫੋਟੋ ਦੇਖਕੇ ਰੋਂਦੀ ਰਹਿੰਦੀ ਹਾਂ। ਉਸਦੀ ਮੌਤ ਮੇਰੇ ਹੱਥਾਂ ਵਿੱਚ ਹੀ ਹੋਈ ਸੀ। ਜਦੋਂ ਉਸਦੀ ਜਾਨ ਨਿੱਕਲ ਰਹੀ ਸੀ ਤਾਂ ਉਹ ਮੇਰੀ ਬੁੱਕਲ ਵਿੱਚ ਹੀ ਸੀ।" ਕੁਲਦੀਪ ਕੌਰ ਅਤੇ ਉਨ੍ਹਾਂ ਦੇ ਪਤੀ ਹਰਬੰਸ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਜਵਾਨ ਪੁੱਤ ਦੀ ਮੌਤ ਇਸੇ ਸਾਲ 8 ਅਪ੍ਰੈਲ ਨੂੰ ਹੋਈ ਸੀ। ਹਰਬੰਸ ਸਿੰਘ ਦਾਅਵਾ ਕਰਦੇ ਹਨ, "ਮੇਰੇ ਮੁੰਡੇ ਦੀ ਮੌਤ ਚਿੱਟੇ ਕਰਕੇ ਹੋਈ ਹੈ। ਆਖ਼ਰੀ ਦਿਨ ਉਸਨੇ ਚਾਰ ਟੀਕੇ ਲਾਏ ਸਨ। ਉਹ ਆਪਣੇ ਪੈਰਾਂ, ਧੌਣ ਅਤੇ (ਪ੍ਰਾਈਵੇਟ ਪਾਰਟ) ਵਿੱਚ ਟੀਕਾ ਲਗਾਉਂਦਾ ਸੀ।" ਕੁਲਦੀਪ ਕੌਰ ਦਾਅਵਾ ਕਰਦੇ ਹਨ, "ਇੱਕ ਟੀਕਾ ਉਸਨੇ ਸਵੇਰੇ ਲਾਇਆ। ਤਿੰਨ ਆਖ਼ਰੀ ਸਮੇਂ 10-15 ਮਿੰਟਾਂ ਦੇ ਵਕਫ਼ੇ ਵਿੱਚ ਲਗਾਏ। ਇਹ ਤਿੰਨੇ ਟੀਕੇ ਉਸਨੇ ਪ੍ਰਾਈਵੇਟ ਪਾਰਟ ਵਿੱਚ ਲਾਏ।" ਕੁਲਦੀਪ ਕੌਰ ਕਹਿੰਦੇ ਹਨ, "ਅਸੀਂ ਪਾਗਲ ਹੋ ਗਏ ਮੁੰਡੇ ਪਿੱਛੇ। ਉਸਦਾ ਨਸ਼ਾ ਛਡਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਉਸਨੂੰ ਕੁੱਟ ਕੇ ਵੀ ਦੇਖਿਆ, ਰੋਟੀ ਨਾ ਦੇਕੇ ਵੀ ਦੇਖਿਆ, ਘਰੋਂ ਕੱਢ ਕੇ ਵੀ ਦੇਖਿਆ। ਤਾਂ ਜੋ ਸਾਨੂੰ ਇਹ ਦਿਨ ਨਾ ਦੇਖਣੇ ਪੈਣ ਅਤੇ ਇਹ ਸੁਧਰ ਜਾਵੇ। ਪਰ ਉਹ ਸੁਧਰਿਆ ਨਹੀਂ।"

ਕੁਲਦੀਪ ਕੌਰ ਦੱਸਦੇ ਹਨ, "ਮੇਰਾ ਪੁੱਤ 14 ਮਹੀਨੇ ਜੇਲ੍ਹ ਵਿੱਚ ਵੀ ਰਿਹਾ ਸੀ। ਉਹ ਕਥਿਤ ਬਲੈਕੀਆਂ ਨਾਲ ਰਲ਼ ਕੇ ਚਿੱਟਾ ਵੇਚਦਾ ਫੜ੍ਹਿਆ ਗਿਆ ਸੀ। ਅਸੀਂ ਉਸਨੂੰ ਛੁਡਾਉਣ ਲਈ ਉਸਦੇ ਮਗਰ ਨਹੀਂ ਗਏ ਸੀ। ਹੁਣ ਅਸੀਂ ਸੋਚਦੇ ਹਾਂ ਕਿ ਕਾਸ਼ ਮੇਰਾ ਪੁੱਤ ਜੇਲ੍ਹ ਤੋਂ ਬਾਹਰ ਹੀ ਨਾ ਆਉਂਦਾ। ਜੇ ਜੇਲ੍ਹ ਵਿੱਚ ਹੀ ਰਹਿੰਦਾ ਤਾਂ ਸ਼ਾਇਦ ਬਚ ਜਾਂਦਾ।" ਐਨਐਸਆਰਬੀ ਦੀ ਤਾਜ਼ਾ ਰਿਪੋਰਟ ਮੁਤਾਬਕ, ਪੰਜਾਬ ਵਿੱਚ ਸਾਲ 2024 ਵਿੱਚ ਨਸ਼ਿਆਂ ਦੀ ਉਵਰਡੋਜ਼ ਨਾਲ 106 ਮੌਤਾਂ ਹੋਈਆਂ ਸਨ।

ਹਾਲਾਂਕਿ, ਲੋਕਾਂ ਦਾ ਦਾਅਵਾ ਅਤੇ ਇਲਜ਼ਾਮ ਹੈ ਕਿ ਬਹੁਤ ਵਾਰੀ ਲੋਕ ਸਮਾਜਕ ਬੇਜੱਤੀ ਦੇ ਡਰੋਂ ਨਸ਼ਿਆਂ ਨਾਲ ਹੋਈ ਮੌਤ ਨੂੰ ਸਾਹਮਣੇ ਲਿਆਉਣ ਦੀ ਬਜਾਏ ਛਿਪਾਉਣ ਨੂੰ ਤਵੱਜੋ ਦਿੰਦੇ ਹਨ। ਬਲਜੀਤ ਦੱਸਦੇ ਹਨ ਕਿ ਉਨ੍ਹਾਂ ਨੇ ਆਪਣੇ ਪੁੱਤਰ ਦਾ ਪੋਸਟਮਾਰਟਮ ਨਹੀਂ ਕਰਵਾਇਆ। ਉਹ ਕਹਿੰਦੇ ਹਨ ਕਿ ਉਸ ਦਿਨ ਉਹ ਖੁਦ ਵੀ ਬਿਮਾਰ ਹੋ ਗਏ ਸਨ। ਉਹ ਕਹਿੰਦੇ ਹਨ, "ਜਵਾਨ ਪੁੱਤ ਦੀ ਮੌਤ ਦੇ ਦੁੱਖ ਵਿੱਚ ਪੋਸਟਮਾਰਟਮ ਕਰਵਾਉਣ ਦਾ

**(ਬਾਕੀ ਅਗਲੇ ਸਫੇ 'ਤੇ)**

TANVIR Tour & Travels
FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
IRS e-file
CTEC California Tax Education Council Registered Tax Preparer
E.A.
Open 7 Days
Weekends/Evenings
(Year Round Service)
Resonalbe Rates
Call for Appointment

CALL: R. PAL. SINGH EA-
510-750-3464
EA 00097224, CRTP A44237 Realtor#148514
Insurance Life- Only Agent #0G76896
39111 Paseo Padre Pkwy , suite 201 C,
Fremont, CA 94538
Email:singhrpal@sbeglobal.net Singhtax.com

# ਹੁਣ ਕਿਉਂ ਹੋ ਰਹੀ ਹੈ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਦੀ ਚਰਚਾ

"ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ-2026" ਸਬੰਧੀ ਬੀਤੇ ਸੋਮਵਾਰ ਨੂੰ ਸਿੱਖ ਵਿਧਾਇਕਾਂ ਅਤੇ ਮੰਤਰੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦਿਆ ਗਿਆ ਸੀ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਕਾਨੂੰਨ ਸਬੰਧੀ ਵਿਧਾਇਕਾਂ ਤੇ ਮੰਤਰੀਆਂ ਨੂੰ ਕੁਝ ਸਵਾਲ ਕੀਤੇ ਗਏ ਅਤੇ ਇਤਰਾਜ਼ ਦੱਸੇ ਗਏ। ਪੇਸ਼ੀ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ "ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ-2026" ਸਬੰਧੀ ਇਤਰਾਜ਼ਾਂ ਨੂੰ ਦੂਰ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਇਸ ਪੇਸ਼ੀ ਦੌਰਾਨ ਕਰੀਬ 67 ਸਾਲ ਪਹਿਲਾਂ ਹੋਏ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਦਾ ਜ਼ਿਕਰ ਵੀ ਹੋਇਆ।

ਪੇਸ਼ੀ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਜਥੇਦਾਰ ਗੜਗੱਜ ਨੂੰ ਸੰਬੋਧਨ ਹੁੰਦਿਆਂ ਕਿਹਾ, "ਸਾਡੇ ਵੱਲੋਂ ਵਿਧਾਨ ਸਭਾ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਕਾਨੂੰਨ ਬਣਾਉਣ ਤੋਂ ਪਹਿਲਾਂ ਨਹਿਰੂ – ਤਾਰਾ ਸਿੰਘ ਸਮਝੌਤੇ ਨੂੰ ਧਿਆਨ ਵਿੱਚ ਰੱਖਿਆ ਜਾਵੇ। ਇਸ ਸਮਝੌਤੇ ਤਹਿਤ ਸਰਕਾਰ ਕਾਨੂੰਨ ਲੈ ਕੇ ਆਈ ਸੀ ਕਿ ਕੋਈ ਵੀ ਸਿੱਖਾਂ ਨਾਲ ਜੁੜੇ ਕਾਨੂੰਨ ਵਿੱਚ ਤਰਮੀਮ ਹੋਣੀ ਹੈ ਤਾਂ ਜਦੋਂ ਤੱਕ ਐੱਸਜੀਪੀਸੀ ਇਸ ਨੂੰ ਮਨਜ਼ੂਰੀ ਨਹੀਂ ਦਿੰਦੀ ਉਦੋਂ ਤੱਕ ਕੋਈ ਵੀ ਤਰਮੀਮ ਨਹੀਂ ਕੀਤੀ ਜਾ ਸਕਦੀ। ਅਸੀਂ ਬੇਨਤੀ ਕੀਤੀ ਪਰ ਸਾਡੀ ਬੇਨਤੀ ਨਜ਼ਰਅੰਦਾਜ਼ ਕੀਤੀ ਗਈ।" ਪਰ ਇਹ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤਾ ਆਖਿਰ ਹੈ ਕੀ, ਸਿੱਖ ਮਾਮਲਿਆਂ ਬਾਰੇ ਇਸ ਨੂੰ ਕਿਉਂ ਅਹਿਮ ਮੰਨਿਆ ਗਿਆ, ਇਹ ਸਮਝੌਤਾ ਕਿਉਂ ਹੋਇਆ ਸੀ, ਇਨ੍ਹਾਂ ਸਾਰੇ ਸਵਾਲਾਂ ਬਾਰੇ ਰਿਪੋਰਟ ਵਿੱਚ ਜਾਣਦੇ ਹਾਂ।

### ਨਹਿਰੂ-ਤਾਰਾ ਸਿੰਘ ਸਮਝੌਤੇ ਦੇ ਹਾਲਾਤ ਕਿਉਂ ਬਣੇ?

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਿੱਖ ਮੰਤਰੀਆਂ-ਵਿਧਾਇਕਾਂ ਦੀ ਪੇਸ਼ੀ ਤੋਂ ਬਾਅਦ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਮੰਤਰੀਆਂ-ਵਿਧਾਇਕਾਂ ਨੇ ਮੰਨਿਆ ਹੈ ਕਿ ਇਹ ਕਾਨੂੰਨ ਕਾਹਲੀ ਵਿੱਚ ਲਿਆਂਦਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਕਾਨੂੰਨ ਦਾ ਖੂਬ ਪ੍ਰਚਾਰ ਵੀ ਕੀਤਾ ਗਿਆ ਤੇ ਇਸ ਨਵੇਂ ਕਾਨੂੰਨ ਨੂੰ ਸੂਬਾ ਸਰਕਾਰ ਨੇ 'ਸਖ਼ਤ ਬੇਅਦਬੀ ਵਿਰੋਧੀ ਕਾਨੂੰਨ' ਵੀ ਦੱਸਿਆ। ਪਰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਇਸ ਕਾਨੂੰਨ ਜ਼ਰੀਏ ਸਰਕਾਰ ਵੱਲੋਂ ਪੰਥ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਕੀਤੀ ਗਈ ਹੈ। ਕਰੀਬ 67 ਸਾਲ ਪਹਿਲਾਂ ਯਾਨੀ 1959 ਵਿੱਚ ਵੀ ਪੰਜਾਬ ਸਰਕਾਰ ਉੱਤੇ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਦੇ ਇਲਜ਼ਾਮ ਲੱਗੇ ਸਨ। ਇਤਿਹਾਸਕਾਰ ਜੇਐੱਸ ਗਰੇਵਾਲ ਨੇ ਕਿਤਾਬ 'ਮਾਸਟਰ ਤਾਰਾ ਸਿੰਘ ਇਨ ਇੰਡੀਅਨ ਹਿਸਟਰੀ: ਕੋਲੋਨੀਜ਼ਮ ਨੈਸ਼ਨਲਿਜ਼ਮ ਐਂਡ ਦਿ ਪੌਲਿਟਿਕਸ ਆਫ ਸਿੱਖ ਆਈਡੈਂਟਟੀ' ਲਿਖੀ ਹੈ-

ਉਸ ਵਿੱਚ ਜੇ ਐੱਸ ਗਰੇਵਾਲ ਲਿਖਦੇ ਹਨ, "1959 ਵਿੱਚ ਐੱਸਜੀਪੀਸੀ ਉੱਤੇ ਆਪਣਾ ਕੰਟਰੋਲ ਵਧਾਉਣ ਲਈ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਕਾਨੂੰਨ ਵਿੱਚ ਬਦਲਾਅ ਕਰਕੇ ਐੱਸਜੀਪੀਸੀ ਦੇ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਕੋਸ਼ਿਸ਼ ਕੀਤੀ। ਇਸ ਦੇ ਵਿਰੋਧ ਵਿੱਚ 15 ਮਾਰਚ 1959 ਨੂੰ ਮਾਸਟਰ ਤਾਰਾ ਸਿੰਘ ਵੱਲੋਂ ਚੁੱਪ ਧਾਰ ਕੇ ਮੁਜ਼ਾਹਰੇ ਦਾ ਮਾਰਚ ਕੱਢਿਆ ਜਾਣਾ ਸੀ ਪਰ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਮਾਸਟਰ ਤਾਰਾ ਸਿੰਘ ਨੂੰ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਇਸ ਦੇ ਬਾਵਜੂਦ ਵੱਡੀ ਗਿਣਤੀ ਸਿੱਖਾਂ ਨੇ ਇੱਕ ਵੱਡਾ ਮਾਰਚ ਕੱਢਿਆ ਸੀ। ਮਾਰਚ ਮਗਰੋਂ ਇੱਕ ਕਾਨਫਰੰਸ ਹੋਈ ਜਿਸ ਵਿੱਚ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਖਿਲਾਫ਼ ਮਤਾ ਪਾਸ ਕੀਤਾ ਗਿਆ। ਭਾਵੇਂ ਇੱਕ ਹਫ਼ਤੇ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।"



ਜੇ ਐੱਸ ਗਰੇਵਾਲ ਅੱਗੇ ਲਿਖਦੇ ਹਨ, "ਮਾਸਟਰ ਤਾਰਾ ਸਿੰਘ ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸਰਕਾਰੀ ਦਖ਼ਲਅੰਦਾਜ਼ੀ ਦੇ ਮਾਮਲੇ ਨੂੰ ਕਿਸੇ ਸੁਤੰਤਰ ਪੰਚਾਇਤ (ਆਰਬਿਟ੍ਰੇਸ਼ਨ) ਕੋਲ ਭੇਜਣ ਲਈ ਪ੍ਰਧਾਨ ਮੰਤਰੀ ਨੂੰ ਦਿੱਤਾ ਗਿਆ ਪ੍ਰਸਤਾਵ 5 ਅਪ੍ਰੈਲ ਨੂੰ ਰੱਦ ਕਰ ਦਿੱਤਾ ਗਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਪ੍ਰਸਤਾਵ ਵਿੱਚ ਅਜਿਹਾ ਕੋਈ ਮਸਲਾ ਨਹੀਂ ਜਿਸ ਨੂੰ ਆਰਬਿਟ੍ਰੇਸ਼ਨ ਲਈ ਭੇਜਿਆ ਜਾ ਸਕੇ। ਉਨ੍ਹਾਂ ਦੇ ਅਨੁਸਾਰ ਗੱਲ ਸਿਰਫ਼ ਪੰਜਾਬ ਸਰਕਾਰ ਦੀ ਨੀਅਤ (ਬੋਨਾ ਫਾਈਡਜ਼) 'ਤੇ ਸ਼ੱਕ ਕਰਨ ਦੀ ਸੀ।"

"ਮਾਸਟਰ ਤਾਰਾ ਸਿੰਘ ਨੇ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਸਰਕਾਰੀ ਦਖ਼ਲਅੰਦਾਜ਼ੀ ਦੇ ਠੋਸ ਅਤੇ ਗੰਭੀਰ ਸਬੂਤ ਮੌਜੂਦ ਹਨ। ਉਨ੍ਹਾਂ ਨੇ ਭਾਰਤੀ ਸੰਵਿਧਾਨ ਦੀ ਉਸ ਵਿਵਸਥਾ ਦਾ ਹਵਾਲਾ ਦਿੱਤਾ, ਜਿਸ ਅਨੁਸਾਰ ਕਿਸੇ ਵੀ ਧਾਰਮਿਕ ਭਾਈਚਾਰੇ ਦੇ ਧਾਰਮਿਕ ਮਾਮਲਿਆਂ ਵਿੱਚ ਸਰਕਾਰ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ।" ਆਪਣੀ ਰਿਹਾਈ ਮਗਰੋਂ ਮਾਸਟਰ ਤਾਰਾ ਸਿੰਘ ਨੇ ਸਿੱਖ ਗੁਰਦੁਆਰਾ (ਸੋਧ) ਐਕਟ, 1959 ਸਬੰਧੀ ਪੀਐੱਮ ਜਵਾਹਰ ਲਾਲ ਨਹਿਰੂ ਨੂੰ ਪੱਤਰ ਵੀ ਲਿਖਿਆ ਪਰ ਉਨ੍ਹਾਂ ਨੂੰ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਮਿਲਿਆ। ਇਸ ਮਗਰੋਂ 6 ਅਪਰੈਲ ਨੂੰ ਮਾਸਟਰ ਤਾਰਾ ਸਿੰਘ ਨੇ ਐਲਾਨ ਕੀਤਾ ਕਿ ਜੇ ਇਹ ਕਾਨੂੰਨ ਰੱਦ ਨਹੀਂ ਕੀਤਾ ਜਾਂਦਾ ਤਾਂ ਉਹ 16 ਅਪ੍ਰੈਲ ਨੂੰ 'ਮਰਨ ਵਰਤ' ਸ਼ੁਰੂ ਕਰਨਗੇ।

'ਦਿ ਨਹਿਰੂ ਆਰਕਾਈਵ' ਵਿੱਚ ਦਰਜ ਸੀਆਈਡੀ ਦੀ ਇੱਕ ਰਿਪੋਰਟ ਮੁਤਾਬਕ ਮਾਸਟਰ ਤਾਰਾ ਸਿੰਘ ਦੇ ਇਸ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਨਹਿਰੂ ਨੇ ਉਨ੍ਹਾਂ ਨਾਲ ਇੱਕ ਵਿਅਕਤੀਗਤ ਬੈਠਕ ਕੀਤੀ। ਇਸ ਬੈਠਕ ਮਗਰੋਂ ਬਿਆਨ ਜਾਰੀ ਕਰਕੇ ਐਲਾਨ ਕੀਤਾ ਕਿ ਉਹ ਲੋਕ ਇੱਕ ਸਮਝੌਤੇ ਉਪਰ ਪਹੁੰਚ ਗਏ ਹਨ। 12 ਅਪ੍ਰੈਲ 1959 ਨੂੰ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਮਗਰੋਂ ਮਾਸਟਰ ਤਾਰਾ ਸਿੰਘ ਨੇ ਵੀ ਐਲਾਨ ਕੀਤਾ ਕਿ ਉਹ ਹੁਣ 'ਮਰਨ ਵਰਤ' 'ਤੇ ਨਹੀਂ ਜਾਣਗੇ।

### ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤਾ ਕੀ ਹੈ?

ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਐਲਾਨ ਮਗਰੋਂ ਪੀਐੱਮ ਦੇ ਸਕੱਤਰ ਵੱਲੋਂ ਸਮਝੌਤੇ ਸਬੰਧੀ ਬਿਆਨ ਜਾਰੀ ਕੀਤਾ ਗਿਆ। 'ਦਿ ਨਹਿਰੂ ਆਰਕਾਈਵ' ਵਿੱਚ ਮੌਜੂਦ ਉਸ ਵੇਲੇ ਦੀ ਸੀਆਈਡੀ ਦੀ ਰਿਪੋਰਟ ਮੁਤਾਬਕ ਬਿਆਨ ਵਿੱਚ ਕਿਹਾ ਗਿਆ, "ਸਾਰੇ ਸਬੰਧਤ ਲੋਕਾਂ ਦੀ ਇਹ ਰਾਇ ਹੈ ਕਿ ਧਾਰਮਿਕ ਮਾਮਲਿਆਂ ਵਿੱਚ ਕੋਈ ਸਰਕਾਰੀ ਦਖਲ ਨਹੀਂ ਹੋਣਾ ਚਾਹੀਦਾ। ਗੁਰਦੁਆਰਾ ਮੈਨੇਜਮੈਂਟ ਅਤੇ ਗੁਰਦੁਆਰਾ ਐਕਟ ਵਿੱਚ ਕੀਤੇ ਗਏ ਬਦਲਾਵਾਂ ਦੇ ਸਬੰਧੀ ਪਹਿਲਾਂ ਵੀ ਇਸ ਤਰ੍ਹਾਂ ਦੇ ਦਖਲ ਦੀਆਂ ਸ਼ਿਕਾਇਤਾਂ ਸਾਹਮਣੇ ਆਈਆਂ ਹਨ।"

"ਗੁਰਦੁਆਰਾ ਮੈਨੇਜਮੈਂਟ ਵਿੱਚ ਦਖਲ ਨਾ ਦੇਣ ਦੀ ਪਾਲਸੀ ਨੂੰ ਲਾਗੂ ਕਰਨ ਅਤੇ ਅਜਿਹੀ ਕਿਸੇ ਵੀ ਦਖਲਅੰਦਾਜ਼ੀ ਦੀ ਸ਼ਿਕਾਇਤ 'ਤੇ ਵਿਚਾਰ ਕਰਨ ਦੇ ਲਈ ਕੁਝ ਸਿਸਟਮ ਬਣਾਉਣਾ ਚਾਹੀਦਾ ਹੈ। ਸੁਝਾਅ ਹੈ ਕਿ ਇਸ ਮਕਸਦ ਦੇ ਲਈ ਇੱਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਇਸ ਕਮੇਟੀ ਵਿੱਚ ਪੰਜਾਬ ਸਰਕਾਰ ਵੱਲੋਂ ਚੁਣੇ ਗਏ ਦੋ ਲੋਕ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਵੱਲੋਂ ਚੁਣੇ ਗਏ ਦੋ ਲੋਕ ਹੋਣਗੇ।

ਇਹ ਕਮੇਟੀ ਦਖਲਅੰਦਾਜ਼ੀ ਦੇ ਕਿਸੇ ਵੀ ਇਲਜ਼ਾਮ 'ਤੇ ਵਿਚਾਰ ਕਰੇਗੀ ਅਤੇ ਜਿੱਥੇ ਵੀ ਜ਼ਰੂਰਤ ਹੋਵੇ, ਸੁਧਾਰ ਦੇ ਲਈ ਕਾਰਵਾਈ ਦਾ ਸੁਝਾਅ ਦੇਵੇਗੀ। ਜਿੱਥੇ ਕਮੇਟੀ ਦੇ ਮੈਂਬਰਾਂ ਵਿੱਚ ਅਸਹਿਮਤੀ ਹੋਵੇ, ਉੱਥੇ ਮਾਮਲਾ ਪੰਜਾਬ ਦੇ ਗਵਰਨਰ ਨੂੰ ਭੇਜਿਆ ਜਾ ਸਕਦਾ ਹੈ।" ਉਨ੍ਹਾਂ ਅੱਗੇ ਲਿਖਿਆ, "ਗੁਰਦੁਆਰਾ ਐਕਟ ਵਿੱਚ ਕੋਈ ਵੀ ਬਦਲਾਅ ਐੱਸਜੀਪੀਸੀ ਦੀ ਜਨਰਲ ਕਮੇਟੀ ਦੀ ਮਨਜ਼ੂਰੀ ਤੋਂ ਬਾਅਦ ਹੀ ਕੀਤਾ ਜਾਣਾ ਚਾਹੀਦਾ। ਇੱਕ ਕਨਵੈਂਸ਼ਨ ਬਣਾਇਆ ਜਾ ਸਕਦਾ ਹੈ ਕਿ ਅਜਿਹੀ ਮਨਜ਼ੂਰੀ ਐੱਸਜੀਪ-ਸੀ ਦੀ ਦੋ-ਤਿਹਾਈ ਬਹੁਮਤ ਨਾਲ ਹੋ ਸਕਦੀ ਹੈ।" ਇਸ ਸਮਝੌਤੇ ਸਬੰਧੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਵੀ ਇੱਕ ਚਿੱਠੀ ਲਿਖੀ ਸੀ, ਜਿਸ ਵਿੱਚ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੀ ਇੱਕ ਸ਼ਰਤ ਦਾ ਜ਼ਿਕਰ ਕੀਤਾ।

### 'ਦਿ ਨਹਿਰੂ ਆਰਕਾਈਵ' ਵਿੱਚ ਇਹ ਚਿੱਠੀ ਮੌਜੂਦ ਹੈ

ਉਨ੍ਹਾਂ ਨੇ 12 ਅਪ੍ਰੈਲ 1959 ਨੂੰ ਇਸ ਚਿੱਠੀ ਵਿੱਚ ਲਿਖਿਆ, "ਮਾਸਟਰ ਤਾਰਾ ਸਿੰਘ ਅੱਜ ਦੁਪਹਿਰ ਮੈਨੂੰ ਮਿਲਣ ਆਏ। ਸਾਡੀ ਗੱਲਬਾਤ ਤੋਂ ਬਾਅਦ ਇਹ ਤੈਅ ਹੋਇਆ ਕਿ ਇੱਕ ਸਟੇਟਮੈਂਟ ਜਾਰੀ ਕੀਤਾ ਜਾਣਾ ਚਾਹੀਦਾ ਹੈ। ਜਦੋਂ ਮੈਂ ਇੱਕ ਕਮੇਟੀ ਬਣਾਉਣ ਦੀ ਗੱਲ ਕੀਤੀ ਤਾਂ ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਇਸ ਕਮੇਟੀ ਵਿੱਚ ਤੁਸੀਂ ਅਤੇ ਗਿਆਨੀ ਕਰਤਾਰ ਸਿੰਘ ਨਹੀਂ ਹੋਣੇ ਚਾਹੀਦੇ। ਹਾਲਾਂਕਿ ਮੈਂ ਕਿਹਾ ਕਿ ਮੈਂ ਕਿਸੇ ਖਾਸ ਨੂੰ ਬਾਹਰ ਕਰਨ ਜਾਂ ਸ਼ਾਮਲ ਕਰਨ 'ਤੇ ਸਹਿਮਤ ਨਹੀਂ ਹੋ ਸਕਦਾ।" ਇਸ ਤੋਂ ਬਾਅਦ ਮਾਸਟਰ ਤਾਰਾ ਸਿੰਘ ਨੇ 13 ਅਪ੍ਰੈਲ 1959 ਨੂੰ ਵਿਸਾਖੀ ਵਾਲੇ ਦਿਨ ਗੁਰਦੁਆਰਾ ਮਜਨੂੰ ਟਿੱਲਾ ਵਿਖੇ ਦੀਵਾਨ ਵਿੱਚ ਭਾਸ਼ਣ ਦਿੱਤਾ।

ਇਸ ਮੌਕੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨਾਲ ਹੋਈ ਆਪਣੀ ਮੁਲਾਕਾਤ ਦਾ ਜ਼ਿਕਰ ਵੀ ਕੀਤਾ ਅਤੇ ਗੁਰਦੁਆਰਾ ਦੇ ਪ੍ਰਬੰਧਾਂ ਵਿੱਚ ਸਰਕਾਰੀ ਦਖਲ ਦੇ ਇਲਜ਼ਾਮਾਂ ਦੀ ਜਾਂਚ ਦੇ ਲਈ ਇੱਕ ਕਮੇਟੀ ਬਣਾਉਣ ਦੇ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਕੀਤਾ। ਸਿੱਖ ਮਾਮਲਿਆਂ ਦੀ ਜਾਣਕਾਰੀ ਰੱਖਣ ਵਾਲੇ ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਦੱਸਦੇ ਹਨ ਕਿ ਉਸ ਸਮੇਂ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸਮੇਂ ਉਹ ਲੋਕ ਐੱਸਜੀਪੀਸੀ ਦੀਆਂ ਚੋਣਾਂ ਕਰਵਾਉਣੇ ਚਾਹੁੰਦੇ ਸਨ। ਉਹ ਦੱਸਦੇ ਹਨ, "ਇਹ ਦਖਲਅੰਦਾਜ਼ੀ ਕਰਨਾ ਚਾਹੁੰਦੇ ਸਨ। ਉਸ ਸਮੇਂ ਮਾਸਟਰ ਤਾਰਾ ਸਿੰਘ ਦਾ ਚੰਗਾ ਜ਼ੋਰ ਹੁੰਦਾ ਸੀ ਤੇ ਉਨ੍ਹਾਂ ਨੇ ਸਰਕਾਰ ਦਾ ਵਿਰੋਧ ਤੇ ਉਨ੍ਹਾਂ ਦੀ ਕਾਰਵਾਈ ਵਿਰੁੱਧ ਰੋਸ ਪ੍ਰਦਰਸ਼ਨ ਵੀ ਕੀਤਾ ਸੀ। ਇਸ ਤੋਂ ਬਾਅਦ ਇੱਕ ਸਮਝੌਤਾ ਹੋਇਆ ਪਰ ਇਹ ਸਮਝੌਤਾ ਇੰਨਾ ਵੀ ਵੱਡਾ ਕਾਰਗਰ ਜਾਂ ਕਾਗਜ਼ੀ ਤੌਰ 'ਤੇ ਚੰਗਾ ਸਾਬਤ ਨਹੀਂ ਹੋਇਆ ਕਿਉਂਕਿ ਬਾਅਦ ਵਿੱਚ ਪੰਜਾਬੀ ਸੂਬਾ ਬਣ ਗਿਆ ਤੇ ਫਿਰ ਪੰਜਾਬ ਬਦਲ ਗਿਆ ਤੇ ਪੰਜਾਬ ਦੀ ਰਾਜਨੀਤੀ ਵੀ ਬਦਲ ਗਈ।"

### ਸਮਝੌਤੇ ਮਗਰੋਂ ਵੀ ਤਾਰਾ ਸਿੰਘ ਦੀ ਕੀ ਸ਼ਿਕਾਇਤ ਸੀ?

ਮਾਸਟਰ ਤਾਰਾ ਸਿੰਘ ਦੇ ਪੱਤਰਾਂ ਤੋਂ ਪਤਾ ਚੱਲਦਾ ਹੈ ਕਿ ਇਸ ਸਮਝੌਤੇ ਦੇ ਕੁਝ ਸਮੇਂ ਬਾਅਦ ਵੀ ਉਨ੍ਹਾਂ ਨੂੰ ਸਰਕਾਰੀ ਦਖਲਅੰਦਾਜ਼ੀ ਦੀ ਸ਼ਿਕਾਇਤ ਰਹੀ ਸੀ। ਉਨ੍ਹਾਂ ਨੇ 27 ਅਗਸਤ 1959 ਨੂੰ ਇੱਕ ਪੱਤਰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਲਿਖਿਆ।

ਇਸ ਵਿੱਚ ਉਨ੍ਹਾਂ ਲਿਖਿਆ, "ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖਲਅੰਦਾਜ਼ੀ ਬਾਰੇ ਸ਼ਿਕਾਇਤ ਕਰਨ 'ਤੇ ਮੈਨੂੰ ਤੁਹਾਡੇ ਕੋਲੋਂ ਸਮਝੌਤਾ ਮਿਲਿਆ। ਬਦਕਿਸਮਤੀ ਨਾਲ ਪੰਜਾਬ ਸਰਕਾਰ 'ਤੇ ਉਸ ਸਮਝੌਤੇ ਦਾ ਕੋਈ ਅਸਰ ਹੁੰਦਾ ਨਹੀਂ ਦਿਖਿਆ।"

# ਪੰਜਾਬ ਦੀਆਂ ਉਹ ਮਾਵਾਂ ਜਿਨ੍ਹਾਂ ਦੇ 'ਪੁੱਤਾਂ ਨੂੰ ਨਸ਼ੇ ਖਾ ਗਏ'

(ਸਫਾ 8 ਦੀ ਬਾਕੀ)

ਖਿਆਲ ਨਹੀਂ ਆਇਆ।" ਕੁਲਦੀਪ ਕੌਰ ਵੀ ਕਹਿੰਦੇ ਹਨ ਕੀ ਉਨ੍ਹਾਂ ਨੇ ਆਪਣੇ ਪੁੱਤ ਦਾ ਪੋਸਟਮਾਰਟਮ ਨਹੀਂ ਕਰਵਾਇਆ। ਉਹ ਕਹਿੰਦੇ ਹਨ, "ਪੁੱਤ ਤਾਂ ਚਲਾ ਗਿਆ ਸੀ, ਪਰ ਉਸਦੀ ਮਿੱਟੀ ਕਿਉਂ ਖਰਾਬ ਕਰਨੀ।" ਨਸ਼ਿਆਂ ਖ਼ਿਲਾਫ਼ ਸੰਘਰਸ਼ ਵਿੱਚ ਕਈ ਥਾਵਾਂ ਉੱਤੇ ਲੋਕਾਂ ਨੇ ਖੁਦ ਵੀ ਕਮਾਨ ਸੰਭਾਲੀ ਹੋਈ ਹੈ। ਸੰਗਰੂਰ ਜ਼ਿਲ੍ਹੇ ਦਾ ਸ਼ੇਰਪੁਰ ਪਿੰਡ ਇਸਦੀ ਇੱਕ ਮਿਸਾਲ ਹੈ। ਪਿੰਡ ਦੇ ਨੌਜਵਾਨਾਂ ਨੇ 27 ਅਗਸਤ 2023 ਨੂੰ ਪਿੰਡ ਵਿੱਚ ਦਾਖ਼ਲ ਅਤੇ ਬਾਹਰ ਨਿਕਲਣ ਵਾਲੇ ਰਸਤਿਆਂ ਉੱਤੇ ਨਾਕਾ ਲਾਇਆ ਹੋਇਆ ਹੈ। ਇੱਥੇ ਉਹ ਦਿਨ-ਰਾਤ ਪਹਿਰੇਦਾਰੀ ਕਰਦੇ ਹਨ। ਇਸ ਪਹਿਰੇਦਾਰੀ ਦੀ ਖ਼ਾਸ ਗੱਲ ਇਹ ਹੈ ਕਿ ਇਸ ਵਿੱਚ ਪਿੰਡ ਦੇ ਨੌਜਵਾਨ ਅਤੇ ਮਹਿਲਾਵਾਂ ਵੀ ਆਪਣਾ ਯੋਗਦਾਨ ਪਾਉਂਦੇ ਹਨ। ਨੌਜਵਾਨ ਬਲਵਿੰਦਰ ਸਿੰਘ ਸਿੰਘ ਕਹਿੰਦੇ ਹਨ, "ਅਸੀਂ 24 ਘੰਟੇ ਪਹਿਰੇਦਾਰੀ ਕਰਦੇ ਹਾਂ। ਅਸੀਂ ਇੱਥੇ ਇੱਕ ਕੰਟਰੋਲ ਰੂਮ ਵੀ ਬਣਾਇਆ ਹੋਇਆ ਹੈ। ਜਿੱਥੋਂ ਅਸੀਂ ਸੀਸੀਟੀਵੀ ਨਾਲ ਨਿਗਰਾਨੀ ਰੱਖਦੇ ਹਾਂ।" "ਜਦੋਂ ਅਸੀਂ ਕਿਸੇ ਤੋਂ ਨਸ਼ੇ ਦੀ ਰਿਕਵਰੀ ਕਰਦੇ ਹਾਂ ਤਾਂ ਉਸਦੀ ਜਾਣਕਾਰੀ ਪੁਲਿਸ ਨੂੰ ਦਿੰਦੇ ਹਾਂ। ਇਸ ਤੋਂ ਇਲਾਵਾ ਨਸ਼ੇ ਤੋਂ ਪੀੜਤ ਨੌਜਵਾਨਾਂ ਦੀ ਮੱਦਦ ਵਾਸਤੇ ਉਨ੍ਹਾਂ ਨੂੰ ਨਸ਼ਾ ਛਡਾਊ ਕੇਂਦਰ ਵਿੱਚ ਵੀ ਭਰਤੀ ਕਰਵਾਉਂਦੇ ਹਾਂ।" ਸਥਾਨ ਮਹਿਲਾ ਸੁਖਵਿੰਦਰ ਕੌਰ ਕਹਿੰਦੇ ਹਨ, "ਅਸੀਂ ਆਪਣਾ ਘਰ ਨਹੀਂ ਦੇਖਦੇ। ਇਹੀ ਸਾਡਾ ਘਰ (ਨਾਕਾ) ਹੈ। ਅਸੀਂ ਆਪਣੇ ਘਰ ਦੇ ਕੰਮ ਕਰਕੇ ਇੱਥੇ ਆ ਜਾਂਦੀਆਂ ਹਾਂ। ਜਦੋਂ ਨੌਜਵਾਨ ਨਹੀਂ ਹੁੰਦੇ। ਅਸੀਂ ਹੀ ਪਹਿਰੇਦਾਰੀ ਕਰਦੀਆਂ ਹਾਂ।" ਇੱਕ ਹੋਰ ਔਰਤ ਜਸਵੀਰ ਕੌਰ ਮੁਤਾਬਕ, "ਸਾਡੇ ਇਲਾਕੇ ਵਿੱਚੋਂ ਨਸ਼ਾ ਬਹੁਤ ਘੱਟ ਗਿਆ ਹੈ। ਪਹਿਲਾਂ ਸ਼ਰੇਆਮ ਵਿਕਦਾ ਹੁੰਦਾ ਸੀ। ਜੇਕਰ ਹੁਣ ਕੋਈ ਕਰਦਾ ਜਾਂ ਵੇਚਦਾ ਹੈ ਤਾਂ ਉਹ ਚੋਰੀ ਛਿਪੇ ਹੀ ਹੈ। ਜਿਹੜੇ ਮੁੰਡੇ ਨਸ਼ਾ ਕਰਦੇ ਸੀ, ਉਨ੍ਹਾਂ ਨੇ ਛੱਡ ਦਿੱਤਾ ਹੈ ਅਤੇ ਨਵੀਂ ਪੀੜ੍ਹੀ ਦੇ ਮੁੰਡੇ ਬਚ ਗਏ ਹਨ।" "ਸਾਡੇ ਇਲਾਕੇ ਵਿੱਚ ਵਿੱਚ ਨਸ਼ਾ ਵੇਚਣ ਦੇ ਕੰਮ ਵਿੱਚ ਮਹਿਲਾਵਾਂ ਵੀ ਸ਼ਾਮਲ ਸੀ। ਜਦੋਂ ਮੁੰਡੇ ਰੋਕਦੇ ਸੀ ਤਾਂ ਉਹ ਗਲਤ ਇਲਜ਼ਾਮ ਲਗਾਉਂਦੀਆਂ ਸੀ। ਫਿਰ ਅਸੀਂ ਖੁਦ ਅੱਗੇ ਹੋਈਆਂ ਹਾਂ।" ਨਸ਼ਿਆਂ ਖ਼ਿਲਾਫ਼ ਸੰਘਰਸ਼ ਵਿੱਚ ਜਿੱਥੇ ਨਿਰਾਸ਼ਾ ਅਤੇ ਉਦਾਸੀ ਹੈ, ਉੱਥੇ ਹੀ ਉਮੀਦ ਵੀ ਹੈ। ਬਰਨਾਲਾ ਜ਼ਿਲ੍ਹੇ ਦਾ ਨੌਜਵਾਨ ਮਨਪ੍ਰੀਤ ਸਿੰਘ ਵੀ ਇਸੇ ਉਮੀਦ ਦੀ ਇੱਕ ਕਿਰਨ ਜਗਾਈ ਬੈਠਾ ਹੈ। ਮਨਪ੍ਰੀਤ ਸਿੰਘ ਨੇ ਪਹਿਲਾਂ ਲੰਬਾ ਸਮਾਂ ਨਸ਼ਾ ਕੀਤਾ ਅਤੇ ਹੁਣ ਉਹ ਤਿੰਨ ਸਾਲਾਂ ਤੋਂ ਨਸ਼ੇ ਤੋਂ ਪੀੜਤ ਨੌਜਵਾਨਾਂ ਨੂੰ ਨਸ਼ਿਆਂ ਵਿੱਚੋਂ ਕੱਢਣ ਲਈ ਉਨਾਂ ਦੀ ਮੱਦਦ ਕਰ ਰਹੇ ਹਨ। ਉਹ ਸੋਸ਼ਲ ਮੀਡੀਆ ਉੱਤੇ ਰੋਜ਼ਾਨਾ ਬਲੋਗ ਪਾਕੇ ਨਸ਼ਿਆਂ ਖਿਲਾਫ਼ ਜਾਗਰੂਕ ਕਰਦੇ ਹਨ। ਉਹ ਦਾਅਵਾ ਕਰਦੇ ਹਨ ਕਿ ਹੁਣ ਤੱਕ ਉਨ੍ਹਾਂ ਨੇ 150 ਤੋਂ ਵੱਧ ਨੌਜਵਾਨਾਂ ਨੂੰ ਲੋੜੀਂਦੀ ਮੱਦਦ ਮੁਹੱਈਆ ਕਰਵਾਈ ਹੈ। ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਪ੍ਰਸ਼ਾਸਨਿਕ ਅਤੇ ਸਮਾਜਿਕ ਪੱਧਰ ਉੱਤੇ ਵੀ ਮਾਨਤਾ ਮਿਲੀ ਹੈ। ਉਨ੍ਹਾਂ ਨੂੰ ਪ੍ਰਸ਼ਾਸਨ ਨੇ ਉਨ੍ਹਾਂ ਦੀ ਕੋਸ਼ਿਸ਼ ਵਾਸਤੇ ਕੋਈ ਵਾਰੀ ਸਰਾਹਿਆ ਹੈ। ਹੁਣ ਉਨ੍ਹਾਂ ਨੂੰ ਸਕੂਲਾਂ, ਕਾਲਜਾਂ ਅਤੇ ਸਮਾਜਿਕ ਇਕੱਠਾਂ ਵਿੱਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਸੱਦਿਆ ਜਾਂਦਾ ਹੈ। ਮਨਪ੍ਰੀਤ ਸਿੰਘ ਕਹਿੰਦੇ ਹਨ, "ਜਦੋਂ ਮੈਂ ਨਸ਼ਾ ਛੱਡਣਾ ਸੀ ਤਾਂ ਮੈਨੂੰ ਕੋਈ ਸਹਾਰਾ ਨਹੀਂ ਮਿਲਿਆ। ਫਿਰ ਜਦੋਂ ਮੈਂ ਨਸ਼ਾ ਛੱਡਿਆ ਤਾਂ ਮੈਨੂੰ ਪਤਾ ਲੱਗਾ ਜ਼ਿੰਦਗੀ ਬਹੁਤ ਸੋਹਣੀ ਹੈ। ਮੈਂ ਸੋਚਿਆ ਮੈਂ ਹੋਰਨਾਂ ਨੂੰ ਵੀ ਦੱਸਾਂ ਕਿ ਜ਼ਿੰਦਗੀ ਕਿੰਨੀ ਸੋਹਣੀ ਹੈ।" "ਮੈਂ ਰੋਜ਼ਾਨਾ ਆਪਣੀ ਜ਼ਿੰਦਗੀ ਬਾਰੇ ਬਲੌਗ ਪਾਉਂਦਾ ਹੈ। ਨਸ਼ੇ ਤੋਂ ਪੀੜਤ ਨੌਜਵਾਨ ਮੇਰੇ ਬਲੌਗ ਦੇਖਕੇ ਮੇਰੇ ਕੋਲ ਆਉਂਦੇ ਹਨ ਅਤੇ ਨਸ਼ੇ ਛੱਡਣ ਦੀ ਇੱਛਾ ਦੱਸਦੇ ਹਨ। ਫਿਰ ਮੈਂ ਉਨ੍ਹਾਂ ਦੇ ਇਲਾਜ ਵਾਸਤੇ ਉਨ੍ਹਾਂ ਨੂੰ ਮੈਡੀਕਲ ਅਤੇ ਮਨੋਵਿਗਿਆਨਕ ਸਹਾਇਤਾ ਮੁਹੱਈਆ ਕਰਵਾਉਂਦਾ ਹਾਂ।" ਰੈੱਡ ਕਰਾਸ ਨਸ਼ਾ ਛਡਾਊ ਕੇਂਦਰ ਦੇ ਪ੍ਰਾਜੈਕਟ ਨਿਰਦੇਸ਼ਕ ਬਲਰਾਜ ਸਿੰਘ ਕਹਿੰਦੇ ਹਨ, "ਨਸ਼ੇ ਤੋਂ ਪੀੜਤ ਨੌਜਵਾਨਾਂ ਨੂੰ ਨਸ਼ਾ ਛੁਡਵਾਉਣ ਵਿੱਚ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਦੀ ਸੰਗਤ ਹੈ। ਕੇਂਦਰ ਵਿੱਚ ਦਾਖਲ ਹੋਣ ਮਗਰੋਂ ਜਦੋਂ ਨੌਜਵਾਨ ਵਾਪਸ ਘਰ ਜਾਂਦੇ ਹਨ ਤਾਂ ਉਹ ਫਿਰ ਨਸ਼ਾ ਕਰਨ ਲੱਗ ਪੈਂਦੇ ਹਨ। ਇਸਦਾ ਕਾਰਨ ਪੀੜਤ ਨੌਜਵਾਨ ਦੀ ਸੰਗਤ ਹੁੰਦਾ ਹੈ। ਜਦੋਂ ਉਹ ਆਪਣੀ ਪੁਰਾਣੀ ਸੰਗਤ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਫਿਰ ਨਸ਼ਾ ਕਰਨਾ ਸ਼ੁਰੂ ਕਰ ਦਿੰਦਾ ਹੈ।"

ਡਾਕਟਰ ਦੀਪਕ ਕਾਂਸਲ, ਮਾਨਸਿਕ ਰੋਗਾਂ ਅਤੇ ਨਸ਼ਿਆਂ ਦੇ ਰੋਗਾਂ ਦੇ ਮਾਹਰ ਹਨ ਅਤੇ ਕਹਿੰਦੇ ਹਨ, "ਨਸ਼ਾ ਛੱਡਣਾ ਔਖਾ ਨਹੀਂ ਹੈ। ਨਸ਼ੇ ਨੂੰ ਛੱਡੀ ਰੱਖਣਾ ਔਖਾ ਹੈ। ਕਈ ਵਾਰੀ ਨਿੱਕੀ ਉਮਰ ਦੇ ਨੌਜਵਾਨ ਨਸ਼ਾ ਕਰਨ ਲੱਗ ਪੈਂਦੇ ਹਨ। ਉਦੋਂ ਉਨ੍ਹਾਂ ਕੋਲ ਨਾ ਕੋਈ ਸਕਿੱਲ ਹੁੰਦੀ ਹੈ ਅਤੇ ਨਾ ਹੀ ਕੋਈ ਕੰਮ ਹੁੰਦਾ ਹੈ। ਫਿਰ ਜਦੋਂ ਉਹ ਨਸ਼ਾ ਛੱਡਦੇ ਹਨ ਤਾਂ ਉਨ੍ਹਾਂ ਨੂੰ ਵਿਹਲਾ ਰਹਿਣਾ ਪੈਂਦਾ ਹੈ। ਵਿਹਲੇਪਣ ਕਰਕੇ ਵੀ ਨੌਜਵਾਨ ਦੁਬਾਰਾ ਨਸ਼ੇ ਵੱਲ ਚਲੇ ਜਾਂਦੇ ਹਨ।" "ਇਸ ਤੋਂ ਇਲਾਵਾ ਪਰਿਵਾਰ ਦਾ ਯੋਗਦਾਨ ਵੀ ਜ਼ਰੂਰੀ ਹੁੰਦਾ ਹੈ। ਕਈ ਵਾਰੀ ਪਰਿਵਾਰਕ ਮੈਂਬਰ ਅਣਜਾਣੇ ਵਿੱਚ ਪੀੜਤ ਦੇ ਨਸ਼ਾ ਛੱਡਣ ਦਾ ਰਾਹ ਔਖਾ ਕਰ ਦਿੰਦੇ ਹਨ।"

**'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਰਿਕਵਰੀ :**

ਹੈਰੋਇਨ – 3043.448 ਕਿਲੋਗ੍ਰਾਮ
ਸਮੈਕ – 0.487 ਕਿਲੋਗ੍ਰਾਮ
ਅਫੀਮ – 828.444 ਕਿਲੋਗ੍ਰਾਮ
ਪੋਸਤ – 67823.010 ਕਿਲੋਗ੍ਰਾਮ
ਚਰਸ – 82.889 ਕਿਲੋਗ੍ਰਾਮ
ਗਾਂਜਾ – 1006.149 ਕਿਲੋਗ੍ਰਾਮ
ਕੋਕੇਨ – 4.612 ਕਿਲੋਗ੍ਰਾਮ
ਆਇਸ – 57.816 ਕਿਲੋਗ੍ਰਾਮ
ਨਸ਼ੀਲਾ ਪਦਾਰਥ – 165.702 ਕਿਲੋਗ੍ਰਾਮ
ਨਸ਼ੀਲੇ ਟੀਕੇ – 2069
ਨਸ਼ੀਲੀਆਂ ਗੋਲੀਆਂ/ਕੈਪਸੂਲ – 5862072
ਡਰੱਗ ਮਨੀ – 18 ਕਰੋੜ

# ਪੰਜਾਬ ਦੇ ਘਰਾਂ ਵਿਚ ਨੌਜਵਾਨ ਮੁੰਡੇ-ਕੁੜੀਆਂ ਘੱਟ, ਬਜ਼ੁਰਗ ਵੱਧ ਨਜ਼ਰ ਆਉਂਦੇ ਨੇ

ਸਾਰੀ ਉਮਰ ਸਮਾਜ ਦੇ ਵੱਖ-ਵੱਖ ਖੇਤਰਾਂ 'ਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਇਕ ਸ਼ਾਨਦਾਰ ਸ਼ਖ਼ਸੀਅਤ ਦੇ ਮਾਲਕ ਮਿੱਤਰ ਦੀ ਅੰਤਿਮ ਅਰਦਾਸ 'ਚ ਵਿਰਲਾ ਹੀ ਉਸ ਦਾ ਕੋਈ 'ਆਪਣਾ' ਦਿਖਾਈ ਦੇ ਰਿਹਾ ਸੀ। ਉਥੇ ਭੀੜ ਨਹੀਂ ਸੀ, ਸਗੋਂ ਉਹ ਲੋਕ ਸਨ ਜੋ ਜ਼ਿੰਦਗੀ ਦੇ ਕਿਸੇ ਨਾ ਕਿਸੇ ਮੋੜ 'ਤੇ ਉਸ ਨਾਲ ਜੁੜੇ ਰਹੇ ਸਨ। ਸ਼ਹਿਰ ਦੀ ਇਕ ਵਿਸ਼ਾਲ ਸੜਕ ਕਿਨਾਰੇ ਉਸ ਵੱਲੋਂ ਬੜੇ ਸੁਪਨੇ ਬੁਣਦਿਆਂ ਬਣਾਈ ਗਈ ਵੱਡੀ ਕੋਠੀ ਉਸ ਦਿਨ ਬਿਲਕੁਲ ਬੇਰੌਣਕ ਦਿਖਾਈ ਦੇ ਰਹੀ ਸੀ, ਜਿਸ ਦੀਆਂ ਉੱਚੀਆਂ ਦੀਵਾਰਾਂ ਪਿੱਛੇ ਉਹ ਦੁਨੀਆ ਤੋਂ ਕਈ ਸਾਲ ਪਹਿਲਾਂ ਹੀ ਛੁਪ ਗਿਆ ਸੀ। ਉਸ ਦੇ ਧੀਆਂ ਪੁੱਤਰ ਪਹਿਲਾਂ ਹੀ ਵਿਦੇਸ਼ ਉਡਾਰੀ ਮਾਰ ਚੁੱਕੇ ਸਨ ਅਤੇ ਹੁਣ ਇਹ ਉਹਨਾਂ ਦਾ ਦੇਸ਼ ਨਹੀਂ ਸੀ, ਭਲਾਂ ਇਹ ਘਰ ਤਾਂ ਕੀ ਹੋਣਾ ਹੈ। ਇਹ ਉਨ੍ਹਾਂ ਲਈ ਸਿਰਫ਼ 'ਜਾਇਦਾਦ' ਸੀ। ਕੁਝ ਸਾਲ ਪਹਿਲਾਂ ਉਹ ਆਪਣੀ ਪਤਨੀ ਨਾਲ ਬੱਚਿਆਂ ਕੋਲ ਵਿਦੇਸ਼ ਵੀ ਗਿਆ ਸੀ ਪਰ ਉਥੇ ਦੋਵਾਂ ਦਾ ਦਿਲ ਨਾ ਲੱਗਿਆ।

ਅਜਨਬੀ ਮਾਹੌਲ, ਬੰਦ ਘਰਾਂ ਦੀ ਜ਼ਿੰਦਗੀ ਅਤੇ ਰੁੱਝੇ ਹੋਏ ਬੱਚਿਆਂ ਦੀ ਦੌੜ-ਭੱਜ 'ਚ ਉਨ੍ਹਾਂ ਨੂੰ ਆਪਣਾਪਣ ਨਹੀਂ ਮਿਲਿਆ। ਆਖ਼ਿਰਕਾਰ ਉਹ ਵਾਪਸ ਆਪਣੇ ਘਰ ਆ ਗਏ ਪਰ ਇੱਥੇ ਆ ਕੇ ਵੀ ਵੱਡੀ ਕੋਠੀ ਦੀਆਂ ਕੰਧਾਂ ਕਈ ਵਾਰ ਉਸ ਨੂੰ ਖਾਣ ਨੂੰ ਦੌੜਦੀਆਂ ਮਹਿਸੂਸ ਹੁੰਦੀਆਂ। ਸਮੇਂ ਦੇ ਨਾਲ ਸਿਹਤ ਵੀ ਸਾਥ ਛੱਡਣ ਲੱਗੀ। ਇਕ ਦਿਨ ਬਿਮਾਰੀ ਨੇ ਉਸ ਨੂੰ ਮੰਜੇ ਨਾਲ ਲਾ ਦਿੱਤਾ। ਪਹਿਲਾਂ ਉਹ ਰੋਟੀ-ਟੁੱਕਰ ਪੁੱਛਣ 'ਤੇ ਹੌਲੀ ਜਿਹੀ ਹੂੰ-ਹਾਂ ਕਰ ਦਿੰਦਾ ਸੀ ਪਰ ਬਾਅਦ 'ਚ ਉਹ ਲਗਭਗ ਖ਼ਾਮੋਸ਼ ਹੀ ਹੋ ਗਿਆ। ਬਜ਼ੁਰਗ ਪਤਨੀ ਉਸ ਨੂੰ ਵ੍ਹੀਲਚੇਅਰ 'ਤੇ ਬਿਠਾ ਦਿੰਦੀ ਤਾਂ ਉਹ ਚੁੱਪਚਾਪ ਬੈਠ ਜਾਂਦਾ। ਜੇਕਰ ਕੋਈ ਮਿਲਣ ਆਉਂਦਾ ਤਾਂ ਉਹ ਉਸ ਦੇ ਚਿਹਰੇ ਵੱਲ ਬਿੱਟ-ਬਿੱਟ ਤੱਕਦਾ ਰਹਿੰਦਾ। ਇਕ ਦਿਨ ਆਖ਼ਿਰਕਾਰ ਉਸ ਦੇ ਜਿਸਮ 'ਚੋਂ ਰੂਹ ਉਡਾਰੀ ਮਾਰ ਗਈ। ਵਿਦੇਸ਼ ਵਸਦੀ ਔਲਾਦ ਨੂੰ ਫ਼ੋਨ ਕੀਤਾ ਗਿਆ। ਉਥੋਂ ਜਵਾਬ ਆਇਆ, 'ਸੰਸਕਾਰ ਸਾਡੇ ਆਉਣ 'ਤੇ ਹੀ ਕਰਿਓ।' ਮਜਬੂਰੀ 'ਚ ਉਸ ਦੀ ਦੇਹ ਨੂੰ ਹਸਪਤਾਲ ਦੇ ਮੁਰਦਾਘਰ 'ਚ ਫ੍ਰੀਜ਼ਰ 'ਚ ਰੱਖ ਦਿੱਤਾ ਗਿਆ।

ਚੌਥੇ ਦਿਨ ਸੰਸਕਾਰ ਹੋਇਆ। ਅਗਲੇ ਦਿਨ ਫੁੱਲ ਚੁਗੇ ਗਏ ਅਤੇ ਘਰ 'ਚ ਪਾਠ ਰੱਖਿਆ ਗਿਆ। ਤੀਜੇ ਦਿਨ ਭੋਗ ਪੈ ਗਿਆ। ਭੋਗ ਤੋਂ ਬਾਅਦ ਸ਼ਾਮ ਨੂੰ ਵਾਪਸ ਮੁੜਨ ਦੀ ਤਿਆਰੀ ਕਰਦੇ ਪੁੱਤਰ ਨੇ ਮਾਂ ਨੂੰ ਕੋਲ ਬੁਲਾ ਕੇ ਕਿਹਾ, 'ਹੁਣ ਤੁਸੀਂ ਸਾਡੇ ਨਾਲ ਹੀ ਚੱਲੋ। ਇੱਥੇ ਰੱਖਿਆ ਵੀ ਕੀ ਹੈ?' ਉਸ ਵਿਸ਼ਾਲ ਕੋਠੀ 'ਚ ਇੱਕਲੀ ਬੈਠੀ ਮਾਂ ਗੇਟ ਦੀਆਂ ਸ਼ੀਸ਼ਾਂ 'ਚੋਂ ਬਾਹਰ ਸੜਕ 'ਤੇ ਹੋ ਰਹੀ ਚਹਿਲ-ਪਹਿਲ ਨੂੰ ਵੇਖਦੀ ਰਹਿ-ਦੀ ਹੈ। ਕਈ ਵਾਰ ਉਹ ਆਪਣੇ ਆਲੇ-ਦੁਆਲੇ ਖੜ੍ਹੀਆਂ ਉਚੀਆਂ ਕੰਧਾਂ ਨੂੰ ਹੀ ਸਵਾਲ ਕਰਦੀ ਹੈ—'ਭਲਾ ਕੁਝ ਰੱਖਿਆ ਹੋਇਆ ਹੈ ਇੱਥੇ?' ਪਹਿਲਾਂ ਉਹ ਸਾਰਾ ਦਿਨ ਆਪਣੇ ਪਤੀ ਦੀ ਦੇਖਭਾਲ 'ਚ ਲੱਗੀ ਰਹਿੰਦੀ ਸੀ। ਹੁਣ ਤਾਂ ਸਮਾਂ ਬਿਤਾਉਣਾ ਵੀ ਔਖਾ ਹੋ ਗਿਆ ਹੈ। ਕਈ ਵਾਰ ਉਹ ਮਨ ਹੀ ਮਨ ਆਪਣੇ ਦੁਨੀਆ ਤੋਂ ਵਿਦਾ ਹੋ ਚੁੱਕੇ ਪਤੀ ਨੂੰ ਪੁੱਛਦੀ ਹੈ—'ਹਰ ਕੋਈ ਆਪਣੀ ਔਲਾਦ ਲਈ ਇਹ ਮਹਿਲ-ਮੁਨਾਰੇ ਖੜ੍ਹੇ ਕਰਦਾ ਹੈ। ਜੇ ਉਹਨਾਂ ਨੇ ਇੱਥੇ ਆਉਣਾ ਹੀ ਨਹੀਂ, ਫਿਰ ਇਹ ਹਵੇਲੀਆਂ ਖੜ੍ਹੀਆਂ ਹੀ ਕਿਉਂ ਕੀਤੀਆਂ?' ਅਸਲ 'ਚ ਇਹ ਸਿਰਫ਼ ਇੱਕ ਘਰ ਦੀ ਕਹਾਣੀ ਨਹੀਂ। ਇਹ ਪੰਜਾਬ ਦੇ ਹਜ਼ਾਰਾਂ ਘਰਾਂ ਦੀ ਹਕੀਕਤ ਬਣਦੀ ਜਾ ਰਹੀ ਹੈ।

ਗੁਰ ਕ੍ਰਿਪਾਲ ਸਿੰਘ ਅਸ਼ਕ



ਕਈ ਸਮਾਜਿਕ ਅਧਿਐਨਾਂ ਅਤੇ ਪਿੰਡ ਪੱਧਰੀ ਸਰਵੇਖਣਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦੇ ਅਨੇਕਾਂ ਪਿੰਡਾਂ 'ਚ ਵੱਡੀ ਗਿਣਤੀ ਅਜਿਹੇ ਘਰਾਂ ਦੀ ਹੈ, ਜਿੱਥੇ ਸਿਰਫ਼ ਬਜ਼ੁਰਗ ਰਹਿ ਗਏ ਹਨ ਜਾਂ ਘਰਾਂ ਨੂੰ ਤਾਲੇ ਲੱਗੇ ਹੋਏ ਹਨ। ਵੱਖ-ਵੱਖ ਸਰਕਾਰੀ ਅੰਕੜਿਆਂ ਅਤੇ ਖੋਜ ਅਧਿਐਨਾਂ ਦੇ ਆਧਾਰ 'ਤੇ ਅੰਦਾਜ਼ਾ ਹੈ ਕਿ ਪੰਜਾਬ ਤੋਂ ਹਰ ਸਾਲ ਲਗਭਗ ਡੇਢ ਤੋਂ ਦੋ ਲੱਖ ਨੌਜਵਾਨ ਪੜ੍ਹਾਈ, ਰੁਜ਼ਗਾਰ ਜਾਂ ਸਥਾਈ ਨਿਵਾਸ ਲਈ ਵਿਦੇਸ਼ ਜਾਂਦੇ ਹਨ। ਇਹ ਰੁਝਾਨ ਲਗਾਤਾਰ ਵਧ ਰਿਹਾ ਹੈ। ਇਸ ਦੇ ਨਾਲ ਹੀ ਪਿੱਛੇ ਰਹਿ ਜਾਂਦੇ ਹਨ ਉਹ ਮਾਪੇ, ਜਿਨ੍ਹਾਂ ਦੀ ਜ਼ਿੰਦਗੀ ਹੌਲੀ-ਹੌਲੀ ਇਕੱਲਤਾ 'ਚ ਘਿਰਦੀ ਚਲੀ ਜਾਂਦੀ ਹੈ।

ਵਿਸ਼ਵ ਪੱਧਰ 'ਤੇ ਕੀਤੇ ਗਏ ਕਈ ਅਧਿਐਨ ਇਹ ਦਰਸਾਉਂਦੇ ਹਨ ਕਿ ਸਮਾਜਿਕ ਇਕੱਲਤਾ ਬਜ਼ੁਰਗਾਂ ਲਈ ਇੱਕ "ਸਾਈਲੈਂਟ ਕਿਲਰ" ਸਾਬਤ ਹੋ ਸਕਦੀ ਹੈ। ਇਕੱਲਾਪਨ ਡਿਪਰੈਸ਼ਨ, ਚਿੰਤਾ ਅਤੇ ਅਲਜ਼ਾਈਮਰ ਵਰਗੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਵਧਾ ਸਕਦਾ ਹੈ। ਇਸ ਤੋਂ ਇਲਾਵਾ ਐਮਰਜੈਂਸੀ ਵੇਲੇ ਹਸਪਤਾਲ ਲਿਜਾਣ ਲਈ ਕਿਸੇ ਮੈਂਬਰ ਦਾ ਨਾ ਹੋਣ ਕਾਰਨ ਸਮੇਂ ਸਿਰ ਇਲਾਜ ਨਾ ਮਿਲਣ ਦਾ ਖ਼ਤਰਾ ਵਧ ਜਾਂਦਾ ਹੈ। ਇਕੱਲੇ ਰਹਿ ਰਹੇ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਕੇ ਲੁੱਟ-ਖੋਹ, ਧੋਖਾਧੜੀ ਅਤੇ ਹੋਰ ਅਪਰਾਧਾਂ ਦੀਆਂ ਘਟ-ਨਾਵਾਂ ਸਮੇਂ-ਸਮੇਂ 'ਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਸ ਸਮੱਸਿਆ ਦਾ ਇਕ ਹੋਰ ਮਨੋਵਿਗਿਆਨਕ ਪੱਖ ਵੀ ਹੈ। ਅਸੀਂ ਅਕਸਰ ਸੋਚਦੇ ਹਾਂ ਕਿ ਜਿਹੜੇ ਮਾਪੇ ਆਪਣੇ ਬੱਚਿਆਂ ਕੋਲ ਕੈਨੇਡਾ, ਅਮਰੀਕਾ ਜਾਂ ਆਸਟ੍ਰੇਲੀਆ ਚਲੇ ਗਏ ਹਨ, ਉਹ ਬਹੁਤ ਖ਼ੁਸ਼ ਹੋਣਗੇ ਕਿਉਂਕਿ ਉਹ ਆਪਣੇ ਪਰਿਵਾਰ ਦੇ ਨਾਲ ਹਨ ਪਰ ਹਕੀਕਤ ਕਈ ਵਾਰ ਇਸ ਤੋਂ ਕਾਫ਼ੀ ਵੱਖਰੀ ਹੁੰਦੀ ਹੈ।

ਵਿਦੇਸ਼ਾਂ 'ਚ ਬੱਚਿਆਂ ਦੇ ਨਾਲ ਰਹਿ ਰਹੇ ਕਈ ਮਾਪੇ ਵੀ ਭਿਆਨਕ ਇਕੱਲਤਾ ਦਾ ਅਨੁਭਵ ਕਰਦੇ ਹਨ। ਉਥੇ ਬੱਚੇ ਕੰਮਕਾਰ 'ਚ ਬਹੁਤ ਰੁੱਝੇ ਹੁੰਦੇ ਹਨ। ਉਹ ਸਵੇਰੇ ਜਲਦੀ ਕੰਮ 'ਤੇ ਨਿਕਲ ਜਾਂਦੇ ਹਨ ਅਤੇ ਦੇਰ ਰਾਤ ਘਰ ਪਰਤਦੇ ਹਨ। ਮਾਪੇ ਸਾਰਾ ਦਿਨ ਘਰ ਦੇ ਅੰਦਰ ਹੀ ਰਹਿ ਜਾਂਦੇ ਹਨ। ਖ਼ਾਸ ਕਰਕੇ ਕੈਨੇਡਾ ਵਰਗੇ ਦੇਸ਼ਾਂ 'ਚ ਲੰਮੇ ਸਮੇਂ ਤੱਕ ਬਰਫ਼ ਪੈਣ ਕਾਰਨ ਬਜ਼ੁਰਗਾਂ ਲਈ ਬਾਹਰ ਨਿਕਲਣਾ ਵੀ ਆਸਾਨ ਨਹੀਂ ਹੁੰਦਾ। ਇਸ ਤੋਂ ਇਲਾਵਾ ਭਾਸ਼ਾ ਦੀ ਸਮੱਸਿਆ ਵੀ ਉਹਨਾਂ ਨੂੰ ਸਮਾਜ ਨਾਲ ਜੁੜਨ ਤੋਂ ਰੋਕਦੀ ਹੈ। ਅੰਦਰੋਂ ਅੰਦਰ ਬਹੁਤ ਸਾਰੇ ਮਾਪੇ ਪੰਜਾਬ ਵਾਪਸ ਆਉਣ ਲਈ ਤਰਸਦੇ ਰਹਿੰਦੇ ਹਨ। ਉਹਨਾਂ ਨੂੰ ਆਪਣਾ ਪਿੰਡ, ਆਪਣੀਆਂ ਗਲੀਆਂ, ਆਪਣੇ ਰਿਸ਼ਤੇਦਾਰ ਅਤੇ ਉਹ ਆਜ਼ਾਦ ਜੀਵਨ ਯਾਦ ਆਉਂਦਾ ਹੈ ਜਿੱਥੇ ਉਹ ਕਿਸੇ ਦੇ ਮੁਹਤਾਜ ਨਹੀਂ ਸਨ। ਕਈ ਵਾਰ ਬੱਚੇ ਮਾਪਿਆਂ ਨੂੰ ਇਸ ਲਈ ਵੀ ਸੱਦਦੇ ਹਨ ਕਿ ਉਹ ਪੋਤੇ-ਪੋਤੀਆਂ ਦੀ ਦੇਖਭਾਲ ਕਰ ਸਕਣ।

ਮਾਪੇ ਵੀ ਬੱਚਿਆਂ ਦੀ ਖ਼ੁਸ਼ੀ ਲਈ ਇਹ ਜ਼ਿੰਮੇਵਾਰੀ ਨਿਭਾਉਂਦੇ ਹਨ। ਪਰ ਅੰਦਰੋਂ ਅੰਦਰ ਉਹਨਾਂ ਦੇ ਮਨ 'ਚ ਇਕ ਖ਼ਾਲੀਪਣ ਬਣਿਆ ਰਹਿੰਦਾ ਹੈ। ਉਹ ਵਾਪਸ ਆਉਣਾ ਚਾਹੁੰਦੇ ਹਨ, ਪਰ ਸਮਾਜਿਕ ਨਮੋਸ਼ੀ ਦਾ ਡਰ ਵੀ ਉਹਨਾਂ ਨੂੰ ਰੋਕਦਾ ਹੈ। ਉਹਨਾਂ ਨੂੰ ਲੱਗਦਾ ਹੈ ਕਿ ਲੋਕ ਕਹਿਣਗੇ—'ਬੱਚਿਆਂ ਨੇ ਰੱਖਿਆ ਨਹੀਂ' ਜਾਂ 'ਬੱਚਿਆਂ ਨਾਲ ਬਣੀ ਨਹੀਂ।' ਇਸ ਤਰ੍ਹਾਂ ਬਹੁਤ ਸਾਰੇ ਮਾਪੇ ਇੱਕ ਅਜਿਹੀ ਸਥਿਤੀ ਵਿੱਚ ਫਸ ਜਾਂਦੇ ਹਨ ਜਿੱਥੇ ਉਹ 'ਨਾ ਇੱਧਰ ਦੇ ਰਹਿੰਦੇ ਹਨ, ਨਾ ਉੱਧਰ ਦੇ।'

ਦੇਸ਼ ਹੋਵੇ ਜਾਂ ਵਿਦੇਸ਼, ਉਹਨਾਂ ਕੋਲ ਸੁੱਖ-ਸਹੂਲਤਾਂ ਤਾਂ ਹੋ ਸਕਦੀਆਂ ਹਨ, ਪਰ ਮਨ ਦਾ ਸਕੂਨ ਅਤੇ ਆਪਣੇਪਨ ਦਾ ਨਿੱਘ ਹੌਲੀ-ਹੌਲੀ ਕਿਤੇ ਗੁਆਚ ਜਾਂਦਾ ਹੈ। ਇਹ ਸਮੱਸਿਆ ਸਿਰਫ਼ ਪਰਿਵਾਰਾਂ ਦੀ ਨਹੀਂ, ਸਗੋਂ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਜਾ ਰਹੀ ਹੈ।

ਇਸ ਲਈ ਜ਼ਰੂਰੀ ਹੈ ਕਿ ਸਰਕਾਰ ਵੱਲੋਂ ਇਕੱਲੇ ਰਹਿ ਰਹੇ ਬਜ਼ੁਰਗਾਂ ਦੇ ਮਿਲ ਬੈਠਣ ਲਈ ਥਾਵਾਂ ਬਣਾਈਆਂ ਜਾਣ ਅਤੇ ਵਿਸ਼ੇਸ਼ ਸਿਹਤ ਅਤੇ ਸੁਰੱਖਿਆ ਪ੍ਰਬੰਧ ਕੀਤੇ ਜਾਣ। ਵਿਦੇਸ਼ ਉੱਡ ਗਈ ਔਲਾਦ ਨੂੰ ਚਾਹੀਦਾ ਹੈ ਕਿ ਮਾਪਿਆਂ ਨੇ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਸਭ ਕੁੱਝ ਕੁਰਬਾਨ ਕੀਤਾ ਹੈ ਤੇ ਹੁਣ ਉਨ੍ਹਾਂ ਦੀ ਵਾਰੀ ਹੈ ਕਿ ਉਹ ਆਪਣੇ ਮਾਪਿਆਂ ਨੂੰ ਇੱਕਲੇ ਮਹਿਸੂਸ ਨਾ ਹੋਣ ਦੇਣ ਕਿਉਂਕਿ ਡਿਜੀਟਲ ਯੁੱਗ ਵਿਚ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਕੋਈ ਅਰਥ ਨਹੀਂ ਰੱਖਦੀ ਪਰ ਨਾਲ ਹੀ ਇਹ ਅਹਿਸਾਸ ਵੀ ਜ਼ਿੰਦਾ ਰਹਿਣਾ ਚਾਹੀਦਾ ਹੈ ਕਿ ਵੀਡੀਓ ਕਾਲ ਮਾਪਿਆਂ ਦੇ ਚਿਹਰੇ 'ਤੇ ਮੁਸਕਾਨ ਤਾਂ ਲਿਆ ਸਕਦੀ ਹੈ, ਪਰ ਉਹ ਪੁੱਤਰ ਜਾਂ ਧੀ ਦੇ ਹੱਥ ਦਾ ਸਪਰਸ਼, ਇਕੱਠੇ ਬੈਠ ਕੇ ਪੀਤੀ ਚਾਹ ਜਾਂ ਬਿਨਾਂ ਕਾਰਨ ਹੋਈ ਗੱਲਬਾਤ ਦੀ ਥਾਂ ਨਹੀਂ ਲੈ ਸਕਦੀ।

# ਦਿਮਾਗ਼ ਦੇ ਆਖ਼ਰੀ ਅਣ-ਸੁਲਝੇ ਹਿੱਸੇ ਦੀ ਮੈਪਿੰਗ ਦੱਸ ਸਕਦੀ ਹੈ ਅਲਜ਼ਾਈਮਰ ਦਾ ਕਾਰਨ

ਇੱਕ ਸਦੀ ਤੋਂ ਵੱਧ ਸਮੇਂ ਤੋਂ, ਨਿਊਰੋ ਵਿਗਿਆਨੀ ਬਿਲਕੁਲ ਉਸੇ ਤਰ੍ਹਾਂ ਮਨੁੱਖੀ ਦਿਮਾਗ਼ ਦਾ ਅਧਿਐਨ ਕਰ ਰਹੇ ਹਨ ਜਿਵੇਂ ਸ਼ੁਰੂਆਤੀ ਨਕਸ਼ਾਕਾਰ ਅਣਜਾਣ ਧਰਤੀਆਂ ਦਾ ਨਕਸ਼ਾ ਬਣਾਉਂਦੇ ਸਨ ਯਾਨੀ ਵੱਖ ਵੱਖ ਥਾਂਵਾਂ ਤੋਂ ਇਕੱਠੇ ਕੀਤੇ ਗਏ ਨਿਰੀਖਣਾਂ ਨੂੰ ਜੋੜ ਕੇ ਵੱਡਾ ਦ੍ਰਿਸ਼ ਤਿਆਰ ਕਰਨਾ। ਅੱਜ ਵੀ ਅਲਜ਼ਾਈਮਰ ਜਿਹੀਆਂ ਬਿਮਾਰੀਆਂ ਦੀ ਜਾਂਚ ਕਰਨ ਵਾਲੇ ਪੈਥੋਲੋਜਿਸਟ ਆਮ ਤੌਰ 'ਤੇ ਲਗਭਗ 86 ਅਰਬ ਨਿਊਰੋਨਸ ਵਾਲੇ ਇਸ ਅੰਗ ਦੇ ਸਿਰਫ਼ ਕੁਝ ਕੁ ਟਿਸ਼ੂਆਂ ਦੀ ਹੀ ਜਾਂਚ ਕਰਦੇ ਹਨ। ਇਸ ਦਾ ਬਹੁਤ ਸਾਰਾ ਹਿੱਸਾ ਹਾਲੇ ਵੀ ਅਣਦੇਖਿਆ ਹੈ। ਇਹੀ ਕਾਰਨ ਹੈ ਕਿ ਆਈ ਆਈ ਟੀ ਮਦਰਾਸ ਦੇ ਸੁਧਾ ਗੋਪਾਲਕ੍ਰਿਸ਼ਨਨ ਬ੍ਰੇਨ ਸੈਂਟਰ ਦੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਨੇ ਦਿਮਾਗ਼ ਵਿਗਿਆਨ ਦੇ ਸਭ ਤੋਂ ਵੱਡੇ ਪਾੜੇ ਨੂੰ ਭਰਨ ਵੱਲ ਇੱਕ ਅਹਿਮ ਕਦਮ ਪੁੱਟਿਆ ਹੈ। ਵਿਗਿਆਨੀਆਂ ਨੇ ਸੈਲੂਲਰ ਰੈਜ਼ੋਲਿਊਸ਼ਨ 'ਤੇ ਮਨੁੱਖੀ ਬ੍ਰੇਨਸਟੈਮ ਦਾ ਦੁਨੀਆਂ ਦਾ ਸਭ ਤੋਂ ਵਿਸਤ੍ਰਿਤ 3ਡੀ ਡਿਜੀਟਲ ਐਟਲਸ ਤਿਆਰ ਕੀਤਾ ਹੈ। ਇਹ ਨਕਸ਼ਾ ਐਮ.ਆਰ.ਆਈ ਸਕੈਨ ਤੋਂ ਲੈ ਕੇ ਵਿਅਕਤੀਗਤ ਨਰਵ ਸੈੱਲਾਂ ਤੱਕ ਨਿਰਵਿਘਨ ਨੈਵੀਗੇਸ਼ਨ ਦੀ ਇਜਾਜ਼ਤ ਦਿੰਦਾ ਹੈ। ਐਂਕਰ ਯਾਨੀ ਐਟਲਸ ਆਫ ਨਿਊਰੋਕੈਮੀਕਲ ਕੈਰੈਕਟਰਾਈਜ਼ੇਸ਼ਨ ਆਫ ਦਿ ਹਿਊਮਨ ਬ੍ਰੇਨਸਟੈਮ ਵਿਦ 3ਡੀ ਰੀਕੰਸਟ੍ਰਕਸ਼ਨ, ਭਰੂਣ, ਬਚਪਨ ਅਤੇ ਬਾਲਗ ਦਿਮਾਗ਼ਾਂ ਦੇ ਪੰਜ ਸੌ ਤੋਂ ਵੱਧ ਟਿਸ਼ੂ ਹਿੱਸਿਆਂ ਨੂੰ ਆਪਸ ਵਿੱਚ ਜੋੜਦਾ ਹੈ। ਇਸ ਵਿਆਪਕ 3ਡੀ ਐਟਲਸ ਦਾ ਉਦੇਸ਼ ਮਨੁੱਖੀ ਦਿਮਾਗ਼ ਦੇ ਤਣੇ ਦੀ ਨਿਊਰੋਕੈਮੀਕਲ ਬਣਤਰ ਨੂੰ ਸਮਝਣਾ ਹੈ।

ਮਹਿੰਗੀਆਂ ਮੋਲੀਕਿਊਲਰ ਤਕਨੀਕਾਂ ਦੀ ਬਜਾਏ ਉੱਚ ਰੈਜ਼ੋਲਿਊਸ਼ਨ ਵਾਲੇ ਮਾਈਕ੍ਰੋਸਕੋਪਿਕ ਚਿਤਰਾਂ ਤੋਂ ਬਣਾਇਆ ਗਿਆ ਇਹ ਨਕਸ਼ਾ ਬ੍ਰੇਨਸਟੈਮ ਦਾ ਇੱਕ ਵਿਸਤ੍ਰਿਤ 3ਡੀ ਨਕਸ਼ਾ ਤਿਆਰ ਕਰਦਾ ਹੈ ਜੋ ਦਿਮਾਗ਼ੀ ਸੈੱਲਾਂ ਅਤੇ ਨਾੜੀਆਂ ਦੇ ਰਸਤਿਆਂ ਦੇ ਦੋ ਸੌ ਤੋਂ ਵੱਧ ਸਮੂਹਾਂ ਦੀ ਪਛਾਣ ਕਰਦਾ ਹੈ। ਅੱਠ ਕੈਮੀਕਲ ਮਾਰਕਰ ਵੱਖ-ਵੱਖ ਕਿਸਮਾਂ ਦੇ ਸੈੱਲਾਂ ਦੀ ਪਛਾਣ ਕਰਨ ਵਿੱਚ ਮਦਦ ਕਰਦੇ ਹਨ ਜਿਸ ਨਾਲ ਦਿਮਾਗ਼ ਦੇ ਇਸ ਮਹੱਤਵਪੂਰਨ ਪਰ ਘੱਟ ਸਮਝੇ ਗਏ ਹਿੱਸੇ ਦੀ ਹੁਣ ਤੱਕ ਦੀ ਸਭ ਤੋਂ ਸਪਸ਼ਟ ਤਸਵੀਰ ਸਾਹਮਣੇ ਆਉਂਦੀ ਹੈ। ਬ੍ਰੇਨਸਟੈਮ ਦਿਮਾਗ਼ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਹੁੰਦਾ ਹੈ ਫਿਰ ਵੀ ਇਹ ਇਨਸਾਨ ਨੂੰ ਜਿਉਂਦਾ ਰੱਖਦਾ ਹੈ। ਇਹ ਦਿਮਾਗ਼ ਨੂੰ ਰੀੜ੍ਹ ਦੀ ਹੱਡੀ ਨਾਲ ਜੋੜਦਾ ਹੈ ਅਤੇ ਸਾਹ ਲੈਣ, ਦਿਲ ਦੀ ਧੜਕਣ, ਸੌਣ, ਜਾਗਣ ਅਤੇ ਹਰਕਤ ਨੂੰ ਕੰਟਰੋਲ ਕਰਦਾ ਹੈ। ਇਸ ਦੇ ਅੰਦਰ ਮੌਜੂਦ ਸੈੱਲਾਂ ਦੇ ਛੋਟੇ ਛੋਟੇ ਸਮੂਹਾਂ ਨੂੰ ਨੁਕਸਾਨ ਪਹੁੰਚਣਾ ਜਾਨਲੇਵਾ ਸਾਬਿਤ ਹੋ ਸਕਦਾ ਹੈ, ਪਰ ਇਸ ਹਿੱਸੇ ਦੀ ਸੰਘਣੀ ਬਣਤਰ ਕਾਰਨ ਇਸ ਦਾ ਵਿਸਤ੍ਰਿਤ ਨਕਸ਼ਾ ਤਿਆਰ ਕਰਨ ਦੀਆਂ ਕੋਸ਼ਿਸ਼ਾਂ ਲੰਬੇ ਸਮੇਂ ਤੋਂ ਨਾਕਾਮ ਰਹੀਆਂ ਹਨ। ਐਂਕਰ ਦੀ ਅਹਿਮੀਅਤ ਸਿਰਫ਼ ਇੱਕ ਹਰ ਸਰੀਰਕ ਨਕਸ਼ਾ ਤਿਆਰ ਕਰਨ ਵਿੱਚ ਨਹੀਂ ਹੈ, ਸਗੋਂ ਦੋ ਅਜਿਹੀਆਂ ਦੁਨੀਆਵਾਂ ਨੂੰ ਆਪਸ ਵਿਚ ਜੋੜਨ 'ਚ ਹੈ ਜੋ ਹੁਣ ਤੱਕ ਕਾਫ਼ੀ ਹੱਦ ਤੱਕ ਵੱਖਰੀਆਂ ਰਹੀਆਂ ਹਨ: ਮੈਡੀਕਲ ਇਮੇਜਿੰਗ, ਜੋ ਦਿਮਾਗ਼ ਨੂੰ ਸਮੁੱਚੇ ਰੂਪ ਵਿੱਚ ਦਿ-ਖਾਉਂਦੀ ਹੈ ਅਤੇ ਸੈਲੂਲਰ ਪੈਥੋਲੋਜੀ ਜੋ ਇਸ ਨੂੰ ਇੱਕ ਇੱਕ ਸੈੱਲ ਕਰਕੇ ਸਾਹਮਣੇ ਲਿਆਉਂਦੀ ਹੈ।



ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਦੇ ਨਿਊਰੋਸਾਇੰਟਿਸਟ ਸ਼ੁਭਾ ਤੋਲੇ ਇਸ ਪ੍ਰੋਜੈਕਟ ਨੂੰ ਇੰਜੀਨੀਅਰਿੰਗ, ਨਿਊਰੋਸਾਇੰਸ ਅਤੇ ਮੈਡੀਸਨ ਦਾ ਇੱਕ ਬੇਮਿਸਾਲ ਸੁਮੇਲ ਦੱਸਦਿਆਂ ਭਾਰਤ ਦਾ ਕੌਮਾਂਤਰੀ ਪੱਧਰ 'ਤੇ ਪੇਸ਼ ਕਰਨ ਵਾਲਾ ਦੂਰਦਰਸ਼ੀ ਪ੍ਰੋਗਰਾਮ ਦੱਸਦੇ ਹਨ। ਆਮ ਤੌਰ 'ਤੇ ਡਾਕਟਰ ਪੋਸਟਮਾਰਟਮ ਵੇਲੇ ਪੂਰੇ ਦਿਮਾਗ਼ ਦੀ ਜਾਂਚ ਕਰਕੇ ਜਾਂ ਨਿਊਰੋਸਰਜਰੀ ਦੌਰਾਨ ਕੱਢੇ ਗਏ ਟਿਸ਼ੂਆਂ ਤੋਂ ਕੰਮ ਸ਼ੁਰੂ ਕਰਦੇ ਹਨ। ਇੱਕ ਬਾਲਗ ਦਾ ਦਿਮਾਗ਼ ਤਕਰੀਬਨ 1.2 ਕਿੱਲੋ ਤੋਂ 1.5 ਕਿੱਲੋ ਤੱਕ ਦਾ ਹੁੰਦਾ ਹੈ। ਮਾਈਕ੍ਰੋਸਕੋਪਿਕ ਜਾਂਚ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਸ ਦੀਆਂ ਪਰਤਾਂ ਅਤੇ ਮੁੱਖ ਬਣਤਰਾਂ ਕਈ ਮਹੱਤਵਪੂਰਨ ਸੁਰਾਗ ਦੇ ਸਕਦੀਆਂ ਹਨ। ਹਾਰਵਰਡ ਮੈਡੀਕਲ ਸਕੂਲ ਤੇ ਨਿਊਯਾਰਕ ਯੂਨੀਵਰਸਿਟੀ ਨਾਲ ਜੁੜੀ ਅਤੇ ਐਸਜੀਬੀਸੀ ਟੀਮ ਨਾਲ ਮਿਲ ਕੇ ਕੰਮ ਕਰ ਚੁੱਕੀ ਰੇਬੇਕਾ ਫੋਲਕਰਥ ਕਹਿੰਦੀ ਹੈ, "ਇੱਕ ਨਿਊਰੋ ਪੈਥੋਲੋਜਿਸਟ ਵਜੋਂ ਮੈਂ ਮਾਈਕ੍ਰੋਸਕੋਪ ਦੇ ਹੇਠਾਂ ਛੋਟੇ ਟੁਕੜਿਆਂ ਨੂੰ ਦੇਖਣ ਤੋਂ ਪਹਿਲਾਂ ਨੰਗੀ ਅੱਖ ਨਾਲ ਪੂਰੇ ਦਿਮਾਗ਼ ਦੀ ਜਾਂਚ ਕਰਕੇ ਸ਼ੁਰੂਆਤ ਕਰਦੀ ਹਾਂ।" ਅਲਜ਼ਾਈਮਰ ਦੀ ਬਿਮਾਰੀ ਲਈ ਅਸੀਂ ਸ਼ਾਇਦ ਸਿਰਫ਼ 15 ਤੋਂ 20 ਹਿੱਸਿਆਂ ਦੀ ਹੀ ਜਾਂਚ ਕਰ ਪਾਉਂਦੇ ਹਾਂ ਜੋ ਕਿ ਪੂਰੇ ਅੰਗ ਦਾ ਸਿਰਫ਼ ਇੱਕ ਫ਼ੀਸਦੀ ਦਾ ਇੱਕ ਛੋਟਾ ਜਿਹਾ ਹਿੱਸਾ ਹੈ।

ਇੱਕ ਸਦੀ ਤੋਂ ਵੀ ਪਹਿਲਾਂ ਸਪੇਨ ਦੇ ਨਿਊਰੋ ਵਿਗਿਆਨੀ ਸੈਂਟੀਆਗੋ ਰਾਮੋਨ ਵਾਈ ਕਾਹਲ ਦੇ ਮੋਹਰੀ ਕੰਮ ਤੋਂ ਬਾਅਦ ਇਹੋ ਤਰੀਕਾ ਚੱਲਦਾ ਆ ਰਿਹਾ ਹੈ। ਆਧੁਨਿਕ ਐਮ।ਆਰ।ਆਈ ਪੂਰੇ ਦਿਮਾਗ਼ ਨੂੰ ਤਾਂ ਦਿਖਾਉਂਦੀ ਹੈ ਪਰ ਉਸ ਵਿੱਚ ਸੈੱਲਾਂ ਦੀ ਬਰੀਕੀ ਨਹੀਂ ਹੁੰਦੀ- ਮਾਈਕ੍ਰੋਸਕੋਪ ਵਿਅਕਤੀਗਤ ਸੈੱਲਾਂ ਨੂੰ ਤਾਂ ਦਿਖਾਉਂਦੇ ਹਨ ਪਰ ਸਿਰਫ਼ ਵੱਖਰੇ ਕੀਤੇ ਗਏ ਟੁਕੜਿਆਂ ਵਿੱਚ। ਤਿੰਨ ਦਹਾਕਿਆਂ ਤੋਂ ਵੱਧ ਦਿਮਾਗ਼ਾਂ ਦੀ ਜਾਂਚ ਕਰ ਚੁੱਕੇ ਫੋਲਕਰਥ ਨੇ ਬੀਬੀਸੀ ਨੂੰ ਦੱਸਿਆ ਕਿ ਭਾਰਤੀ ਕੇਂਦਰ ਵੱਲੋਂ ਵਿਕਸਤ ਤਕਨੀਕ ਉਨ੍ਹਾਂ ਦੇ ਕਰੀਅਰ ਦੇ ਸ਼ੁਰੂਆਤੀ ਸੁਫ਼ਨੇ ਨੂੰ ਪੂਰਾ ਕਰਦੀ ਹੈ, ਜੋ ਦਿਮਾਗ਼ ਦੇ ਸਕੈਨ ਨੂੰ ਮਾਈਕ੍ਰੋਸਕੋਪਿਕ ਬਣਤਰ ਨਾਲ ਮੇਲਣਾ ਸੀ। ਐਂਕਰ ਬ੍ਰੇਨਸਟੈਮ ਦੇ ਪੂਰੇ ਦ੍ਰਿਸ਼ ਤੋਂ ਲੈ ਕੇ ਇੱਕ ਇੱਕ ਨਿਊਰੋਨ ਤੱਕ ਸਹੀ ਸਥਾਨਿਕ ਸੰਬੰਧਾਂ ਨੂੰ ਬਰਕਰਾਰ ਰੱਖਦਿਆਂ ਜ਼ੂਮ ਕਰਨ ਦੀ ਸਹੂਲਤ ਦਿੰਦਾ ਹੈ। ਖੋਜਕਰਤਾਵਾਂ ਨੇ ਇਸ ਐਟਲਸ ਨੂੰ ਦੁਨੀਆਂ ਭਰ ਦੇ ਨਿਊਰੋ ਵਿਗਿਆਨੀਆਂ, ਨਿਊਰੋਲੋਜਿਸਟਾਂ ਅਤੇ ਨਿਊਰੋਸਰਜਨਾਂ ਲਈ ਇੱਕ ਹਵਾਲਾ ਸਾਧਨ ਵਜੋਂ ਮੁਫ਼ਤ ਮੁਹੱਈਆ ਕਰਵਾਇਆ ਹੈ। ਇਸ ਦੇ ਉਪਯੋਗ ਸਰੀਰਕ ਬਣਤਰ ਤੋਂ ਕਿਤੇ ਵਧ ਕੇ ਹੋ ਸਕਦੇ ਹਨ।

ਤੰਦਰੁਸਤ ਬ੍ਰੇਨਸਟੈਮ ਦੇ ਨਕਸ਼ਿਆਂ ਦੀ ਤੁਲਨਾ ਬਿਮਾਰ ਟਿਸ਼ੂਆਂ ਨਾਲ ਕਰਕੇ ਵਿਗਿਆਨੀ ਪਾਰਕਿੰਸਨ, ਸਟ੍ਰੋਕ, ਅਲਜ਼ਾਈਮਰ ਅਤੇ ਸਡਨ ਇਨਫੈਂਟ ਡੈੱਥ ਸਿੰਡਰੋਮ ਜਿਹੀਆਂ ਸਥਿਤੀਆਂ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਦੇ

(ਬਾਕੀ ਅਗਲੇ ਸਫ਼ੇ 'ਤੇ)

# ਬੱਚਿਆਂ ਨੂੰ ਸਬਜ਼ੀਆਂ ਖਵਾਉਣ ਲਈ ਕਈ ਕਿਸਮ ਦੇ ਤਰੀਕੇ ਵਰਤੋ



ਬੱਚਿਆਂ ਨੂੰ ਲੋੜ ਮੁਤਾਬਕ ਸਬਜ਼ੀਆਂ ਖਵਾਉਣਾ ਅਕਸਰ ਚੁਣੌਤੀ ਬਣ ਜਾਂਦਾ ਹੈ। ਪੇਰੈਂਟਿੰਗ ਫੋਰਮ ਅਤੇ ਚੈਟ ਗਰੁੱਪਾਂ ਵਿੱਚ ਅਕਸਰ ਅਜਿਹੇ ਸਵਾਲ ਪੁੱਛੇ ਜਾਂਦੇ ਹਨ, "ਕੀ ਇਹ ਆਮ ਗੱਲ ਹੈ ਕਿ ਮੇਰਾ ਬੱਚਾ ਸਿਰਫ਼ ਪ੍ਰੋਸੈਸਡ ਫੂਡ ਜਾਂ ਤਲਿਆ ਹੋਇਆ ਖਾਣਾ ਖਾਂਦਾ ਹੈ ?" ਇਸ ਦਾ ਇੱਕ ਕਾਰਨ ਇਹ ਹੈ ਕਿ ਬੱਚਿਆਂ ਵਿੱਚ ਮਿੱਠਾ ਖਾਣ ਦੀ ਪਸੰਦ ਬਹੁਤ ਛੋਟੀ ਉਮਰ ਤੋਂ ਹੀ ਵਿਕਸਿਤ ਹੋ ਜਾਂਦੀ ਹੈ। ਮਾਂ ਦੇ ਦੁੱਧ ਵਿੱਚ ਵੀ ਕੁਦਰਤੀ ਸ਼ੱਕਰ ਹੁੰਦੀ ਹੈ, ਜਿਸ ਕਰਕੇ ਉਸ ਦਾ ਸਵਾਦ ਹਲਕਾ ਮਿੱਠਾ ਹੁੰਦਾ ਹੈ। ਜਦੋਂ ਬੱਚੇ ਠੋਸ ਭੋਜਨ ਖਾਣਾ ਸ਼ੁਰੂ ਕਰਦੇ ਹਨ ਤਾਂ ਉਨ੍ਹਾਂ ਨੂੰ ਬਰੋਕਲੀ ਜਾਂ ਪਾਲਕ ਖਵਾਉਣਾ ਕਾਫ਼ੀ ਔਖਾ ਹੋ ਸਕਦਾ ਹੈ।

ਪਰ ਬੱਚਿਆਂ ਲਈ ਫਲਾਂ ਅਤੇ ਸਬਜ਼ੀਆਂ ਨਾਲ ਭਰਪੂਰ ਸੰਤੁਲਿਤ ਅਤੇ ਵਿਭਿੰਨ ਖੁਰਾਕ ਬਹੁਤ ਜ਼ਰੂਰੀ ਹੈ। ਮਾੜੀ ਖੁਰਾਕ ਦਾ ਅਸਰ ਉਨ੍ਹਾਂ ਦੀ ਸੋਚਣ-ਸਮਝਣ ਦੀ ਸਮਰੱਥਾ, ਧਿਆਨ, ਵਿਹਾਰ ਅਤੇ ਇੱਥੋਂ ਤੱਕ ਕਿ ਪੜ੍ਹਾਈ ਵਿੱਚ ਪ੍ਰਦਰਸ਼ਨ 'ਤੇ ਵੀ ਪੈ ਸਕਦਾ ਹੈ। ਇਸ ਦੇ ਨਾਲ ਹੀ ਬੱਚਿਆਂ ਵਿੱਚ ਮੋਟਾਪਾ ਵੀ ਵੱਧ ਰਿਹਾ ਹੈ, ਜੋ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਅਤੇ ਸਿੱਖਿਆ ਸੰਬੰਧੀ ਕਮਜ਼ੋਰ ਨਤੀਜਿਆਂ ਨਾਲ ਜੁੜਿਆ ਹੋਇਆ ਹੈ। ਖੁਸ਼ਕਿਸਮਤੀ ਨਾਲ, ਖੋਜਕਰਤਾ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ ਸੁਧਾਰਨ ਲਈ ਨਵੇਂ ਤਰੀਕੇ ਲੱਭ ਰਹੇ ਹਨ ਅਤੇ ਉਨ੍ਹਾਂ ਨੂੰ ਕੁਝ ਨਵੇਂ ਅਤੇ ਪ੍ਰਭਾਵਸ਼ਾਲੀ ਹੱਲ ਵੀ ਮਿਲੇ ਹਨ। ਵਿਗਿਆਨ ਦੇ ਆਧਾਰ 'ਤੇ ਇਹ ਛੇ ਸੌਖੇ ਤਰੀਕੇ ਹਨ, ਜਿਨ੍ਹਾਂ ਨੂੰ ਤੁਸੀਂ ਅਜ਼ਮਾ ਸਕਦੇ ਹੋ।

**ਬਚਪਨ ਤੋਂ ਹੀ ਸਬਜ਼ੀਆਂ ਖਵਾਓ**

ਯੂਕੇ ਦੀ ਲੀਡਜ਼ ਯੂਨੀਵਰਸਿਟੀ ਵਿੱਚ ਬਾਇਓਸਾਈਕੋਲੋਜੀ ਦੀ ਪ੍ਰੋਫੈਸਰ ਮੈਰੀਅਨ ਹੈਥਰਿੰਗਟਨ ਕਹਿੰਦੇ ਹਨ ਕਿ ਬਚਪਨ ਦੇ ਸ਼ੁਰੂਆਤੀ ਸਾਲਾਂ ਵਿੱਚ ਹੀ ਬੱਚਿਆਂ ਨੂੰ ਵੱਖ-ਵੱਖ ਕਿਸਮਾਂ ਦੀਆਂ ਸਬਜ਼ੀਆਂ ਵਾਰ-ਵਾਰ ਖਵਾਉਣ ਦੀ ਕੋਸ਼ਿਸ਼ ਕਰਨ ਨਾਲ ਮਦਦ ਮਿਲ ਸਕਦੀ ਹੈ। ਉਨ੍ਹਾਂ ਮੁਤਾਬਕ, ਪ੍ਰੀ-ਸਕੂਲ ਉਮਰ (ਲਗਭਗ 3 ਤੋਂ 5 ਸਾਲ) ਉਹ ਸਮਾਂ ਹੈ ਜਦੋਂ ਬੱਚਿਆਂ ਵਿੱਚ ਸਬਜ਼ੀਆਂ ਲਈ ਦਿਲਚਸਪੀ ਪੈਦਾ ਕਰਨਾ ਸਭ ਤੋਂ ਆਸਾਨ ਹੁੰਦਾ ਹੈ। ਉਹ ਕਹਿੰਦੇ ਹਨ, "ਜੇ ਤੁਸੀਂ ਪੰਜ ਸਾਲ ਦੀ ਉਮਰ ਤੱਕ ਬੱਚਿਆਂ ਨੂੰ ਵਾਰ-ਵਾਰ ਸਬਜ਼ੀਆਂ ਨਾਲ ਜਾਣ-ਪਛਾਣ ਨਹੀਂ ਕਰਵਾਉਂਦੇ ਤਾਂ ਬਾਅਦ ਵਿੱਚ ਇਹ ਕੰਮ ਕਾਫ਼ੀ ਔਖਾ ਹੋ ਜਾਂਦਾ ਹੈ।" ਖੋਜਾਂ ਤੋਂ ਪਤਾ ਲੱਗਿਆ ਹੈ ਕਿ ਕਿਸੇ ਨਵੇਂ ਭੋਜਨ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਬੱਚਿਆਂ ਨੂੰ ਉਹੀ ਚੀਜ਼ ਕਈ ਵਾਰ ਦਿਖਾਉਣ ਜਾਂ ਖਵਾਉਣ ਦੀ ਲੋੜ ਪੈਂਦੀ ਹੈ। ਹਾਲਾਂਕਿ, ਇਸ ਗੱਲ 'ਤੇ ਖੋਜਕਾਰਾਂ ਦੀ ਇੱਕੋ ਜਿਹੀ ਰਾਇ ਨਹੀਂ ਹੈ ਕਿ ਬੱਚੇ ਨੂੰ ਕੋਈ ਭੋਜਨ ਕਿੰਨੀ ਵਾਰ ਦੇਣਾ ਚਾਹੀਦਾ ਹੈ। ਕੁਝ ਅਧਿਐਨ ਪੰਜ ਵਾਰ, ਜਦਕਿ ਕੁਝ 15 ਵਾਰ ਤੱਕ ਕੋਸ਼ਿਸ਼ ਕਰਨ ਦੀ ਗੱਲ ਕਰਦੇ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਹਰ ਬੱਚਾ ਵੱਖਰਾ ਹੁੰਦਾ ਹੈ। ਇੱਕ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਨਵੇਂ ਭੋਜਨ ਨੂੰ ਸਵੀਕਾਰ ਕਰਨ ਲਈ ਆਮ ਤੌਰ 'ਤੇ ਘੱਟ ਵਾਰ ਜਾਣ-ਪਛਾਣ ਦੀ ਲੋੜ ਪੈਂਦੀ ਹੈ। ਇਸ ਦੇ ਉਲਟ, 3 ਤੋਂ 4 ਸਾਲ ਦੇ ਬੱਚਿਆਂ ਵਿੱਚ ਅਕਸਰ ਨਵੇਂ ਭੋਜਨ ਨੂੰ ਲੈਕੇ ਡਰ ਜਾਂ ਝਿਜਕ (ਫੂਡ ਨਿਓਫੋਬੀਆ) ਵੱਧ ਹੁੰਦੀ ਹੈ, ਜਿਸ ਕਰਕੇ ਉਹ ਨਵੀਆਂ ਚੀਜ਼ਾਂ ਚੱਖਣ ਤੋਂ ਕਤਰਾਉਂਦੇ ਹਨ। ਇਹ ਪ੍ਰਕਿਰਿਆ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਸਕਦੀ ਹੈ। ਖੋਜਾਂ ਤੋਂ ਸੰਕੇਤ ਮਿਲਦੇ ਹਨ ਕਿ ਗਰਭਵਤੀ ਮਾਂ ਜੋ ਕੁਝ ਖਾਂਦੀ ਹੈ, ਉਸ ਦੇ ਸੁਆਦ ਐਮਨਿਓਟਿਕ ਤਰਲ ਰਾਹੀਂ ਭਰੂਣ ਤੱਕ ਪਹੁੰਚ ਸਕਦੇ ਹਨ ਅਤੇ ਬੱਚੇ ਦੀਆਂ ਭਵਿੱਖ ਦੀਆਂ ਖਾਣ-ਪੀਣ ਦੀਆਂ ਪਸੰਦਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਪਹਿਲਾਂ ਸਬਜ਼ੀਆਂ ਆਫਰ ਕਰੋ**

ਬੱਚਿਆਂ ਨੂੰ ਇਹ ਕਹਿਣਾ ਕਿ ਕੋਈ ਭੋਜਨ "ਸਿਹਤ ਲਈ ਚੰਗਾ ਹੈ" ਕਈ ਵਾਰ ਉਲਟ ਅਸਰ ਕਰ ਸਕਦਾ ਹੈ, ਕਿਉਂਕਿ ਬੱਚੇ ਅਕਸਰ ਉਹੀ ਖਾਣਾ ਚੁਣਦੇ ਹਨ ਜਿਸਨੂੰ "ਸਵਾਦ" ਦੱਸਿਆ ਗਿਆ ਹੋਵੇ, ਨਾ ਕਿ ਸਿਰਫ਼ "ਸਿਹਤਮੰਦ"। ਇਸ ਲਈ ਇਹ ਸੋਚਣਾ ਜ਼ਿਆਦਾ ਵਧੀਆ ਹੈ ਕਿ ਤੁਸੀਂ ਭੋਜਨ ਦੌਰਾਨ ਸਬਜ਼ੀਆਂ ਕਦੋਂ ਪੇਸ਼ ਕਰਦੇ ਹੋ। ਹੈਥਰਿੰਗਟਨ ਕਹਿੰਦੇ ਹਨ ਕਿ ਭੋਜਨ ਦੀ ਸ਼ੁਰੂਆਤ ਵਿੱਚ, ਜਦੋਂ ਬੱਚੇ ਸਭ ਤੋਂ ਜ਼ਿਆਦਾ ਭੁੱਖੇ ਹੁੰਦੇ ਹਨ, ਸਬਜ਼ੀਆਂ ਦੇਣ ਨਾਲ ਉਨ੍ਹਾਂ ਦੇ ਖਾਣ ਦੀ ਸੰਭਾਵਨਾ ਵੱਧ ਜਾਂਦੀ ਹੈ। ਉਹ ਕਹਿੰਦੇ ਹਨ, "ਬੱਚੇ ਅਕਸਰ ਉਹ ਚੀਜ਼ ਖਾ ਲੈਂਦੇ ਹਨ ਜੋ ਉਨ੍ਹਾਂ ਨੂੰ ਸਭ ਤੋਂ ਵੱਧ ਪਸੰਦ ਹੁੰਦੀ ਹੈ ਅਤੇ ਜਦੋਂ ਤੱਕ ਉਹ ਸਬਜ਼ੀਆਂ ਤੱਕ ਪਹੁੰਚਦੇ ਹਨ, ਉਨ੍ਹਾਂ ਦੀ ਖਾਣ ਦੀ ਇੱਛਾ ਨਹੀਂ ਰਹਿੰਦੀ।" ਅਜਿਹਾ ਕਰਨ ਨਾਲ ਤੁਸੀਂ ਸਬਜ਼ੀਆਂ ਦਾ ਉੱਚ ਕੈਲੋਰੀ ਵਾਲੇ ਭੋਜਨ ਨਾਲ ਮੁਕਾਬਲਾ ਘਟਾ ਸਕਦੇ ਹੋ।

ਅਮਰੀਕਾ ਦੀ ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਦੀ ਪੋਸ਼ਣ ਵਿਗਿਆਨ ਦੀ ਪ੍ਰੋਫੈਸਰ ਬਾਰਬਰਾ ਰੋਲਜ਼ ਕਹਿੰਦੇ ਹਨ ਕਿ ਸਬਜ਼ੀਆਂ ਨੂੰ ਪਹਿਲਾਂ ਦੇਣ ਨਾਲ ਬੱਚਿਆਂ ਨੂੰ ਜ਼ਿਆਦਾ ਖਾਣ ਤੋਂ ਵੀ ਰੋਕਿਆ ਜਾ ਸਕਦਾ ਹੈ। ਭਾਵੇਂ ਪੱਛਮੀ ਖੁਰਾਕ ਵਿੱਚ ਸਬਜ਼ੀਆਂ ਆਮ ਤੌਰ 'ਤੇ ਨਾਸ਼ਤੇ ਦਾ ਹਿੱਸਾ ਨਹੀਂ ਹੁੰਦੀਆਂ ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਵੇਰੇ ਖਾਧੀਆਂ ਨਹੀਂ ਜਾ ਸਕਦੀਆਂ। ਤੁਸੀਂ ਨਾਸ਼ਤੇ ਵਿੱਚ ਓਮਲੇਟ ਵਿੱਚ ਮਸ਼ਰੂਮ ਅਤੇ ਪਾਲਕ ਜਾਂ ਬ੍ਰੇਕਫਾਸਟ ਮਫਿਨਜ਼ ਵਿੱਚ ਜ਼ੁਕੀਨੀ ਸ਼ਾਮਿਲ ਕਰ ਸਕਦੇ ਹੋ। 2023 ਦੇ ਇੱਕ ਅਧਿਐਨ ਵਿੱਚ, ਜੋ ਯੂਕੇ ਦੇ ਅੱਠ ਚਾਈਲਡ ਕੇਅਰ ਕੇਂਦਰਾਂ ਵਿੱਚ ਕੀਤਾ ਗਿਆ ਸੀ, ਖੋਜਕਰਤਿਆਂ ਨੇ ਪਾਇਆ ਕਿ ਜਦੋਂ ਬੱਚਿਆਂ ਨੂੰ ਨਾਸ਼ਤੇ ਵਿੱਚ ਸਬਜ਼ੀਆਂ ਦਿੱਤੀਆਂ ਗਈਆਂ ਤਾਂ ਉਨ੍ਹਾਂ ਨੇ 60% ਤੋਂ ਵੱਧ ਵਾਰ ਸਬਜ਼ੀਆਂ ਖਾ ਲਈਆਂ।

**ਸਿਹਤਮੰਦ ਖਾਣੇ ਦੀ ਮਾਤਰਾ ਵਧਾਓ**

ਜੇ ਨਾਸ਼ਤੇ ਵਿੱਚ ਜਾਂ ਖਾਣੇ ਤੋਂ ਪਹਿਲਾਂ ਸਬਜ਼ੀਆਂ ਦੇਣਾ ਔਖਾ ਲੱਗਦਾ ਹੈ ਤਾਂ ਇੱਕ ਹੋਰ ਤਰੀਕਾ ਇਹ ਹੈ ਕਿ ਤੁਸੀਂ ਪਲੇਟ ਵਿੱਚ ਖਾਣੇ ਦਾ ਅਨੁਪਾਤ ਬਦਲ ਦਿਓ ਯਾਨੀ ਉੱਚ ਕੈਲੋਰੀ ਵਾਲੀਆਂ ਚੀਜ਼ਾਂ ਘਟਾ ਕੇ ਸਬਜ਼ੀਆਂ ਵਧਾ ਦਿਓ। ਇਹ ਤੁਸੀਂ ਆਸਾਨੀ ਨਾਲ ਕਰ ਸਕਦੇ ਹੋ, ਜਿਵੇਂ ਕਿ ਸਬਜ਼ੀਆਂ ਨੂੰ ਸਾਈਡ ਡਿਸ਼ ਵਜੋਂ ਵਧਾਉਣਾ ਜਾਂ ਗਾਜਰ ਵਰਗੀਆਂ ਸਬਜ਼ੀਆਂ ਨੂੰ ਘਿਸ ਕੇ ਸੂਪ ਵਿੱਚ ਮਿਲਾ ਦੇਣਾ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਲੋਕ ਆਮ ਤੌਰ 'ਤੇ ਖਾਣੇ ਦੀ ਕੁੱਲ ਮਾਤਰਾ ਲਗਭਗ ਇੱਕੋ ਜਿਹੀ ਹੀ ਖਾਂਦੇ ਹਨ। ਇਸ ਲਈ ਜਦੋਂ ਪਲੇਟ ਵਿੱਚ ਮਾਸ ਅਤੇ ਸਬਜ਼ੀਆਂ ਦਾ ਅਨੁਪਾਤ ਬਦਲਿਆ ਜਾਂਦਾ ਹੈ ਤਾਂ ਬੱਚੇ ਵਧੇਰੇ ਸਬਜ਼ੀਆਂ ਖਾਣ ਲੱਗਦੇ ਹਨ। ਇੱਕ ਅਧਿਐਨ ਵਿੱਚ ਇਹ ਵੀ ਮਿਲਿਆ ਕਿ ਜੇ ਬੱਚੇ ਦੀ ਪਲੇਟ ਵਿੱਚ ਫਲ ਅਤੇ ਸਬਜ਼ੀਆਂ ਦੀ ਮਾਤਰਾ 50 ਫੀਸਦ ਵਧਾ ਦਿੱਤੀ ਜਾਵੇ ਤਾਂ ਉਹ ਉਨ੍ਹਾਂ ਨੂੰ ਵਧੇਰੇ ਖਾਂਦੇ ਹਨ। ਹੋਰ ਖੋਜਾਂ ਇਹ ਵੀ ਦੱਸਦੀਆਂ ਹਨ ਕਿ ਜਦੋਂ ਪ੍ਰੀ-ਸਕੂਲ ਬੱਚਿਆਂ ਨੂੰ ਖਾਣੇ ਦੇ ਸਮੇਂ ਸਬਜ਼ੀਆਂ ਦੇ ਕਈ ਵਿਕਲਪ ਦਿੱਤੇ ਜਾਂਦੇ ਹਨ ਤਾਂ ਉਹ ਨਾ ਸਿਰਫ਼ ਵਧੇਰੇ ਸਬਜ਼ੀਆਂ ਖਾਂਦੇ ਹਨ ਬਲਕਿ ਸਿਹਤ ਲਈ ਨੁਕਸਾਨਦਾਇਕ ਖਾਣਾ ਘੱਟ ਖਾਂਦੇ ਹਨ।

**ਸਬਜ਼ੀਆਂ ਨੂੰ ਲੈ ਕੇ ਬੱਚਿਆਂ ਦੀ ਧਾਰਨਾ ਬਦਲੋ**

ਬੱਚੇ ਜੋ ਖਾਣਾ ਖਾਂਦੇ ਹਨ, ਉਸ ਬਾਰੇ ਉਨ੍ਹਾਂ ਦੀ ਧਾਰਨਾ ਬਦਲਣਾ ਵੀ ਬਹੁਤ ਫਾਇਦੇਮੰਦ ਹੋ ਸਕਦਾ ਹੈ। ਯਾਦ ਰਹੇ ਕਿ ਅਸੀਂ ਜੋ ਖਾਣਾ ਚੁਣਦੇ ਹਾਂ, ਅਕਸਰ ਇਹ ਦੇਖ ਕੇ ਚੁਣਦੇ ਹਾਂ ਕਿ ਖਾਣਾ ਦਿਸਣ ਵਿੱਚ ਕਿਹੋ ਜਿਹਾ ਹੈ। ਜਦੋਂ ਬੱਚਿਆਂ ਕੋਲ ਕਈ ਵਿਕਲਪ ਹੁੰਦੇ ਹਨ ਤਾਂ ਉਹ ਅਕਸਰ ਉਸ ਖਾਣੇ ਵੱਲ ਖਿੱਚੇ ਜਾਂਦੇ ਹਨ ਜੋ ਉਨ੍ਹਾਂ ਨੂੰ ਸਭ ਤੋਂ ਜਾਣ-ਪਛਾਣ ਵਾਲਾ ਅਤੇ ਆਕਰਸ਼ਕ ਲੱਗਦਾ ਹੈ। ਇਸ ਲਈ ਖਾਣੇ ਨੂੰ ਪੇਸ਼ ਕਰਨ ਦਾ ਢੰਗ ਬਦਲਣ ਨਾਲ ਬੱਚਿਆਂ ਨੂੰ ਹੋਰ ਸਬਜ਼ੀਆਂ ਖਾਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਖੋਜਾਂ ਤੋਂ ਪਤਾ ਲੱਗਿਆ ਹੈ ਕਿ ਜਦੋਂ ਸਬਜ਼ੀਆਂ ਨੂੰ ਰਚਨਾਤਮਕ ਅਤੇ ਸੁੰਦਰ ਢੰਗ ਨਾਲ ਪਲੇਟ ਵਿੱਚ ਸਜਾਇਆ ਜਾਂਦਾ ਹੈ ਤਾਂ ਬੱਚੇ ਨਵੇਂ ਭੋਜਨ ਨੂੰ ਖਾਣ ਲਈ ਜ਼ਿਆਦਾ ਤਿਆਰ ਹੁੰਦੇ ਹਨ। ਹੋਰ ਅਧਿਐਨਾਂ ਨੇ ਇਹ ਵੀ ਦਰਸਾਇਆ ਹੈ ਕਿ ਜਦੋਂ ਸਬਜ਼ੀਆਂ ਨੂੰ ਤਿਤਲੀ, ਫੁੱਲ ਜਾਂ ਟੈਡੀ ਬੀਅਰ ਵਰਗੀਆਂ ਦਿਲਚਸਪ ਆਕਾਰਾਂ ਵਿੱਚ ਕੱਟਿਆ ਜਾਂਦਾ ਹੈ ਤਾਂ ਬੱਚੇ ਉਨ੍ਹਾਂ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਸਿਹਤਮੰਦ ਖਾਣਾ ਮਜ਼ੇਦਾਰ ਲੱਗਦਾ ਹੈ ਤਾਂ ਉਸ ਵੱਲ ਖਿੱਚ ਵੱਧਦੀ ਹੈ।

ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਿਹਤਮੰਦ ਭੋਜਨ ਨੂੰ ਆਸਾਨੀ ਨਾਲ ਦਿੱਖਣ ਯੋਗ ਅਤੇ ਸਨੈਕ ਵੱਜੋਂ ਪਹੁੰਚਯੋਗ ਬਣਾਉਣਾ ਵੀ ਇਸ ਦੀ ਖਪਤ ਵਧਾਉਂਦਾ ਹੈ। ਖੋਜਾਂ ਵਿੱਚ ਪਾਇਆ ਗਿਆ ਹੈ ਕਿ 10 ਤੋਂ 13 ਸਾਲ ਦੇ ਬੱਚੇ ਜਦੋਂ ਸਬਜ਼ੀਆਂ ਨੂੰ ਇੱਕ ਹੀ ਕੰਟੇਨਰ ਵਿੱਚ, ਪਹਿਲਾਂ ਤੋਂ ਤੈਅ ਕੀਤੀਆਂ ਛੋਟੀਆਂ ਮਾਤਰਾ ਵਿੱਚ ਦਿੱਤਾ ਗਿਆ ਤਾਂ ਉਨ੍ਹਾਂ ਨੇ ਵਧੇਰੇ ਸਬਜ਼ੀਆਂ ਚੁਣੀਆਂ ਅਤੇ ਖਾਧੀਆਂ, ਬਜਾਏ ਇਸ ਦੇ ਜਦੋਂ ਉਹ ਵੱਖ-ਵੱਖ ਪਲੇਟਾਂ ਵਿੱਚ ਰੱਖੀਆਂ ਗਈਆਂ ਸਨ। ਇਸੇ ਤਰ੍ਹਾਂ, ਪ੍ਰੀ-ਸਕੂਲ ਬੱਚਿਆਂ ਵਿੱਚ ਇਹ ਵੀ ਦੇਖਿਆ ਗਿਆ ਕਿ ਜਦੋਂ ਖਾਣੇ ਨੂੰ ਪਲੇਟ ਵਿੱਚ ਵੱਖ-ਵੱਖ ਹਿੱਸਿਆਂ ਵਿੱਚ ਵੰਡਿਆ ਗਿਆ ਤਾਂ ਉਹਨਾਂ ਨੇ ਲਗਭਗ 36 ਫੀਸਦ ਵੱਧ ਸਬਜ਼ੀਆਂ ਖਾਧੀਆਂ।

**ਇਕੱਠੇ ਖਾਣਾ ਖਾਓ**

ਮਾਪੇ ਕੀ ਖਾਂਦੇ ਹਨ, ਇਸ ਦਾ ਬਹੁਤ ਅਸਰ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਵੀ ਦੇਖਣ ਨੂੰ ਮਿਲਦਾ ਹੈ। ਜੇਕਰ ਮਾਪੇ ਗੈਰ-ਸਿਹਤਮੰਦ ਖਾਣਾ ਖਾਂਦੇ ਹਨ ਤਾਂ ਬੱਚਿਆਂ 'ਚ ਵੀ ਇਸ ਦਾ ਰੁਝਾਨ ਵੱਧਦਾ ਹੈ। ਅਜਿਹੇ ਮਾਪੇ ਜੋ ਫਾਸਟ ਫੂਡ ਖਾਂਦੇ ਹਨ ਜਾਂ ਸਵੇਰੇ ਨਾਸ਼ਤਾ ਨਹੀਂ ਕਰਦੇ ਉਨ੍ਹਾਂ ਦੇ ਬੱਚਿਆਂ 'ਚ ਵੀ ਅਕਸਰ ਅਜਿਹੀਆਂ ਹੀ ਆਦਤਾਂ ਦੇਖਣ ਨੂੰ ਮਿਲਦੀਆਂ ਹਨ।

ਨਿਊਜ਼ੀਲੈਂਡ ਵਿੱਚ ਸਕੂਲੀ ਬੱਚਿਆਂ 'ਤੇ ਕੀਤੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਮਾਪਿਆਂ ਦੀ ਖੁਰਾਕ ਜ਼ਿਆਦਾ ਸਿਹਤਮੰਦ ਸੀ, ਉਨ੍ਹਾਂ ਦੇ ਬੱਚਿਆਂ ਨੇ ਕੇਕ, ਚਾਕਲੇਟ ਅਤੇ ਹੋਰ ਗੈਰ-ਸਿਹਤਮੰਦ ਚੀਜ਼ਾਂ ਘੱਟ ਖਾਧੀਆਂ। ਇਸੇ ਤਰ੍ਹਾਂ, ਜਿਨ੍ਹਾਂ ਮਾਪਿਆਂ ਨੇ ਖੁਦ ਸਿਹਤਮੰਦ ਖਾਣ-ਪੀਣ ਦੀ ਆਦਤ ਨੂੰ ਨਿਯਮਤ ਤੌਰ 'ਤੇ ਦਿਖਾਇਆ, ਉਨ੍ਹਾਂ ਦੇ ਬੱਚਿਆਂ ਨੇ ਫਲ ਅਤੇ ਸਬਜ਼ੀਆਂ ਵਧੇਰੇ ਖਾਣੇ ਸ਼ੁਰੂ ਕਰ ਦਿੱਤੇ।

ਇਸ ਤੋਂ ਇਲਾਵਾ, ਜਦੋਂ ਬੱਚਿਆਂ ਨੂੰ ਖਾਣਾ ਬਣਾਉਣ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ, ਤਾਂ ਉਨ੍ਹਾਂ ਦੀ ਨਵੀਆਂ ਚੀਜ਼ਾਂ ਚੱਖਣ ਦੀ ਇੱਛਾ ਵੀ ਵੱਧ ਜਾਂਦੀ ਹੈ। ਖੋਜਾਂ ਇਹ ਵੀ ਦੱਸਦੀਆਂ ਹਨ ਕਿ ਹਫ਼ਤੇ ਵਿੱਚ ਘੱਟੋ-ਘੱਟ ਤਿੰਨ ਵਾਰ ਪਰਿਵਾਰ ਦੇ ਨਾਲ ਇਕੱਠੇ ਖਾਣਾ ਖਾਣ ਨਾਲ ਸਿਹਤਮੰਦ ਵਜ਼ਨ, ਵਧੀਆ ਖਾਣ-ਪੀਣ ਦੀਆਂ ਆਦਤਾਂ ਅਤੇ ਸਿਹਤਮੰਦ ਭੋਜਨ ਖਾਣ ਦੀ ਸੰਭਾਵਨਾ ਵੱਧਦੀ ਹੈ। ਇੱਕ ਲੰਬੇ ਸਮੇਂ ਵਾਲੇ ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਜੋ ਪਰਿਵਾਰ ਨਿਯਮਿਤ ਤੌਰ 'ਤੇ ਇਕੱਠੇ ਭੋਜਨ ਕਰਦੇ ਹਨ, ਉਨ੍ਹਾਂ ਦੇ ਬੱਚਿਆਂ ਦੀ ਫਿਟਨੈੱਸ ਵਧੀਆ ਹੁੰਦੀ ਹੈ ਅਤੇ ਉਹ ਸੋਫਟ ਡ੍ਰਿੰਕਸ ਘੱਟ ਪੀਂਦੇ ਹਨ।

**ਖਾਣੇ ਨੂੰ ਮਜ਼ੇਦਾਰ ਬਣਾਓ**

ਅਸੀਂ ਜੋ ਕੁਝ ਖਾਂਦੇ ਹਾਂ, ਉਸ ਦਾ ਇੱਕ ਵੱਡਾ ਹਿੱਸਾ ਭੋਜਨ ਨਾਲ ਸਾਡੇ ਸਬੰਧ ਨਾਲ ਵੀ ਜੁੜਿਆ ਹੁੰਦਾ ਹੈ। ਖੋਜਕਰਤਾ ਇਹ ਵੀ ਚੇਤਾਵਨੀ ਦਿੰਦੇ ਹਨ ਕਿ ਜੇ ਬੱਚਿਆਂ 'ਤੇ ਕਿਸੇ ਖਾਸ ਭੋਜਨ ਨੂੰ ਖਾਣ ਲਈ ਦਬਾਅ ਪਾਇਆ ਜਾਵੇ ਤਾਂ ਇਸ ਨਾਲ ਉਨ੍ਹਾਂ ਨੂੰ ਖਾਣ ਦਾ ਆਨੰਦ ਘੱਟ ਸਕਦਾ ਹੈ ਅਤੇ ਉਨ੍ਹਾਂ ਦੀ ਖੁਰਾਕ ਹੋਰ ਵੀ ਘੱਟ ਸਿਹਤਮੰਦ ਹੋ ਸਕਦੀ ਹੈ। ਇਸੇ ਤਰ੍ਹਾਂ, ਜੇ ਬੱਚਿਆਂ ਨੂੰ ਗੈਰ-ਸਿਹਤਮੰਦ ਭੋਜਨ ਦੀ ਟ੍ਰੀਟ (ਇਨਾਮ ਵੱਜੋਂ) ਦਿੱਤੀ ਜਾਵੇ ਤਾਂ ਉਨ੍ਹਾਂ ਦੀ ਉਸ ਖਾਣੇ ਲਈ ਪਸੰਦ ਹੋਰ ਵੱਧ ਸਕਦੀ ਹੈ।

ਪਰ ਇੱਕ ਅਧਿਐਨ ਮੁਤਾਬਕ, ਜੇ ਬੱਚਿਆਂ ਨੂੰ ਸਿਰਫ਼ ਖਾਣੇ ਨਾਲ ਖੇਡਣ ਦੀ ਆਜ਼ਾਦੀ ਦਿੱਤੀ ਜਾਵੇ ਤਾਂ ਉਨ੍ਹਾਂ ਵਿੱਚ ਨਵੇਂ ਖਾਣੇ ਨੂੰ ਲੈ ਕੇ ਡਰ ਘੱਟ ਸਕਦਾ ਹੈ। ਖੋਜਕਾਰਾਂ ਨੇ ਬੱਚਿਆਂ ਨੂੰ ਚੁਕੰਦਰ, ਛੋਲੇ ਵਰਗੀਆਂ ਸਬਜ਼ੀਆਂ ਨੂੰ ਹੱਥਾਂ ਵਿੱਚ ਫੜ੍ਹਨ, ਸੁੰਘਣ ਅਤੇ ਧਿਆਨ ਨਾਲ ਦੇਖਣ ਲਈ ਪ੍ਰੇਰਿਤ ਕੀਤਾ ਪਰ ਇਸ ਦੌਰਾਨ ਉਨ੍ਹਾਂ ਤੋਂ ਇਹ ਉਮੀਦ ਨਹੀਂ ਕੀਤੀ ਗਈ ਸੀ ਕਿ ਉਹ ਤੁਰੰਤ ਇਨ੍ਹਾਂ ਸਬਜ਼ੀਆਂ ਨੂੰ ਚੱਖਣ।

ਇਸ ਤਜ਼ਰਬੇ ਤੋਂ ਬਾਅਦ ਬੱਚੇ ਅਜਿਹੀਆਂ ਨਵੀਆਂ ਸਬਜ਼ੀਆਂ ਪ੍ਰਤੀ ਹੋਰ ਖੁੱਲ੍ਹ ਗਏ ਅਤੇ ਬਾਅਦ ਵਿੱਚ ਇਨ੍ਹਾਂ ਸਬਜ਼ੀਆਂ ਨੂੰ ਚੱਖਣ ਲਈ ਵੀ ਜ਼ਿਆਦਾ ਤਿਆਰ ਹੋਏ। ਬੱਚਿਆਂ ਨੂੰ ਖਾਣਾ ਬਣਾਉਣ ਵਿੱਚ ਸ਼ਾਮਲ ਕਰਨਾ ਵੀ ਉਨ੍ਹਾਂ ਦੀ ਨਵੀਆਂ ਚੀਜ਼ਾਂ ਖਾਣ ਦੀ ਇੱਛਾ ਵਧਾਉਂਦਾ ਹੈ। ਇਸ ਅਧਿਐਨ ਨਾਲ ਜੁੜੇ ਐਕਸਪੈਰੀਮੈਂਟਲ ਸ਼ੈਫ਼ ਜੋਜ਼ੈਫ ਯੂਸਫ਼ ਕਹਿੰਦੇ ਹਨ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੱਚਿਆਂ ਲਈ ਖਾਣੇ ਦੇ ਤਜ਼ਰਬੇ ਨੂੰ ਨਵੀਂ ਤਰ੍ਹਾਂ ਪੇਸ਼ ਕੀਤਾ ਜਾਵੇ।

ਉਹ ਕਹਿੰਦੇ ਹਨ, "ਜਦੋਂ ਖਾਣੇ ਨੂੰ ਖੇਡ ਅਤੇ ਇੰਦ੍ਰੀਆਂ ਨਾਲ ਜੁੜੀ ਗਤੀਵਿਧੀ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਇਹ ਬੱਚਿਆਂ ਨਾਲ ਬਹੁਤ ਚੰਗਾ ਕੰਮ ਕਰਦਾ ਹੈ। ਜਦੋਂ ਵਾਤਾਵਰਨ ਆਰਾਮਦਾਇਕ ਅਤੇ ਬਿਨਾਂ ਦਬਾਅ ਵਾਲਾ ਹੁੰਦਾ ਹੈ ਤਾਂ ਬੱਚੇ ਖਾਣੇ ਨਾਲ ਖੇਡਣ, ਚੱਖਣ ਅਤੇ ਨਵੀਆਂ ਚੀਜ਼ਾਂ ਅਜ਼ਮਾਉਣ ਲਈ ਹੋਰ ਤਿਆਰ ਹੁੰਦੇ ਹਨ।" ਇਹ ਸਭ ਤਰੀਕੇ ਮਾਪਿਆਂ ਦੀ ਮਦਦ ਕਰ ਸਕਦੇ ਹਨ ਕਿ ਬੱਚੇ ਸਿਰਫ਼ "ਸਾਦਾ ਜਾਂ ਪ੍ਰੋਸੈਸਡ ਫੂਡ" ਹੀ ਨਾ ਖਾਣ ਬਲਕਿ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਵੀ ਖਾਣ ਲੱਗਣ।

# ਦਿਮਾਗ਼ ਦੇ ਆਖ਼ਰੀ ਅਣ-ਸੁਲਝੇ ਹਿੱਸੇ ਦੀ ਮੈਪਿੰਗ ਦੱਸ ਸਕਦੀ ਹੈ ਅਲਜ਼ਾਈਮਰ ਦਾ ਕਾਰਨ

**(ਸਫਾ 10 ਦੀ ਬਾਕੀ)**

ਹਨ। ਵਧੇਰੇ ਸਪਸ਼ਟ ਨਕਸ਼ੇ ਨਿਊਰੋਸਰਜਨਾਂ ਨੂੰ ਦਿਮਾਗ਼ ਦੇ ਸਭ ਤੋਂ ਨਾਜ਼ੁਕ ਹਿੱਸਿਆਂ ਵਿਚੋਂ ਇੱਕ ਵਿਚ ਜ਼ਿਆਦਾ ਭਰੋਸੇ ਨਾਲ ਸਰਜਰੀ ਕਰਨ ਵਿੱਚ ਵੀ ਮਦਦ ਕਰ ਸਕਦੇ ਹਨ। ਐਂਕਰ ਕੋਈ ਬਿਮਾਰੀ ਦੀ ਜਾਂਚ ਕਰਨ ਵਾਲਾ ਸਾਧਨ ਨਹੀਂ ਹੈ। ਬਲਕਿ ਇਸ ਦਾ ਸਭ ਤੋਂ ਵੱਡਾ ਮਹੱਤਵ ਉਨ੍ਹਾਂ ਸਵਾਲਾਂ ਦੇ ਜਵਾਬ ਦੇਣ ਵਿੱਚ ਹੈ ਜਿਨ੍ਹਾਂ ਨੂੰ ਸੁਲਝਾਉਣ ਵਿੱਚ ਇਹ ਮਦਦ ਕਰ ਸਕਦਾ ਹੈ। ਐਸਜੀਬੀਸੀ ਨਾਲ ਕੰਮ ਕਰਨ ਵਾਲੇ ਅਤੇ ਨਿਊਯਾਰਕ ਦੇ ਵੱਕਾਰੀ ਕੋਲਡ ਸਪ੍ਰਿੰਗ ਹਾਰਬਰ ਲੈਬਾਰਟਰੀ ਦੇ ਦਿਮਾਗ਼ ਵਿਗਿਆਨੀ ਪਾਰਥਾ ਮਿਤਰਾ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਵਿਸਤ੍ਰਿਤ ਬ੍ਰੇਨ ਐਟਲਸ ਨਿਊਰੋਲੋਜੀਕਲ ਬਿਮਾਰੀਆਂ ਦੇ ਅਧਿਐਨ 'ਤੇ ਇੱਕ ਕ੍ਰਾਂਤੀਕਾਰੀ ਪ੍ਰਭਾਵ ਪਾ ਸਕਦੇ ਹਨ। ਇਹ ਇੱਕ ਇੱਕ ਸੈੱਲ ਦੇ ਪੱਧਰ 'ਤੇ ਸਾਹਮਣੇ ਲਿਆ ਸਕਦੇ ਹਨ ਕਿ ਅਲਜ਼ਾਈਮਰ ਜਾਂ ਆਟਿਜ਼ਮ ਜਿਹੀਆਂ ਸਥਿਤੀਆਂ ਤੋਂ ਪ੍ਰਭਾਵਿਤ ਦਿਮਾਗ਼, ਤੰਦਰੁਸਤ ਦਿਮਾਗ਼ਾਂ ਨਾਲੋਂ ਕਿਵੇਂ ਵੱਖਰੇ ਹੁੰਦੇ ਹਨ। ਮਿਤਰਾ ਨੇ ਦੱਸਿਆ ਕਿ ਇਹ ਐਟਲਸ ਇਹ ਸਮਝਾਉਣ ਵਿੱਚ ਵੀ ਮਦਦ ਕਰ ਸਕਦੇ ਹਨ ਕਿ ਕੋਵਿਡ 19 ਸਮੇਤ ਹੋਰ ਇਨਫੈਕਸ਼ਨਾਂ ਕਿਵੇਂ ਲੰਬੇ ਸਮੇਂ ਲਈ ਦਿਮਾਗੀ ਨੁਕਸਾਨ ਪਹੁੰਚਾਉਂਦੀਆਂ ਹਨ। ਬ੍ਰੇਨ ਸਟ੍ਰੋਕ ਦੀ ਉਦਾਹਰਨ ਦਿੰਦਿਆਂ ਫੋਲਕਰਥ ਕਹਿੰਦੇ ਹਨ ਕਿ ਇਸ ਐਟਲਸ ਨੇ ਅਜਿਹੇ ਨਵੇਂ ਲੱਛਣਾਂ ਜਾਂ ਵਿਸ਼ੇਸ਼ਤਾਵਾਂ ਦਾ ਖੁਲਾਸਾ ਕੀਤਾ ਹੈ ਜੋ ਡਾਕਟਰਾਂ ਨੂੰ ਦਿਮਾਗ਼ ਦੇ ਉਸ ਹਿੱਸੇ ਨੂੰ ਬਚਾਉਣ ਵਿੱਚ ਮਦਦ ਕਰ ਸਕਦੇ ਹਨ ਜੋ ਜ਼ਖਮੀ ਤਾਂ ਹੈ ਪਰ ਹਾਲੇ ਪੂਰੀ ਤਰਾਂ ਖ਼ਰਾਬ ਨਹੀਂ ਹੋਇਆ ਜਿਸ ਨਾਲ ਮਰੀਜ਼ਾਂ ਦੇ ਠੀਕ ਹੋਣ ਦੀ ਸੰਭਾਵਨਾ ਵਧ ਸਕਦੀ ਹੈ। ਦੂਜੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਐਟਲਸ ਨਿਊਰੋਸਰਜਨਾਂ ਨੂੰ ਬ੍ਰੇਨਸਟੈਮ ਵਿੱਚ ਵਧੇਰੇ ਸੁਰੱਖਿਅਤ ਤਰੀਕੇ ਨਾਲ ਸਰਜਰੀ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ। ਇਸ ਐਟਲਸ ਦੀ ਖਿੱਚ ਦਾ ਇੱਕ ਕਾਰਨ ਇਸ ਦੀ ਸਾਦਗੀ ਵਿੱਚ ਹੈ। ਪੋਸਟਮਾਰਟਮ ਕੀਤੇ ਗਏ ਦਿਮਾਗ਼ ਦੇ ਟਿਸ਼ੂਆਂ ਦੀਆਂ ਬਾਰੀਕ ਪਰਤਾਂ ਦੇ ਉੱਚ ਰੈਜ਼ੋਲਿਊਸ਼ਨ ਵਾਲੇ ਚਿਤਰਾਂ ਤੋਂ ਬਣਾਇਆ ਗਿਆ ਇਹ ਤਰੀਕਾ ਸੈੱਲ ਪੱਧਰ ਦੀ ਵਿਸਤ੍ਰਿਤ ਮੇਪਿੰਗ ਨੂੰ ਕਿਫਾਇਤੀ ਬਣਾਉਂਦਾ ਹੈ। ਮਿਤਰਾ ਮੁਤਾਬਕ, ਇਸ ਤਕਨੀਕ ਨੇ ਮਨੁੱਖੀ ਬ੍ਰੇਨਸਟੈਮ ਦਾ ਅਣਪਛਾਤੇ ਪੈਮਾਨੇ 'ਤੇ ਨਕਸ਼ਾ ਤਿਆਰ ਕਰਨਾ ਸੰਭਵ ਬਣਾ ਦਿੱਤਾ ਹੈ। ਇਹ ਪ੍ਰਾਪਤੀ, ਵਿਗਿਆਨਕ ਖੋਜ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਹ ਪ੍ਰਾਪਤੀ ਦਿਮਾਗ਼ ਦੇ ਵਿਗਿਆਨ ਵਿੱਚ ਇੱਕ ਵੱਡੀ ਤਬਦੀਲੀ ਨੂੰ ਦਰਸਾਉਂਦੀ ਹੈ, ਜਿੱਥੇ ਤਰੱਕੀ ਹੁਣ ਜੀਵ-ਵਿਗਿਆਨ ਦੇ ਨਾਲ ਨਾਲ ਇੰਜੀਨੀਅਰਿੰਗ ਅਤੇ ਕੰਪਿਊਟੇਸ਼ਨ 'ਤੇ ਵੀ ਬਰਾਬਰ ਨਿਰਭਰ ਕਰਦੀ ਹੈ। ਐਸਜੀਬੀਸੀ ਵਿਖੇ ਲਗਭਗ ਵੀਹ ਵਿਗਿਆਨੀਆਂ ਨੇ ਅਠਾਰਾਂ ਮਹੀਨਿਆਂ ਵਿੱਚ ਦੋ ਸੌ ਤੋਂ ਵੱਧ ਦਿਮਾਗੀ ਹਿੱਸਿਆਂ ਦਾ ਵਿਸ਼ਲੇਸ਼ਣ ਕਰਕੇ ਐਮਆਰਆਈ ਅਤੇ 3ਡੀ ਰੀਕੰਸਟ੍ਰਕਸ਼ਨ ਰਾਹੀਂ ਇੱਕ ਡਿਜੀਟਲ ਐਟਲਸ ਤਿਆਰ ਕੀਤਾ ਹੈ। ਇਹ ਕੇਂਦਰ ਹੁਣ 200 ਤੋਂ ਵੱਧ ਖੋਜਕਰਤਾਵਾਂ, ਇੰਜੀਨੀਅਰਾਂ ਅਤੇ ਟੈਕਨੀਸ਼ੀਅਨਾਂ ਨੂੰ ਇੱਕ ਮੰਚ 'ਤੇ ਲਿਆਉਂਦਾ ਹੈ ਜੋ ਦੁਨੀਆਂ ਭਰ ਦੇ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਇਹ ਨਤੀਜਾ ਨਿਊਰੋ ਵਿਗਿਆਨ ਵਿੱਚ ਇੱਕ ਅਹਿਮ ਪਾੜੇ ਨੂੰ ਭਰਨ ਵਿੱਚ ਮਦਦ ਕਰਦਾ ਹੈ।

ਐਸਜੀਬੀਸੀ ਦੇ ਮੁਖੀ ਮੋਹਨਸੰਕਰ ਸਿਵਾਪ੍ਰਕਾਸਮ ਨੇ ਬੀਬੀਸੀ ਨੂੰ ਦੱਸਿਆ ਕਿ ਵਿਗਿਆਨੀਆਂ ਨੇ ਕਈ ਜਾਨਵਰਾਂ ਦੀਆਂ ਪ੍ਰਜਾਤੀਆਂ ਦੇ ਦਿਮਾਗ਼ ਦਾ ਬਾਰੀਕੀ ਨਾਲ ਬਹੁਤ ਹੀ ਸ਼ਾਨਦਾਰ ਨਕਸ਼ਾ ਤਿਆਰ ਕੀਤਾ ਹੈ ਪਰ ਮਨੁੱਖੀ ਦਿਮਾਗ਼ ਦਾ ਅਧਿਐਨ ਇਸ ਦੇ ਮੁਕਾਬਲੇ ਹਾਲੇ ਵੀ ਕਾਫ਼ੀ ਘੱਟ ਹੋਇਆ ਹੈ।

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803



Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ



Harpreet Singh Padam

3143 ARDEN ROAD, HAYWARD, CA- 94545



## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸ਼ਤਾ

1. Wedding Lehngas
2. Mens wear-shervani
3. Kurte Pajame
4. Sharara Suits.
5. Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ

80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

Kash fabrics
29576 Mission Blvd
Hayward,CA 94544
510-538-1138



## Quick Lube & Smog

OFFICIAL LAMP ADJUSTING STATION — OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

SUKHWINDER BHELLA
510-757-6775 gogibhella@gmail.com

## TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



## Moon Indian Cuisine

MOON indian cuisine

510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

### Fish Pakora

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।



Paul 510-978-7170

Over 30 Years Experience in Restaurant & Catering Business

ਮੂਨ ਇੰਡੀਅਨ ਕੁਜ਼ੀਨ (ਹੇਵਰਡ)
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA™

Certified INSURANCE AGENT

Free Confidential Help

Call : Gurcharan Singh Mann CA License

Medicare

Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006




# ਲਗਾਤਾਰ ਬੈਠ ਕੇ ਕੰਮ ਕਰਨ ਵਾਲਿਓ ਹੋ ਜਾਓ ਚੌਕੰਨੇ

ਦਫ਼ਤਰ ’ਚ ਕੰਮ ਵੇਲੇ ਲੋਕਾਂ ਨੂੰ ਲੰਬੇ ਸਮੇਂ ਤੱਕ ਬੈਠਣਾ ਪੈਂਦਾ ਹੈ। ਇਸ ਨਾਲ ਕਮਰ ਦਰਦ ਤੋਂ ਲੈ ਕੇ ਹੋਰ ਕਈ ਤਰ੍ਹਾਂ ਦੀਆਂ ਸਿਹਤ ਸਬੰਧੀ ਪਰੇਸ਼ਾਨੀਆਂ ਹੋਣ ਲੱਗਦੀਆਂ ਹਨ। ਇਕ ਖੋਜ ’ਚ ਪਤਾ ਲੱਗਾ ਹੈ ਕਿ ਲੰਬੇ ਸਮੇਂ ਤੱਕ ਬੈਠੇ ਰਹਿਣ ਨਾਲ ਹੋਣ ਵਾਲੇ ਸਿਹਤ ਸਬੰਧੀ ਨੁਕਸਾਨਾਂ ਨੂੰ ਘੱਟ ਕਰਨ ਲਈ ਹਰ ਘੰਟੇ ਪੰਜ ਮਿੰਟ ਦਾ ਪੈਦਲ ਚੱਲਣਾ ਚੰਗਾ ਇਲਾਜ ਹੈ।



ਇਹ ਵਿਹਾਰਕਤਾ ਤੇ ਪ੍ਰਭਾਵਸ਼ੀਲਤਾ ਵਿਚਕਾਰ ਚੰਗਾ ਸੰਤੁਲਨ ਬਣਾਉਂਦਾ ਹੈ। ਇਹ ਖੋਜ ਬ੍ਰਿਟਿਸ਼ ਜਰਨਲ ਆਫ ਸਪੋਰਟਸ ਮੈਡਿਸਿਨ ’ਚ ਪ੍ਰਕਾਸ਼ਤ ਹੋਈ ਹੈ। ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਛੋਟੇ ਵਕਫ਼ਿਆਂ ਦੇ ਅਸਰ, ਜਿਨ੍ਹਾਂ ’ਚ ਮੂਡ ’ਚ ਸੁਧਾਰ ਤੇ ਥਕਾਨ ’ਚ ਕਮੀ ਸ਼ਾਮਿਲ ਹੈ, ਕੰਮ ਦੇ ਪ੍ਰਦਰਸ਼ਣ ਨੂੰ ਪ੍ਰਭਾਵਿਤ ਨਹੀਂ ਕਰਦੇ। ਅਧਿਐਨ ’ਚ ਸੁਝਾਅ ਦਿੱਤਾ ਗਿਆ ਹੈ ਕਿ ਇਨ੍ਹਾਂ ਉਪਾਵਾਂ ਨੂੰ ਜਨਤਕ ਸਿਹਤ ਰਣਨੀਤੀ ਤੇ ਸਰੀਰਕ ਸਰਗਰਮੀ ਦਿਸ਼ਾਨਿਰਦੇਸ਼ਾਂ ’ਚ ਸ਼ਾਮਲ ਕੀਤਾ ਜਾ ਸਕਦਾ ਹੈ। ਲੰਬੇ ਸਮੇਂ ਤੱਕ ਬੈਠੇ ਰਹਿਣਾ ਵੱਡੀ ਸਿਹਤ ਸਬੰਧੀ ਚਿੰਤਾ ਦੇ ਰੂਪ ’ਚ ਉੱਭਰਿਆ ਹੈ। ਇਸ ਨਾਲ ਮੋਟਾਪੇ, ਸ਼ੂਗਰ ਤੇ ਦਿਲ ਦੇ ਰੋਗ ਵਰਗੀਆਂ ਕਈਆਂ ਬਿਮਾਰੀਆਂ ਦੇ ਵਿਕਸਤ ਹੋਣ ਦਾ ਖ਼ਦਸ਼ਾ ਵਧ ਜਾਂਦਾ ਹੈ। ਅਮਰੀਕਾ ਦੀ ਕੋਲੰਬੀਆਂ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਖੋਜੀਆਂ ਨੇ ਕਿਹਾ ਹੈ ਕਿ ਹਾਲਾਂਕਿ ਲੰਬੇ ਸਮੇਂ ਤੱਕ ਗਤੀਹੀਣ ਵਿਹਾਰ ਦੇ ਨੁਕਸਾਨ ਨੂੰ ਘੱਟ ਕਰਨ ਲਈ ਇਕ ਜਨਤਕ ਸਿਹਤ ਰਣਨੀਤੀ ਦੇ ਰੂਪ ’ਚ ਰੈਗੂਲਰ ਤੌਰ ’ਤੇ ਛੋਟੇ-ਛੋਟੇ ਚੱਲਣ-ਫਿਰਣ ਦੇ ਬ੍ਰੇਕ ਤਜਵੀਜ਼ ਕੀਤੇ ਗਏ ਹਨ, ਪਰ ਅਸਲ ਦੁਨੀਆ ’ਚ ਇਸ ਤਰ੍ਹਾਂ ਨਹੀਂ ਹੁੰਦਾ। ਖੋਜੀਆਂ ਨੇ ਲਿਖਿਆ ਹੈ ਕਿ ਖੋਜ ਦੌਰਾਨ ਕਈ ਤਰ੍ਹਾਂ ਦੇ ਵਕਫ਼ਿਆਂ ਬਾਰੇ ਅਧਿਐਨ ਕੀਤਾ ਗਿਆ। ਇਸ ’ਚ 60 ਮਿੰਟ ਬਾਅਦ ਦਾ ਵਕਫ਼ਾ ਸਭ ਤੋਂ ਵੱਧ ਸੰਤੁਲਨ ਦਿੰਦਾ ਹੈ। ਨਤੀਜਿਆਂ ਤੋਂ ਪਤਾ ਲੱਗਿਆ ਕਿ ਇਸ ਤਰ੍ਹਾਂ ਦਾ ਵਕਫ਼ਾ ਲੈਣ ਨਾਲ ਕੰਮ ’ਚ ਪ੍ਰਦਰਸ਼ਣ ਬਿਹਤਰ ਹੁੰਦਾ ਹੈ।

# ਅੱਖ ਦੇ ਜਿਆਦਾ ਫੜਕਣਾ ਤਣਾਅ, ਥਕਾਵਟ ਤੇ ਨਾੜੀਆਂ ਦੀ ਕਮਜ਼ੋਰੀ ਦਾ ਸੰਕੇਤ

ਅੱਖਾਂ ਦਾ ਫੜਕਣਾ ਚਿੰਤਾ ਦੀ ਗੱਲ ਨਹੀਂ ਹੁੰਦੀ ਅਤੇ ਜਿਨ੍ਹਾਂ ਲੋਕਾਂ ਨੂੰ ਅਜਿਹਾ ਬਾਰ-ਬਾਰ ਹੁੰਦਾ ਹੈ, ਉਹ 'ਬਿਨਾਈਨ ਐਸੈਂਸ਼ੀਅਲ ਬਲੇਫਰੋਸਪਾਜ਼ਮ' ਦੇ ਕਾਰਨ ਹੋ ਸਕਦਾ ਹੈ। ਵੈਸੇ ਕੁਝ ਦੁਰਲੱਭ ਮਾਮਲਿਆਂ ਵਿੱਚ ਇਹ ਕਿਸੇ ਬਿਮਾਰੀ ਦਾ ਵੀ ਸੰਕੇਤ ਹੋ ਸਕਦਾ ਹੈ। ਅਜਿਹਾ ਕਿਉਂ ਹੁੰਦਾ ਹੈ, ਇਸਦੇ ਲੱਛਣ ਕੀ ਹਨ ਅਤੇ ਇਹ ਕਦੋਂ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਜਾਣਾਂਗੇ ਇਸ ਲੇਖ ਵਿੱਚ। ਇੱਕ ਜਾਂ ਦੋਵੇਂ ਪਲਕਾਂ ਅਚਾਨਕ ਫੜਕਣ ਲੱਗਦੀਆਂ ਹਨ। ਇਹ ਇੱਕ ਆਮ ਵਰਤਾਰਾ ਹੈ, ਪਰ ਜੇਕਰ ਗੰਭੀਰ ਹੋਵੇ ਤਾਂ ਇਹ ਨਜ਼ਰ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜਦੋਂ ਕਿ ਇਹ ਕਿਸੇ ਨਾਲ ਵੀ ਹੋ ਸਕਦਾ ਹੈ ਇਹ ਮੱਧ-ਉਮਰ ਜਾਂ ਬਜ਼ੁਰਗ ਔਰਤਾਂ ਵਿੱਚ ਵਧੇਰੇ ਆਮ ਹੈ।

ਕਾਰਨ ਕੀ ਹਨ?

ਥਕਾਵਟ, ਜ਼ਿਆਦਾ ਕੈਫੀਨ, ਜਾਂ ਤਣਾਅ ਕਾਰਨ ਹੋ ਸਕਦਾ ਹੈ। ਲਗਾਤਾਰ ਅੱਖਾਂ ਫੜਕਣ ਇੱਕ ਅਜਿਹੀ ਸਥਿਤੀ ਹੈ ਜਿਸਨੂੰ ਬਿਨਾਈਨ ਐਸੈਂਸ਼ੀਅਲ ਬਲੇਫੇਰੋਸਪਾਜ਼ਮ ਕਿਹਾ ਜਾਂਦਾ ਹੈ, ਜਿਸ ਵਿੱਚ ਦੋਵੇਂ ਅੱਖਾਂ ਇੱਕੋ ਸਮੇਂ ਫੜਕਦੀਆਂ ਹਨ। ਹਾਲਾਂਕਿ ਖੋਜ ਨੇ ਸਹੀ ਕਾਰਨ ਦਾ ਪਤਾ ਨਹੀਂ ਲਗਾਇਆ ਹੈ, ਪਰ ਇਹ ਅੱਖਾਂ ਦੇ ਆਲੇ ਦੁਆਲੇ ਮਾਸਪੇਸ਼ੀਆਂ ਦੇ ਸਮੂਹਾਂ ਦੀ ਸਮੱਸਿਆ ਕਾਰਨ ਹੋ ਸਕਦਾ ਹੈ। ਜੈਨੇਟਿਕਸ ਕੁਝ ਲੋਕਾਂ ਵਿੱਚ ਬਹੁਤ ਜ਼ਿਆਦਾ ਅੱਖਾਂ ਫੜਕਣ ਦਾ ਕਾਰਨ ਵੀ ਬਣ ਸਕਦੇ ਹਨ। ਕਈ ਵਾਰ, ਦਿਮਾਗ ਜਾਂ ਦਿਮਾਗੀ ਪ੍ਰਣਾਲੀ ਨਾਲ ਸਬੰਧਤ ਸਮੱਸਿਆਵਾਂ ਵੀ ਅੱਖਾਂ ਫੜਕਣ ਦਾ ਕਾਰਨ ਬਣ ਸਕਦੀਆਂ ਹਨ।

ਪਾਰਕਿੰਸਨਜ਼ ਡਿਜ਼ੀਜ਼
ਬ੍ਰੇਨ ਡੈਮੇਜ ਜਾਂ ਸਟ੍ਰੋਕ
ਮਾਨਸਿਕ ਸਿਹਤ ਦੀ ਕੋਈ ਖਾਸ ਦਵਾਈ
ਮਲਟੀਪਲ ਸਕਲੇਰੋਸਿਸ
ਬੈੱਲਸ ਪਾਲਸੀ
ਹੇਮੀਫੇਸ਼ੀਅਲ ਸਪਾਜ਼ਮ
ਮੈਗਨੀਸ਼ੀਅਮ ਦੀ ਘਾਟ ਵੀ ਇੱਕ ਕਾਰਨ ਹੋ ਸਕਦੀ ਹੈ

ਅੱਖਾਂ ਦੀਆਂ ਮਾਸਪੇਸ਼ੀਆਂ ਫੜਕਣ ਮੈਗਨੀਸ਼ੀਅਮ ਦੀ ਘਾਟ ਕਾਰਨ ਵੀ ਹੋ ਸਕਦੀ ਹੈ। ਇਹ ਮਾੜੀ ਖੁਰਾਕ ਜਾਂ ਮਾੜੀ ਪੋਸ਼ਕ ਤੱਤਾਂ ਦੇ ਸਮਾਈ ਕਾਰਨ ਵੀ ਹੋ ਸਕਦੀ ਹੈ।

ਇਹਨਾਂ ਨੂੰ ਵਧੇਰੇ ਖ਼ਤਰਾ ਹੈ:
ਸਿਰ 'ਤੇ ਕੋਈ ਸੱਟ ਲੱਗੀ ਹੋਵੇ
ਜੇਕਰ ਪਰਿਵਾਰ ਵਿੱਚ ਕਿਸੇ ਨੂੰ ਇਹ ਸਮੱਸਿਆ ਹੋਵੇ
ਮਾਨਸਿਕ ਸਿਹਤ ਦੀ ਕੋਈ ਦਵਾਈ ਲੈ ਰਹੇ ਹੋਣ

ਅਜਿਹੇ ਨਜ਼ਰ ਆਉਂਦੇ ਹਨ ਲੱਛਣ
ਅੱਖਾਂ ਵਿੱਚ ਜਲਨ
ਬਾਰ-ਬਾਰ ਅੱਖਾਂ ਝਪਕਣਾ
ਰੋਸ਼ਨੀ ਪ੍ਰਤੀ ਸੰਵੇਦਨਸ਼ੀਲਤਾ
ਅੱਖਾਂ ਦਾ ਸੁੱਕਾ ਹੋਣਾ
ਲਗਾਤਾਰ ਅੱਖ ਫੜਕਣ 'ਤੇ ਦੇਖਣ ਵਿੱਚ ਪਰੇਸ਼ਾਨੀ ਹੋਣਾ
ਜੇ ਅੱਖਾਂ ਦਾ ਫੜਕਣਾ ਕ੍ਰੋਨਿਕ ਹੋ ਜਾਵੇ

ਜੇਕਰ ਅੱਖਾਂ ਦੇ ਫੜਕਣ ਦੀ ਸਮੱਸਿਆ ਗੰਭੀਰ ਹੋਵੇ ਤਾਂ ਪਲਕਾਂ ਅਤੇ ਅੱਖ ਦੇ ਆਸ-ਪਾਸ ਦੇ ਹਿੱਸੇ ਨੂੰ ਸਥਾਈ ਤੌਰ 'ਤੇ ਨੁਕਸਾਨ ਪਹੁੰਚ ਸਕਦਾ ਹੈ। ਅਜਿਹੀਆਂ ਪਰੇਸ਼ਾਨੀਆਂ ਹੋ ਸਕਦੀਆਂ ਹਨ:
ਪਲਕਾਂ ਆਮ ਨਾਲੋਂ ਜ਼ਿਆਦਾ ਹੇਠਾਂ ਆ ਸਕਦੀਆਂ ਹਨ
ਭਰਵੱਟੇ ਆਮ ਨਾਲੋਂ ਜ਼ਿਆਦਾ ਹੇਠਾਂ ਹੋ ਸਕਦੇ ਹਨ
ਅੱਖ ਦੇ ਉੱਪਰਲੇ ਜਾਂ ਹੇਠਲੇ ਹਿੱਸੇ ਵਿੱਚ ਵਾਧੂ ਚਮੜੀ ਇਕੱਠੀ ਹੋ ਸਕਦੀ ਹੈ
ਪਲਕਾਂ ਅਸਾਧਾਰਨ ਤੌਰ 'ਤੇ ਫੋਲਡ ਹੋ ਸਕਦੀਆਂ ਹਨ

ਇਸ ਤਰ੍ਹਾਂ ਕਰ ਸਕਦੇ ਹੋ ਬਚਾਅ
ਕੈਫੀਨ ਘੱਟ ਤੋਂ ਘੱਟ ਲ
ਨੀਂਦ ਪੂਰੀ ਕਰੋ
ਤਣਾਅ ਤੋਂ ਬਚੋ
ਡਾਕਟਰ ਦੀ ਸਲਾਹ 'ਤੇ ਆਈ ਡ੍ਰੌਪ ਦਾ ਇਸਤੇਮਾਲ ਕਰੋ
ਧੁੱਪ ਵਿੱਚ ਸਨਗਲਾਸ ਲਗਾ ।

# ਔਰਤਾਂ ’ਚ ਸਾਈਲੈਂਟ ਕਿੱਲਰ ਬਣ ਸਕਦੀ ਹੈ ਕੈਲਸ਼ੀਅਮ ਦੀ ਕਮੀ




ਕੈਲਸ਼ੀਅਮ ਇੱਕ ਅਜਿਹਾ ਮਿਨਰਲ (ਖਣਿਜ) ਹੈ ਜੋ ਹੱਡੀਆਂ ਦੀ ਮਜ਼ਬੂਤੀ ਅਤੇ ਸਿਹਤਮੰਦ ਸਰੀਰ ਲਈ ਬਹੁਤ ਜ਼ਰੂਰੀ ਮੰਨਿਆ ਜਾਂਦਾ ਹੈ ਪਰ ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਔਰਤਾਂ ਵਿੱਚ ਹੀ ਸਭ ਤੋਂ ਵੱਧ ਕੈਲਸ਼ੀਅਮ ਦੀ ਕਮੀ ਪਾਈ ਜਾਂਦੀ ਹੈ। ਬ੍ਰੈਸਟਫੀਡਿੰਗ, ਮੇਨੋਪੌਜ਼ (ਮਾਹਵਾਰੀ ਬੰਦ ਹੋਣਾ) ਵਰਗੇ ਹਾਰਮੋਨਲ ਬਦਲਾਅ, ਵਿਟਾਮਿਨ ਡੀ ਦੀ ਕਮੀ ਅਤੇ ਖ਼ਰਾਬ ਖ਼ੁਰਾਕ ਵਰਗੇ ਅਜਿਹੇ ਕਈ ਕਾਰਨ ਹਨ, ਜਿਨ੍ਹਾਂ ਕਰਕੇ ਔਰਤਾਂ ਦੇ ਸਰੀਰ ਵਿੱਚ ਕੈਲਸ਼ੀਅਮ ਦੀ ਪੂਰਤੀ ਨਹੀਂ ਹੋ ਪਾਉਂਦੀ। ਅਜਿਹੇ ਵਿੱਚ ਆਪਣੀ ਖ਼ੁਰਾਕ ਦਾ ਸਹੀ ਤਰੀਕੇ ਨਾਲ ਧਿਆਨ ਰੱਖ ਕੇ ਇਸ ਕਮੀ ਨੂੰ ਦੂਰ ਕੀਤਾ ਜਾ ਸਕਦਾ ਹੈ।

**ਇੱਕ ਦਿਨ ਵਿੱਚ ਕਿੰਨਾ ਕੈਲਸ਼ੀਅਮ ਹੈ ਜ਼ਰੂਰੀ?**

'ਮਾਯੋ ਕਲੀਨਿਕ' ਦੀ ਮੰਨੀਏ ਤਾਂ 19 ਤੋਂ 50 ਸਾਲ ਤੱਕ ਦੀ ਉਮਰ ਦੇ ਲੋਕਾਂ ਨੂੰ ਇੱਕ ਦਿਨ ਵਿੱਚ 1000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਉੱਥੇ ਹੀ, ਇਸ ਤੋਂ ਵੱਧ ਉਮਰ ਦੇ ਲੋਕਾਂ ਦੇ ਸਰੀਰ ਨੂੰ 1000-1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ।

**ਔਰਤਾਂ ਵਿੱਚ ਕੈਲਸ਼ੀਅਮ ਦੀ ਕਮੀ ਦੂਰ ਕਰਨ ਲਈ ਡਾਈਟ ਟਿਪਸ**

ਔਰਤਾਂ ਨੂੰ ਕੈਲਸ਼ੀਅਮ ਦੀ ਕਮੀ ਦੂਰ ਕਰਨ ਲਈ ਆਪਣੀ ਖ਼ੁਰਾਕ ਵਿੱਚ ਖ਼ਾਸ ਤੌਰ 'ਤੇ ਸੁਧਾਰ ਕਰਨ ਦੀ ਲੋੜ ਹੈ, ਕਿਉਂਕਿ ਸਾਡਾ ਸਰੀਰ ਖੁਦ ਕੈਲਸ਼ੀਅਮ ਨਹੀਂ ਬਣਾਉਂਦਾ। ਇਸ ਦੇ ਲਈ ਇੱਥੇ ਦੱਸੇ ਗਏ ਟਿਪਸ ਫਾਲੋ ਕੀਤੇ ਜਾ ਸਕਦੇ ਹਨ:

**ਡੇਅਰੀ ਪ੍ਰੋਡਕਟਸ (ਦੁੱਧ ਤੋਂ ਬਣੀਆਂ ਚੀਜ਼ਾਂ):** ਖਾਣੇ ਵਿੱਚ ਰੋਜ਼ਾਨਾ ਇੱਕ ਗਲਾਸ ਫੁੱਲ-ਕ੍ਰੀਮ ਦੁੱਧ ਦੇ ਨਾਲ ਇੱਕ ਕੌਲੀ ਦਹੀਂ ਜਾਂ ਇੱਕ ਕੱਪ ਪਨੀਰ ਨੂੰ ਸ਼ਾਮਲ ਕਰੋ। ਇਹ ਸਾਰੇ ਕੈਲਸ਼ੀਅਮ ਦੇ ਸਭ ਤੋਂ ਵਧੀਆ ਸਰੋਤ ਹਨ।

**ਹਰੀਆਂ ਪੱਤੇਦਾਰ ਸਬਜ਼ੀਆਂ:** ਹਰੀਆਂ ਪੱਤੇਦਾਰ ਸਬਜ਼ੀਆਂ ਨਾ ਸਿਰਫ਼ ਕੈਲਸ਼ੀਅਮ ਨਾਲ ਭਰਪੂਰ ਹੁੰਦੀਆਂ ਹਨ, ਬਲਕਿ ਇਨ੍ਹਾਂ ਵਿੱਚ ਆਇਰਨ ਅਤੇ ਫਾਈਬਰ ਵਰਗੇ ਕਈ ਹੋਰ ਪੋਸ਼ਕ ਤੱਤ ਵੀ ਹੁੰਦੇ ਹਨ। ਬਦਲਾਅ ਲਈ ਕਦੇ ਇਨ੍ਹਾਂ ਨੂੰ ਸਲਾਦ ਵਿੱਚ ਸ਼ਾਮਲ ਕਰੋ, ਕਦੇ ਸੂਪ ਵਿੱਚ ਤਾਂ ਕਦੇ ਇਨ੍ਹਾਂ ਦੀ ਸਵਾਦਿਸ਼ਟ ਸਬਜ਼ੀ ਬਣਾ ।

**ਸੀਡਜ਼ (ਬੀਜ):** ਬੀਜ ਦੇਖਣ ਵਿੱਚ ਭਾਵੇਂ ਛੋਟੇ ਲੱਗਣ ਪਰ ਉਹ ਕੈਲਸ਼ੀਅਮ, ਪ੍ਰੋਟੀਨ ਅਤੇ ਹੈਲਦੀ ਫੈਟਸ ਨਾਲ ਭਰਪੂਰ ਹੁੰਦੇ ਹਨ। ਇਹਨਾਂ ਵਿੱਚੋਂ ਵੀ ਤਿਲ ਅਤੇ ਚੀਆ ਸੀਡਜ਼ ਜ਼ਿਆਦਾ ਫਾਇਦੇਮੰਦ ਹਨ। ਸ਼ਾਮ ਦੇ ਸਮੇਂ ਭੁੱਖ ਲੱਗਣ 'ਤੇ ਇਹਨਾਂ ਨੂੰ ਖਾ ਜਾਂ ਫਿਰ ਸਵੇਰ ਦੇ ਨਾਸ਼ਤੇ ਵਿੱਚ ਸ਼ੇਕ ਜਾਂ ਜੂਸ ਵਿੱਚ ਬਲੈਂਡ ਕਰਕੇ ਇਸਦਾ ਸੇਵਨ ਕਰੋ।

**ਅੰਜੀਰ:** ਦੁੱਧ ਵਿੱਚ ਅੰਜੀਰ ਪਾ ਕੇ ਪੀਣਾ ਵੀ ਫਾਇਦਾ ਦੇ ਸਕਦਾ ਹੈ, ਇਹ ਕੈਲਸ਼ੀਅਮ, ਪੋਟਾਸ਼ੀਅਮ ਅਤੇ ਵਿਟਾਮਿਨ-ਕੇ ਦੀ ਕਮੀ ਨੂੰ ਪੂਰਾ ਕਰਦਾ ਹੈ। ਉੱਥੇ ਹੀ, ਕੁਝ ਲੋਕ ਇਸਨੂੰ ਸਲਾਦ ਅਤੇ ਸਨੈਕਸ ਦੇ ਸਮੇਂ ਵੀ ਲੈਣਾ ਪਸੰਦ ਕਰਦੇ ਹਨ।

**ਸੋਇਆ ਪ੍ਰੋਡਕਟਸ:** ਅੱਜਕੱਲ੍ਹ ਬਾਜ਼ਾਰ ਵਿੱਚ ਟੋਫੂ ਅਤੇ ਸੋਇਆਬੀਨ ਕੈਲਸ਼ੀਅਮ ਫੋਰਟੀਫਾਈਡ (ਕੈਲਸ਼ੀਅਮ ਦੀ ਵੱਧ ਮਾਤਰਾ ਵਾਲੇ) ਵੀ ਮਿਲ ਰਹੇ ਹਨ, ਇਹਨਾਂ ਨੂੰ ਵੀ ਡਾਈਟ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

**ਵਿਟਾਮਿਨ ਡੀ ਭਰਪੂਰ ਖ਼ੁਰਾਕ:** ਡਾਈਟ ਵਿੱਚ ਸਿਰਫ਼ ਕੈਲਸ਼ੀਅਮ ਨਾਲ ਭਰਪੂਰ ਚੀਜ਼ਾਂ ਸ਼ਾਮਲ ਕਰਨਾ ਹੀ ਕਾਫ਼ੀ ਨਹੀਂ ਹੈ, ਇਸਦੇ ਨਾਲ ਵਿਟਾਮਿਨ ਡੀ ਵੀ ਬਹੁਤ ਜ਼ਰੂਰੀ ਹੈ। ਇਹ ਕੈਲਸ਼ੀਅਮ ਨੂੰ ਸਰੀਰ ਵਿੱਚ ਜਜ਼ਬ (ਅਬਜ਼ੋਰਬ) ਕਰਨ ਵਿੱਚ ਮਦਦ ਕਰਦਾ ਹੈ।

# ਹਸਪਤਾਲ ਜਾਣ ਦੀ ਲੋੜ ਹੀ ਕਿਉਂ ਪੈਣ ਦੇਣੀ?

ਕੁਝ ਦਿਨ ਪਹਿਲਾਂ 'ਨੈਸ਼ਨਲ ਡਾਕਟਰਜ਼ ਡੇ' ਦੇ ਮੌਕੇ 'ਤੇ ਨਵੀਂ ਦਿੱਲੀ ਵਿੱਚ ਕਰਵਾਏ 'ਇਲਨੈਸ ਟੂ ਵੈੱਲਨੈਸ ਫਾਊਂਡੇਸ਼ਨ' ਦੇ ਇੱਕ ਪ੍ਰੋਗਰਾਮ ਵਿੱਚ ਦੇਸ਼ ਦੇ ਜਾਣੇ-ਪਛਾਣੇ ਡਾਕਟਰਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਜੇਕਰ ਅਸੀਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਕੁਝ ਬੁਨਿਆਦੀ ਬਦਲਾਅ ਕਰ ਲਈਏ, ਤਾਂ ਕਈ ਗੰਭੀਰ ਬਿਮਾਰੀਆਂ ਨੂੰ ਆਸਾਨੀ ਨਾਲ ਟਾਲਿਆ ਜਾ ਸਕਦਾ ਹੈ। ਆ ਜਾਣਦੇ ਹਾਂ ਕਿ ਲੰਬੇ ਸਮੇਂ ਤੱਕ ਤੰਦਰੁਸਤ ਰਹਿਣ ਲਈ ਡਾਕਟਰ ਲੋਕਾਂ ਨੂੰ ਕੀ ਸਲਾਹ ਦਿੰਦੇ ਹਨ।

**ਇਲਾਜ ਨਾਲੋਂ ਬਚਾਅ ਕਿਤੇ ਬਿਹਤਰ ਹੈ**

ਪੀਐੱਸਆਰਆਈ ਇੰਸਟੀਚਿਊਟ ਅਤੇ ਐਮਜ਼, ਨਵੀਂ ਦਿੱਲੀ ਦੇ ਸਾਬਕਾ ਪ੍ਰੋਫੈਸਰ ਡਾ. ਜੀ. ਸੀ. ਖਿਲਨਾਨੀ ਦਾ ਮੰਨਣਾ ਹੈ ਕਿ ਬਚਾਅ ਹਮੇਸ਼ਾ ਇਲਾਜ ਨਾਲੋਂ ਜ਼ਿਆਦਾ ਅਸਰਦਾਰ ਹੁੰਦਾ ਹੈ। ਜੇਕਰ ਲੋਕ ਪ੍ਰਿਵੈਂਟਿਵ ਹੈਲਥਕੇਅਰ (ਬਿਮਾਰੀ ਤੋਂ ਪਹਿਲਾਂ ਬਚਾਅ ਦੀ ਸਿਹਤ ਸੰਭਾਲ) ਨੂੰ ਆਪਣੀ ਲਾਈਫਸਟਾਈਲ ਦਾ ਹਿੱਸਾ ਬਣਾ ਲੈਣ, ਤਾਂ ਕਈ ਬਿਮਾਰੀਆਂ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਮੇਂ-ਸਮੇਂ 'ਤੇ ਹੈਲਥ ਚੈਕਅੱਪ, ਬੈਲੇਂਸ ਡਾਇਟ, ਫਿਜ਼ੀਕਲ ਐਕਟੀਵਿਟੀ, ਜ਼ਰੂਰੀ ਵੈਕਸੀਨੇਸ਼ਨ, ਸਾਫ਼-ਸਫ਼ਾਈ ਅਤੇ ਸਹੀ ਸਮੇਂ 'ਤੇ ਡਾਕਟਰ ਦੀ ਸਲਾਹ ਵਰਗੀਆਂ ਛੋਟੀਆਂ-ਛੋਟੀਆਂ ਆਦਤਾਂ ਬਿਮਾਰੀਆਂ ਦੇ ਬੋਝ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਸਕਦੀਆਂ ਹਨ।

**ਬਚਪਨ ਦੀਆਂ ਚੰਗੀਆਂ ਆਦਤਾਂ, ਬੁਢਾਪੇ ਵਿੱਚ ਸਾਥ**

ਅਪੋਲੋ ਹਸਪਤਾਲ ਦੇ ਸੀਨੀਅਰ ਆਰਥੋਪੈਡਿਕ ਸਰਜਨ ਅਤੇ ਪਦਮਸ਼੍ਰੀ ਡਾ। ਯਸ਼ ਗੁਲਾਟੀ ਹੱਡੀਆਂ ਅਤੇ ਜੋੜਾਂ ਦੀ ਸਿਹਤ ਨੂੰ ਸਵਸਥ ਜੀਵਨ ਦਾ ਸਭ ਤੋਂ ਵੱਡਾ ਆਧਾਰ ਦੱਸਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਵਧਦੀ ਉਮਰ ਵਿੱਚ ਬਿਨਾਂ ਕਿਸੇ ਸਹਾਰੇ ਦੇ ਚੱਲਣਾ-ਫਿਰਨਾ ਬਹੁਤ ਜ਼ਰੂਰੀ ਹੈ। ਜੇਕਰ ਕੋਈ ਬੱਚਾ ਘੱਟ ਉਮਰ ਤੋਂ ਹੀ ਯੋਗਾ ਅਤੇ ਫਿਜ਼ੀਕਲ ਐਕਟੀਵਿਟੀਜ਼ ਸ਼ੁਰੂ ਕਰ ਦਿੰਦਾ ਹੈ, ਤਾਂ ਭਵਿੱਖ ਵਿੱਚ ਹੱਡੀਆਂ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਟਾਲਿਆ ਜਾ ਸਕਦਾ ਹੈ। ਡਾ। ਗੁਲਾਟੀ ਜ਼ੋਰ ਦਿੰਦੇ ਹਨ ਕਿ ਹੈਲਥ ਚੈਕਅੱਪ ਨੂੰ ਸਿਰਫ਼ ਇੱਕ ਰਸਮੀ ਕਾਰਵਾਈ ਸਮਝਣ ਦੀ ਬਜਾਏ, ਇਸ ਨੂੰ ਸਵਸਥ ਜੀਵਨ ਜਿਉਣ ਦੇ ਇੱਕ ਉਮਰ ਭਰ ਦੇ ਨਿਯਮ ਵਜੋਂ ਅਪਣਾਉਣਾ ਚਾਹੀਦਾ ਹੈ।

**ਬਿਮਾਰੀਆਂ ਦੀ ਸਭ ਤੋਂ ਵੱਡੀ ਜੜ੍ਹ ਹੈ ਮੋਟਾਪਾ**

ਆਈਸੀਐੱਮਆਰ ਦੇ ਸਾਬਕਾ ਡਾਇਰੈਕਟਰ ਜਨਰਲ, ਪ੍ਰੋਫੈਸਰ ਡਾ। ਨਿਰਮਲ ਕੁਮਾਰ ਗਾਂਗੁਲੀ ਨੇ ਦੱਸਿਆ ਕਿ ਅੱਜ ਭਾਰਤ ਦੇ ਸਾਹਮਣੇ ਮੋਟਾਪਾ ਇੱਕ ਬਹੁਤ ਵੱਡੀ ਸਿਹਤ ਚੁਣੌਤੀ ਬਣ ਚੁੱਕਾ ਹੈ। ਇਹ ਕਈ ਗੈਰ-ਛੂਤਕਾਰੀ (ਨਾਨ-ਕਮਿਊਨੀਕੇਬਲ) ਬਿਮਾਰੀਆਂ ਦਾ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਨਿਯਮਿਤ ਕਸਰਤ, ਯੋਗਾ, ਧਿਆਨ (ਮੈਡੀਟੇਸ਼ਨ), ਲੋੜੀਂਦਾ ਆਰਾਮ ਅਤੇ ਫਲਾਂ, ਸਬਜ਼ੀਆਂ ਤੇ ਫਾਈਬਰ ਨਾਲ ਭਰਪੂਰ ਖ਼ੁਰਾਕ ਲੈ ਕੇ ਅਸੀਂ ਆਪਣੀ ਸਿਹਤ ਨੂੰ ਬਿਹਤਰ ਬਣਾ ਸਕਦੇ ਹਾਂ। ਉਨ੍ਹਾਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟਾਈ ਕਿ ਬਹੁਤ ਘੱਟ ਭਾਰਤੀ ਬਿਮਾਰ ਹੋਣ ਤੋਂ ਪਹਿਲਾਂ ਬਚਾਅ ਦੇ ਤਰੀਕੇ ਅਪਣਾਉਂਦੇ ਹਨ। ਸਮੇਂ ਸਿਰ ਸਿਹਤ ਵੱਲ ਧਿਆਨ ਦੇਣ ਨਾਲ ਨਾ ਸਿਰਫ਼ ਬਿਮਾਰੀਆਂ ਦੂਰ ਰਹਿੰਦੀਆਂ ਹਨ, ਬਲਕਿ ਤੇਜ਼ੀ ਨਾਲ ਵਧਦੀ ਉਮਰ ਦੇ ਅਸਰ ਨੂੰ ਵੀ ਹੌਲੀ ਕੀਤਾ ਜਾ ਸਕਦਾ ਹੈ।

**ਸਿਰਫ਼ ਦਵਾਈਆਂ ਨਾਲ ਨਹੀਂ ਬਣੇਗਾ ਚੰਗਾ ਸਮਾਜ**

ਹੈਲਥ ਸੈਕਟਰ ਵਿੱਚ ਡਾਕਟਰਾਂ ਦੀ ਬਦਲਦੀ ਭੂਮਿਕਾ ਬਾਰੇ ਗੱਲ ਕਰਦੇ ਹੋਏ 'ਇਲਨੈਸ ਟੂ ਵੈੱਲਨੈਸ ਫਾਊਂਡੇਸ਼ਨ' ਦੀ ਐਡਵਾਈਜ਼ਰੀ ਕੌਂਸਲ ਦੇ ਚੇਅਰਪਰਸਨ ਅਨਿਲ ਰਾਜਪੂਤ ਕਹਿੰਦੇ ਹਨ ਕਿ ਅੱਜ ਡਾਕਟਰ ਸਿਰਫ਼ ਬਿਮਾਰੀਆਂ ਦਾ ਇਲਾਜ ਨਹੀਂ ਕਰ ਰਹੇ, ਬਲਕਿ ਉਹ ਅਧਿਆਪਕ ਅਤੇ ਮਾਰਗਦਰਸ਼ਕ ਦੀ ਤਰ੍ਹਾਂ ਲੋਕਾਂ ਨੂੰ ਸਵਸਥ ਰਹਿਣ ਲਈ ਜਾਗਰੂਕ ਵੀ ਕਰ ਰਹੇ ਹਨ।

## ਘਰ ਦੀ ਦਹਿਲੀਜ਼ 'ਤੇ ਬੈਠਣ ਤੋਂ ਕਿਉਂ ਰੋਕਦੇ ਸਨ ਬਜ਼ੁਰਗ

ਬਚਪਨ 'ਚ ਅਸੀਂ ਸਾਰਿਆਂ ਨੇ ਚੁਗਾਠ ਜਾਂ ਚੌਕਠ (ਦਹਿਲੀਜ਼) 'ਤੇ ਬੈਠਣ ਲਈ ਝਿੜਕ ਜ਼ਰੂਰ ਸੁਣੀ ਹੋਵੇਗੀ। ਘਰ ਦੇ ਵੱਡੇ-ਬਜ਼ੁਰਗ ਅਕਸਰ ਕਹਿੰਦੇ ਸਨ ਕਿ ਘਰ ਦੀ ਚੌਖਟ 'ਤੇ ਨਹੀਂ ਬੈਠਣਾ ਚਾਹੀਦਾ, ਇਹ ਸ਼ੁਭ ਨਹੀਂ ਹੁੰਦਾ। ਕਈ ਲੋਕ ਇਸ ਨੂੰ ਅੰਧ-ਵਿਸ਼ਵਾਸ ਮੰਨ ਲੈਂਦੇ ਹਨ, ਪਰ ਅਜਿਹਾ ਕਹਿਣ ਪਿੱਛੇ ਸੱਚਮੁੱਚ ਕੁਝ ਅਜਿਹੇ ਕਾਰਨ ਹਨ, ਜੋ ਤੁਹਾਨੂੰ ਸੋਚਣ 'ਤੇ ਮਜਬੂਰ ਕਰ ਦੇਣਗੇ। ਜੀ ਹਾਂ, ਬਜ਼ੁਰਗਾਂ ਦੀ ਚੌਖਟ 'ਤੇ ਨਾ ਬੈਠਣ ਦੀ ਸਲਾਹ ਪਿੱਛੇ ਸਿਰਫ਼ ਪਰੰਪਰਾ ਨਹੀਂ, ਬਲਕਿ ਕਈ ਠੋਸ ਕਾਰਨ ਛਿਪੇ ਹੁੰਦੇ ਸਨ। ਆ ਜਾਣੀਏ ਕਿ ਕਿਉਂ ਵੱਡੇ-ਵਡੇਰੇ ਘਰ ਦੀ ਚੌਖਟ 'ਤੇ ਬੈਠਣ ਤੋਂ ਮਨ੍ਹਾ ਕਰਦੇ ਸਨ:- ਇਸ ਦੇ ਪਿੱਛੇ ਭਗਵਾਨ ਵਿਸ਼ਨੂੰ ਦੇ ਨਰਸਿੰਘ ਅਵਤਾਰ ਨਾਲ ਜੁੜੀ ਇੱਕ ਪੌਰਾਣਿਕ ਕਥਾ ਹੈ। ਇਸ ਕਥਾ ਅਨੁਸਾਰ ਹਿਰਨਾਕਸ਼ਪ ਨੂੰ ਮਾਰਨ ਲਈ ਭਗਵਾਨ ਵਿਸ਼ਨੂੰ ਨੇ ਨਰਸਿੰਘ ਦਾ ਅਵਤਾਰ ਲਿਆ ਸੀ ਅਤੇ ਸ਼ਾਮ ਦੇ ਸਮੇਂ ਉਸ ਨੂੰ ਚੌਖਟ 'ਤੇ ਆਪਣੀਆਂ ਪੱਟਾਂ (ਜਾਂਘਾਂ) 'ਤੇ ਰੱਖ ਕੇ ਆਪਣੇ ਨਹੁੰਆਂ ਨਾਲ ਉਸ ਦਾ ਵਧ ਕੀਤਾ ਸੀ। ਇਸ ਕਥਾ



'ਚ ਚੌਖਟ ਇੱਕ ਵਧ ਸਥਾਨ ਬਣੀ ਸੀ, ਇਸ ਲਈ ਹਿੰਦੂ ਧਰਮ 'ਚ ਚੌਖਟ 'ਤੇ ਬੈਠਣਾ ਅਸ਼ੁਭ ਮੰਨਿਆ ਜਾਂਦਾ ਹੈ।

ਇੱਕ ਮਾਨਤਾ ਇਹ ਵੀ ਹੈ ਕਿ ਚੌਖਟ 'ਤੇ ਬੈਠਣ ਨਾਲ ਮਾਤਾ ਲਕਸ਼ਮੀ ਦਾ ਰਸਤਾ ਰੁਕਦਾ ਹੈ ਅਤੇ ਉਹ ਘਰ 'ਚ ਪ੍ਰਵੇਸ਼ ਨਹੀਂ ਕਰਦੇ। ਇਸ ਲਈ ਘਰ 'ਚ ਸ਼ੁਭਤਾ ਅਤੇ ਖੁਸ਼ਹਾਲੀ ਬਣਾਈ ਰੱਖਣ ਲਈ ਵੀ ਚੌਖਟ 'ਤੇ ਬੈਠਣ ਤੋਂ ਮਨ੍ਹਾ ਕੀਤਾ ਜਾਂਦਾ ਹੈ।

### ਹਵਾ ਦਾ ਵੈਂਟੀਲੇਸ਼ਨ

ਚੌਖਟ 'ਤੇ ਨਾ ਬੈਠਣ ਦੀ ਸਲਾਹ ਪਿੱਛੇ ਵਿਗਿਆਨਕ ਕਾਰਨ ਇਹ ਹੈ ਕਿ ਘਰ ਦਾ ਮੁੱਖ ਦਰਵਾਜ਼ਾ ਹਵਾ ਦੇ ਆਉਣ-ਜਾਣ ਦਾ ਮੁੱਖ ਰਸਤਾ ਹੁੰਦਾ ਹੈ। ਚੌਖਟ 'ਤੇ ਬੈਠਣ ਨਾਲ ਹਵਾ ਦਾ ਵਹਾਅ ਰੁਕਦਾ ਹੈ ਅਤੇ ਕਰਾਸ ਵੈਂਟੀਲੇਸ਼ਨ ਨਹੀਂ ਹੋ ਪਾਉਂਦੀ। ਇਸ ਕਾਰਨ ਘਰ 'ਚ ਤਾਜ਼ੀ ਹਵਾ ਦਾ ਆਉਣਾ ਘਟ ਜਾਂਦਾ ਹੈ।

### ਕੀੜੇ-ਮਕੌੜਿਆਂ ਦੇ ਕੱਟਣ ਦਾ ਖ਼ਤਰਾ

ਪੁਰਾਣੇ ਸਮਿਆਂ 'ਚ ਅੱਜ ਵਾਂਗ ਪੱਕੇ ਫ਼ਰਸ਼ ਨਹੀਂ ਹੁੰਦੇ ਸਨ। ਜ਼ਮੀਨ ਮਿੱਟੀ ਦੀ ਹੁੰਦੀ ਸੀ ਅਤੇ ਕੀੜੇ-ਮਕੌੜੇ ਆਸਾਨੀ ਨਾਲ ਆ ਜਾਂਦੇ ਸਨ। ਦਰਵਾਜ਼ੇ ਦੇ ਪਿੱਛੇ ਜਾਂ ਹੇਠਾਂ ਜ਼ਹਿਰੀਲੇ ਸੱਪ ਜਾਂ ਬਿੱਛੂਆਂ ਦੇ ਛਿਪਣ ਦੀ ਜਗ੍ਹਾ ਹੁੰਦੀ ਸੀ ਅਤੇ ਘਰ ਦੀ ਚੌਖਟ 'ਤੇ ਬੈਠਣ ਨਾਲ ਇਨ੍ਹਾਂ ਦੇ ਕੱਟਣ ਦਾ ਖ਼ਤਰਾ ਵੱਧ ਜਾਂਦਾ ਸੀ। ਇਸ ਲਈ ਕੀੜਿਆਂ ਅਤੇ ਜ਼ਹਿਰੀਲੇ ਜੀਵਾਂ ਤੋਂ ਸੁਰੱਖਿਆ ਲਈ ਵੀ ਚੌਖਟ 'ਤੇ ਬੈਠਣ ਤੋਂ ਰੋਕਿਆ ਜਾਂਦਾ ਸੀ।

### ਸੱਟ ਲੱਗਣ ਦਾ ਖ਼ਤਰਾ

ਚੌਖਟ ਘਰ ਦੇ ਅੰਦਰ ਆਉਣ-ਜਾਣ ਦਾ ਮੁੱਖ ਰਸਤਾ ਹੈ। ਅਜਿਹੇ 'ਚ ਉੱਥੇ ਬੈਠਣ ਨਾਲ ਆਉਣ-ਜਾਣ ਵਾਲੇ ਲੋਕਾਂ ਨੂੰ ਠੋਕਰ ਲੱਗ ਸਕਦੀ ਹੈ ਜਾਂ ਕੋਈ ਗ਼ਲਤੀ ਨਾਲ ਤੁਹਾਡੇ ਹੱਥ-ਪੈਰ 'ਤੇ ਪੈਰ ਰੱਖ ਸਕਦਾ ਹੈ, ਜਿਸ ਨਾਲ ਸੱਟ ਲੱਗਣ ਦਾ ਡਰ ਰਹਿੰਦਾ ਹੈ।

**ਬਿਮਾਰੀਆਂ ਤੋਂ ਬਚਾਅ-** ਚੌਖਟ 'ਤੇ ਬੈਠਣ ਦੀ ਮਨਾਹੀ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਬਾਹਰੋਂ ਆਉਣ ਵਾਲੇ ਲੋਕ ਆਪਣੇ ਜੁੱਤੇ-ਚੱਪਲ ਦਰਵਾਜ਼ੇ ਦੇ ਕੋਲ ਹੀ ਉਤਾਰਦੇ ਹਨ। ਅਜਿਹੀ ਸਥਿਤੀ 'ਚ ਉੱਥੇ ਮੌਜੂਦ ਧੂੜ-ਮਿੱਟੀ ਅਤੇ ਕੀਟਾਣੂਆਂ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਰਹਿੰਦਾ ਹੈ।

# ਵਾਤਾਵਰਣ ਨਾਲ ਪਿਆਰ ਹੀ ਮਨੁੱਖਤਾ ਦੀ ਰਾਖੀ ਕਰ ਸਕਦਾ ਹੈ

ਡਾ. ਸਤਿੰਦਰ ਸਿੰਘ

ਮਨੁੱਖੀ ਗ਼ਲਤੀਆਂ ਦੇ ਕਾਰਨ ਧਰਤੀ ਤੇ ਵੱਧਦਾ ਪ੍ਰਦੂਸ਼ਣ ਬੇਹੱਦ ਗੰਭੀਰ ਰੂਪ ਧਾਰਨ ਕਰ ਚੁੱਕਿਆ ਹੈ, ਮੌਜੂਦਾ ਸਮੇਂ ਵੱਧਦਾ ਤਾਪਮਾਨ ਅਤੇ ਜਲਵਾਯੂ ਤਬਦੀਲੀ ਪੂਰੇ ਵਿਸ਼ਵ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪਾਣੀ ਦੇ ਸੰਕਟ ਦਾ ਖ਼ਮਿਆਜ਼ਾ ਮਨੁੱਖਾਂ ਦੇ ਨਾਲ-ਨਾਲ ਜੀਵ ਜੰਤੂ ਅਤੇ ਜੰਗਲ ਵੀ ਭੁਗਤ ਰਹੇ ਹਨ।

ਵਿਕਾਸ ਦੇ ਨਾਂ 'ਤੇ ਦਰਖਤਾਂ ਦੀ ਅੰਨ੍ਹੇਵਾਹ ਕਟਾਈ ਤੇ ਰੋਕ ਨਹੀਂ ਲੱਗ ਰਹੀ। ਕੰਕਰੀਟ ਦੇ ਜੰਗਲ ਤੇਜ਼ੀ ਨਾਲ ਫੈਲ ਰਹੇ ਹਨ। ਜਿਸ ਨਾਲ ਪ੍ਰਦੂਸ਼ਣ ਖਤਰਨਾਕ ਰਫਤਾਰ ਨਾਲ ਵੱਧ ਰਿਹਾ ਹੈ। ਇਸ ਦੇ ਨਤੀਜੇ ਵਜੋਂ ਹਰ ਸਾਲ ਗਰਮੀ ਬੇਹਤਾਸ਼ਾ ਵੱਧ ਰਹੀ ਹੈ। ਜੇਕਰ ਤਾਪਮਾਨ 'ਚ ਇਸੇ ਰਫ਼ਤਾਰ ਨਾਲ ਵੱਧਦਾ ਗਿਆ ਤਾਂ ਆਉਣ ਵਾਲੇ ਸਾਲਾਂ 'ਚ ਸਥਿਤੀ ਹੋਰ ਵੀ ਖ਼ਤਰਨਾਕ ਹੋ ਜਾਵੇਗੀ। ਜਲਵਾਯੂ ਪਰਿਵਰਤਨ ਦਾ ਸਭ ਤੋਂ ਮਾੜਾ ਅਸਰ ਸਾਡੀ ਖੇਤੀ ਦੀ ਉਤਪਾਦਕਤਾ ਉੱਪਰ ਪੈ ਰਿਹਾ ਹੈ। ਖੇਤੀ ਪ੍ਰਧਾਨ ਸੂਬੇ ਲਈ ਇਹ ਆਰਥਿਕ ਸੰਕਟ ਦਾ ਕਾਰਨ ਬਣੇਗਾ ਅਤੇ ਵਿਸ਼ਵ ਦੇ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਲਈ ਅਨਾਜ ਦਾ ਸੰਕਟ ਵੀ ਪੈਦਾ ਹੋ ਸਕਦਾ ਹੈ।





ਵਿਸ਼ਵ ਦੇ ਵੱਖ-ਵੱਖ ਦੇਸ਼ਾਂ 'ਚ ਚੱਲ ਰਹੇ ਤਣਾਅ ਦੇ ਕਾਰਨ ਅਮਰੀਕਾ-ਇਰਾਨ ਯੁੱਧ, ਰੂਸ-ਯੂਕਰੇਨ ਯੁੱਧ ਅਤੇ ਆਪ੍ਰੇਸ਼ਨ ਸੰਧੂਰ ਆਦਿ ਵਰਗੇ ਹਾਲਾਤਾਂ ਦਾ ਵਾਤਾਵਰਣ ਉੱਪਰ ਬਹੁਤ ਹੀ ਗੰਭੀਰ ਪ੍ਰਭਾਵ ਪੈਂਦਾ ਹੈ ਯੁੱਧ ਸਿਰਫ਼ ਮਨੁੱਖੀ ਜਾਨਾਂ ਦਾ ਹੀ ਨੁਕਸਾਨ ਨਹੀਂ ਕਰਦਾ, ਸਗੋਂ ਕੁਦਰਤ ਦੇ ਦਿੱਤੇ ਅਨਮੋਲ ਤੋਹਫ਼ਿਆਂ ਅਤੇ ਵਾਤਾਵਰਨ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦਾ ਹੈ। ਬੰਬ ਧਮਾਕਿਆਂ, ਮਿਜ਼ਾਈਲਾਂ ਅਤੇ ਹਥਿਆਰਾਂ ਤੋਂ ਨਿਕਲਣ ਵਾਲਾ ਧੂੰਆਂ ਅਤੇ ਜ਼ਹਿਰੀਲੀਆਂ ਗੈਸਾਂ ਹਵਾ ਨੂੰ ਬੇਹੱਦ ਪ੍ਰਦੂਸ਼ਿਤ ਕਰਦੀਆਂ ਹਨ। ਇਸ ਨਾਲ ਮਨੁੱਖੀ ਅਤੇ ਜੀਵ-ਜੰਤੂਆਂ ਦੀ ਸਿਹਤ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ।

ਜਲ ਸਰੋਤ ਪ੍ਰਦੂਸ਼ਿਤ ਹੋ ਜਾਂਦੇ ਹਨ, ਮਿੱਟੀ ਦੀ ਗੁਣਵੱਤਾ ਖ਼ਰਾਬ ਹੋ ਜਾਂਦੀ ਹੈ, ਜੈਵਿਕ ਵਿਭਿੰਨਤਾ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ। ਸ਼ਾਂਤੀ ਹੀ ਸੁਚੱਜੇ ਅਤੇ ਸੁਰੱਖਿਤ ਵਾਤਾਵਰਨ ਦੀ ਬੁਨਿਆਦ ਹੈ।

ਅੱਜ ਤੋਂ 52 ਸਾਲ ਪਹਿਲਾਂ ਜਦੋਂ ਜਲ, ਜੰਗਲ, ਜ਼ਮੀਨ ਅਤੇ ਹਵਾ ਵੱਧ ਪ੍ਰਦੂਸ਼ਿਤ ਹੋਣ ਲੱਗੀ, ਤਾਂ ਸੰਯੁਕਤ ਰਾਸ਼ਟਰ ਨੇ ਵਿਸ਼ਵ 'ਚ ਵਾਤਾਵਰਨ ਪ੍ਰਦੂਸ਼ਣ ਦੇ ਪੈ ਰਹੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ 5 ਜੂਨ 1974 ਨੂੰ ਪਹਿਲੀ ਵਾਰ 'ਵਿਸ਼ਵ ਵਾਤਾਵਰਨ ਦਿਵਸ' ਵਜੋਂ ਮਨਾਉਣ ਦੀ ਸ਼ੁਰੂਆਤ ਕੀਤੀ। ਵਿਸ਼ਵ ਦੇ 143 ਤੋਂ ਵੱਧ ਦੇਸ਼ਾਂ ਦੀਆਂ ਸਰਕਾਰਾਂ, ਸਮਾਜ ਸੇਵੀ ਸੰਸਥਾਵਾਂ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਹਰ ਸਾਲ 5 ਜੂਨ ਨੂੰ ਵੱਖ-ਵੱਖ ਪ੍ਰੋਗਰਾਮ ਅਤੇ ਸਮਾਗਮ ਕਰਕੇ ਸਮਾਜ ਨੂੰ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਜਾਂਦੇ ਹਨ। ਸੰਯੁਕਤ ਰਾਸ਼ਟਰ ਦੇ ਵਾਤਾਵਰਣ ਸੰਭਾਲ ਪ੍ਰੋਗਰਾਮ ਤਹਿਤ ਹਰ ਸਾਲ ਵਾਤਾਵਰਣ ਦਿਵਸ ਦਾ ਇਕ ਥੀਮ ਸਮੁੱਚੇ ਵਿਸ਼ਵ ਨੂੰ ਦਿੱਤਾ ਜਾਂਦਾ ਹੈ। ਸਾਲ 2026 ਲਈ ਥੀਮ 'ਕੁਦਰਤ ਤੋਂ ਪ੍ਰੇਰਿਤ-ਜਲਵਾਯੂ ਲਈ-ਸਾਡੇ ਭਵਿੱਖ ਲਈ' ਨੂੰ ਰੱਖਿਆ ਗਿਆ ਹੈ। ਜਿਸ ਤਹਿਤ ਸਮਾਜ ਸੇਵੀ ਸੰਸਥਾਵਾਂ, ਵਾਤਾਵਰਣ ਪ੍ਰੇਮੀਆਂ ਅਤੇ ਵਿਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਜਲਵਾਯੂ ਤਬਦੀਲੀ ਦਾ ਧਰਤੀ ਉਪਰ ਪੈ ਰਹੇ ਮਾੜੇ ਪ੍ਰਭਾਵਾਂ ਅਤੇ ਸਾਡੇ ਪ੍ਰਦੂਸ਼ਣ ਮੁਕਤ ਭਵਿੱਖ ਪ੍ਰਤੀ ਚੇਤੰਨਤਾ ਪੈਦਾ ਕਰਨ ਦੇ ਯਤਨ ਕੀਤੇ ਜਾਣਗੇ। ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਇਸ ਥੀਮ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਵਾਤਾਵਰਨ ਪ੍ਰੇਮੀਆਂ ਵੱਲੋਂ ਕੀਤਾ ਜਾ ਰਿਹਾ ਹੈ।

ਬ੍ਰਹਿਮੰਡ ਦੇ ਸਮੂਹ ਗ੍ਰਹਿਆਂ 'ਚੋਂ ਧਰਤੀ ਸਭ ਤੋਂ ਉੱਤਮ ਅਤੇ ਕਿਸਮਤ ਵਾਲਾ ਗ੍ਰਹਿ ਮੰਨਿਆ ਜਾਂਦਾ ਹੈ, ਕਿਉਂਕਿ ਸਾਡੇ ਗਿਆਨ ਮੁਤਾਬਕ ਸਿਰਫ਼ ਧਰਤੀ ਉੱਪਰ ਹੀ ਸੁਚੱਜਾ ਜੀਵਨ ਸੰਭਵ ਹੈ। ਇੱਥੇ ਜ਼ਿੰਦਗੀ ਬਹੁਤ ਹੀ ਸੁਚਾਰੂ ਢੰਗ ਨਾਲ ਵਿਕਸਤ ਹੋਈ ਹੈ, ਚਾਹੇ ਉਹ ਮਨੁੱਖੀ ਜ਼ਿੰਦਗੀ ਦੇ ਰੂਪ 'ਚ ਹੋਵੇ ਜਾਂ ਪਸ਼ੂ ਪੰਛੀਆਂ, ਬੂਟੇ, ਸੂਖਮ ਜੀਵਾਂ ਜਾ ਸਮੁੰਦਰੀ ਜੀਵਾਂ ਦੀ ਜ਼ਿੰਦਗੀ ਹੋਵੇ। ਮਨੁੱਖੀ ਜੀਵਨ ਇਸ ਧਰਤੀ ਉੱਪਰ ਕੁਦਰਤ ਦਾ ਸਭ ਤੋਂ ਵੱਡਾ ਤੋਹਫ਼ਾ ਹੈ। ਇਸ ਜੀਵਨ ਨੂੰ ਸੁਚੱਜੇ ਢੰਗ ਨਾਲ ਬਤੀਤ ਕਰਨ ਲਈ ਕੁਦਰਤ ਨੇ ਮਨੁੱਖੀ ਜਨਮ ਸਮੇਂ ਸ਼ੁੱਧ ਹਵਾ, ਨਿਰਮਲ ਜਲ, ਸੀਤਲ ਚਾਂਦਨੀ ਅਤੇ ਸੁਨਹਿਰੀ ਕਿਰਨਾਂ ਪੈਦਾ ਕੀਤੀਆਂ ਤਾਂ ਜੋ ਕੁਦਰਤ ਦਾ ਸੰਤੁਲਨ ਬਣਿਆ ਰਹੇ ਪਰ ਮਨੁੱਖ ਨੇ ਜਿਉ-ਜਿਉਂ ਤਰੱਕੀ ਕੀਤੀ ਨਾਲ-ਨਾਲ ਕੁਦਰਤ ਦੇ ਅਨਮੋਲ ਤੋਹਫ਼ਿਆਂ ਨੂੰ ਇਕ ਦੈਂਤ ਦੀ ਤਰ੍ਹਾਂ ਲੁੱਟਿਆ ਅਤੇ ਇੱਥੋਂ ਦੇ ਵਾਤਾਵਰਨ ਨੂੰ ਪੂਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੱਤਾ ਹੈ। ਧਰਤੀ ਮਾਂ ਦਾ ਹਰ ਅੰਗ ਬਿਮਾਰ ਹੋ ਚੁੱਕਿਆ ਹੈ।

ਕੁਝ ਲੋਕ ਸਿਰਫ਼ ਹਵਾ ਅਤੇ ਮੌਸਮ ਨੂੰ ਹੀ ਵਾਤਾਵਰਨ ਸਮਝਣ ਦੀ ਭੁੱਲ ਕਰਦੇ ਹਨ ਪਰ ਅਸਲ ਸ਼ਬਦਾਂ 'ਚ ਹਵਾ ਜਿਸ ਉੱਪਰ ਅਸੀਂ ਖੜ੍ਹੇ ਹਾਂ, ਪਾਣੀ ਜੋ ਜੀਵਨ ਦਾ ਆਧਾਰ ਹੈ ਅਤੇ ਸਾਡੇ ਆਲੇ-ਦੁਆਲੇ ਦੀਆਂ ਜੀਵਤ ਅਤੇ ਅਜੀਵਤ ਵਸਤੂਆਂ ਨੂੰ ਮਿਲਾ ਕੇ ਹੀ ਵਾਤਾਵਰਨ ਬਣਦਾ ਹੈ। ਅੱਜ ਤੋਂ ਸੈਂਕੜੇ ਸਾਲ ਪਹਿਲਾਂ ਵਿਗਿਆਨਕ ਸੋਚ ਵਾਲੇ ਮਹਾਨ ਗੁਰੂ ਨਾਨਕ ਦੇਵ ਜੀ ਨੇ ਵਾਤਾਵਰਨ ਨੂੰ ਮਹੱਤਤਾ ਦਿੰਦੇ ਹੋਏ ਆਪਣੀ ਬਾਣੀ 'ਚ ਪਵਨ ਅਰਥਾਤ ਹਵਾ ਨੂੰ ਗੁਰੂ ਦਾ ਦਰਜਾ ਦਿੱਤਾ ਹੈ, ਪਾਣੀ ਨੂੰ ਪਿਤਾ ਅਰਥਾਤ ਸਭ ਜੀਵਾਂ ਦਾ ਜਨਮਦਾਤਾ ਅਤੇ ਧਰਤੀ ਨੂੰ ਸਭ ਦੀ ਵੱਡੀ ਮਾਂ ਦੱਸਿਆ ਹੈ ਪਰ ਅੱਜ ਦੇ ਤਰੱਕੀ ਵੱਲ ਸੋਚਣ ਵਾਲੇ ਮਨੁੱਖ ਨੇ ਆਪਣੀ ਉਨੀ ਸੋਚ ਸਦਕਾ ਹਵਾ ਨੂੰ ਇਸ ਕਦਰ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਅੱਜ ਮਨੁੱਖ ਦਾ ਆਪਣਾ ਤਾਂ ਕਿ ਜੀਵ-ਜੰਤੂਆਂ ਦਾ ਸਾਹ ਲੈਣਾ ਔਖਾ ਹੋ ਰਿਹਾ ਹੈ।

ਹਵਾ 'ਚ ਨਾਈਟਰੋਜਨ ਆਕਸਾਈਡ, ਸਲਫ਼ਰ ਡਾਈਆਕਸਾਈਡ, ਕਾਰਬਨ ਡਾਈਆਕਸਾਈਡ ਅਤੇ ਕਲੋਰੋ ਫਲੋਰੋ ਕਾਰਬਨ ਵਰਗੀਆਂ ਜ਼ਹਿਰੀਲੀਆਂ ਗੈਸਾਂ ਦੀ ਵਧਦੀ ਮਾਤਰਾ ਕਾਰਨ ਨਜ਼ਲਾ, ਜ਼ੁਕਾਮ, ਖਾਂਸੀ, ਦਮਾ ਰੋਗ ਅਤੇ ਅੱਖਾਂ ਦੇ ਅਨੇਕਾਂ ਗੰਭੀਰ ਰੋਗਾਂ ਦੇ ਲੋਕ ਪੀੜਤ ਹੋ ਰਹੇ ਹਨ। ਸਿਹਤ ਨਾਲ ਸਬੰਧਤ ਖੋਜਾਂ ਅਨੁਸਾਰ ਭਾਰਤ 'ਚ ਬੱਚਿਆਂ 'ਚ ਸਾਹ ਅਤੇ ਦਮੇ ਦੇ ਬਿਮਾਰੀਆਂ ਦੇ ਮਰੀਜ਼ ਲਗਾਤਾਰ ਵੱਧ ਰਹੇ ਹਨ। ਹਵਾ ਪ੍ਰਦੂਸ਼ਣ ਦੇ ਕਾਰਨ ਮਨੁੱਖ ਦੀ ਅਰੋਗਤਾ ਨੂੰ ਬਹੁਤ ਵੱਡਾ ਧੱਕਾ ਲੱਗਿਆ ਹੈ।

ਧਰਤੀ ਉਪਰ ਪਾਣੀ ਨੂੰ ਅੱਜ ਦੂਹਰੀ ਮਾਰ ਪੈ ਰਹੀ ਹੈ। ਪਹਿਲਾਂ ਪਾਣੀ ਦੇ ਪੱਧਰ ਦਾ ਲਗਾਤਾਰ ਨੀਵਾ ਜਾਣਾ ਅਤੇ ਦੂਸਰਾ ਮੌਜੂਦ ਪਾਣੀ ਦੀ ਗੁਣਵੱਤਾ ਦਾ ਪ੍ਰਦੂਸ਼ਿਤ ਹੋਣਾ। ਕਹਿਣ ਨੂੰ ਤਾਂ ਧਰਤੀ ਦਾ 75 ਫ਼ੀਸਦ ਭਾਗ ਪਾਣੀ ਹੈ ਪਰ ਅਸਲ ਵਿੱਚ ਸਿਰਫ 0.007 ਫ਼ੀਸਦ ਪਾਣੀ ਹੀ ਵਰਤੋਂ ਲਈ ਉਪਲੱਬਧ ਹੈ, ਕਿਉਂਕਿ ਪਾਣੀ ਦਾ 97.5 ਫ਼ੀਸਦ ਖਾਰਾ (ਸਮੁੰਦਰ) ਹੈ। ਸਿਰਫ ਬਾਕੀ ਰਹਿ ਗਿਆ 2.5 ਫ਼ੀਸਦ ਪਾਣੀ ਵਰਤੋ ਯੋਗ, ਉਸ 'ਚੋਂ ਵੀ 70 ਫ਼ੀਸਦ ਬਰਫ਼ ਦੇ ਰੂਪ 'ਚ ਹੈ ਅਤੇ 29।003 ਫ਼ੀਸਦ ਪਾਣੀ ਮਿੱਟੀ 'ਚ ਨਮੀ ਦੇ ਰੂਪ 'ਚ ਧਰਤੀ ਦੇ ਹੇਠਲੇ ਭੰਡਾਰ 'ਚ ਹੈ।

ਵਰਤੋਂ ਯੋਗ ਪਾਣੀ ਨੂੰ ਵੀ ਫ਼ੈਕਟਰੀਆਂ ਦੇ ਪ੍ਰਦੂਸ਼ਿਤ ਪਾਣੀ ਅਤੇ ਸੀਵਰੇਜ ਦੀ ਨਿਕਾਸੀ ਆਦਿ ਕਾਰਨਾਂ ਕਰਕੇ ਗੰਗਾ ਵਰਗਾ ਪਵਿੱਤਰ ਦਰਿਆ ਜੋ ਗੋਮੁੱਖ ਨਾਮ ਦੇ ਸਥਾਨ ਤੋਂ ਨਿਕਲ ਕੇ ਬੰਗਾਲ ਦੀ ਖਾੜੀ ਤਾਂ ਦੂਰ, ਕਾਨਪੁਰ ਤੱਕ ਪਹੁੰਚਦਾ-ਪਹੁੰਚਦਾ ਇੱਕ ਖੁੱਲ੍ਹੇ ਸੀਵਰ ਦਾ ਰੂਪ ਧਾਰਨ ਕਰ ਜਾਂਦਾ ਹੈ। ਦੇਸ਼ ਦੇ ਬਾਕੀ ਦਰਿਆਵਾਂ ਦਾ ਹਾਲ ਤਾਂ ਇਸ ਤੋਂ ਵੀ ਮਾੜਾ ਹੈ। ਪੰਜਾਬ ਜਿਸ ਨੂੰ ਪੰਜ-ਆਬ ਦੀ ਧਰਤੀ ਕਿਹਾ ਜਾਂਦਾ ਹੈ ਦਾ ਸਭ ਤੋਂ ਵੱਡਾ ਦਰਿਆ ਸਤਲੁਜ ਜਦੋਂ ਤਿੱਬਤ 'ਚੋਂ ਮਾਨਸਰੋਵਰ ਦੇ ਨੇੜੇ ਰਾਕਸ਼ਸਤਾਲ ਝੀਲ ਤੋ ਸ਼ੁਰੂ ਹੋ ਕੇ ਜਦੋਂ ਸ਼ਿਪਾਕੀ ਦਰੇ ਵਿਚੋਂ ਲੰਘ ਕੇ ਭਾਰਤ ਵਿੱਚ ਦਾਖਲ ਹੁੰਦਾ ਹੈ ਤਾਂ ਬੇਹੱਦ ਸਾਫ ਅਤੇ ਨੀਲੇ ਰੰਗ ਦਾ ਹੁੰਦਾ ਹੈ ਪਰ ਜਦੋਂ ਪੰਜਾਬ 'ਚ ਲੰਘਦਾ ਹੋਇਆ ਹੁਸੈਨੀਵਾਲਾ (ਫਿਰੋਜ਼ਪੁਰ) ਦੇ ਨਜ਼ਦੀਕ ਪਾਕਿਸਤਾਨ ਵਾਲੇ ਪਾਸੇ ਦਾਖਲ ਹੋ ਜਾਂਦਾ ਹੈ ਤਾਂ ਇਸ ਦਾ ਰੰਗ ਕਾਲਾ, ਬੇਹੱਦ ਪ੍ਰਦੂਸ਼ਿਤ ਅਤੇ ਬਦਬੂ ਵਾਲਾ ਹੋ ਜਾਂਦਾ ਹੈ।

ਇਸ ਦੇ ਕੰਢੇ ਵਸੇ ਲੋਕ ਕੈਂਸਰ, ਕਾਲਾ ਪੀਲੀਆ, ਕਿਡਨੀ ਦੇ ਰੋਗ ਅਤੇ ਅਨੇਕਾਂ ਲਾਇਲਾਜ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਦੇ 152 ਬਲਾਕਾ ਵਿਚੋਂ ਲਗਭਗ 125 ਬਲਾਕ ਡਾਰਕ ਜ਼ੋਨ 'ਚ ਜਾ ਚੁੱਕੇ ਹਨ ਜੋ ਕਿ ਬੇਹੱਦ ਚਿੰਤਾ ਦਾ ਵਿਸ਼ਾ ਹੈ।

ਧਰਤੀ ਜਿਸ ਨੂੰ ਅਸੀਂ ਵੱਡੀ ਮਾਂ ਦਾ ਦਰਜਾ ਦਿੰਦੇ ਹਾਂ, ਅੱਜ ਸਾਨੂੰ ਖਾਣ ਲਈ ਜ਼ਹਿਰੀਲੀਆਂ ਫ਼ਸਲਾਂ ਪੈਦਾ ਕਰਕੇ ਦੇ ਰਹੀ ਹੈ। ਉਸ ਦਾ ਮੁੱਖ ਕਾਰਨ ਕੀੜੇਮਾਰ ਰਸਾਇਣਕ, ਨਦੀਨਨਾਸ਼ਕ, ਰਸਾਇਣਕ ਖਾਦਾਂ, ਉਦਯੋਗਿਕ ਫਾਲਤੂ ਵਸਤੂਆਂ, ਰੇਡੀ ਐਕਟਿਵ ਪਦਾਰਥ ਆਦਿ ਹਨ, ਜਿਸ ਕਾਰਨ ਸਾਡੀ ਖੁਰਾਕ ਲੜੀ ਨੂੰ ਵੱਡੀ ਢਾਹ ਲੱਗੀ ਹੈ।

ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦਾ ਅਰਬਾ ਰੁਪਏ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਇਲਾਜ ਉਪਰ ਖਰਚ ਕੀਤਾ ਜਾ ਰਿਹਾ ਹੈ। ਪ੍ਰਦੂਸ਼ਣ ਦੇ ਕਾਰਨ ਵੱਧਦਾ ਤਾਪਮਾਨ ਇਕ ਵਿਸ਼ਵ ਵਿਆਪੀ ਸਮੱਸਿਆ ਬਣ ਚੁੱਕਿਆ ਹੈ, ਜੇ ਆਲਮੀ ਤਪਸ਼ ਇਸੇ ਰਫ਼ਤਾਰ ਨਾਲ ਵਧਦੀ ਗਈ ਤਾਂ ਗਲੇਸ਼ੀਅਰ ਖ਼ਤਮ ਹੋ ਜਾਣਗੇ, ਸਮੁੰਦਰਾਂ 'ਚ ਪਾਣੀ ਵੱਧ ਜਾਵੇਗਾ ਜੋ ਸਮੁੰਦਰ ਕੰਢੇ ਵੱਸਣ ਵਾਲੇ ਕਰੋੜਾਂ ਲੋਕਾਂ ਲਈ ਖ਼ਤਰੇ ਦੀ ਘੰਟੀ ਹੋਵੇਗਾ।

ਪ੍ਰਦੂਸ਼ਣ ਦੇ ਕਾਰਨਾਂ 'ਚੋਂ ਵਧਦੀ ਜਨਸੰਖਿਆ ਸਭ ਤੋਂ ਵੱਡਾ ਕਾਰਨ ਹੈ। ਕਿਉਂਕਿ ਪੇਟ ਭਰਨ ਲਈ ਅਨਾਜ ਪੈਦਾ ਕਰਨ ਅਤੇ ਰਹਿਣ ਲਈ ਮਕਾਨ ਬਣਾਉਣ ਲਈ ਦਰੱਖਤਾਂ ਦੀ ਕਟਾਈ ਲਗਾਤਾਰ ਬੇਰਹਿਮੀ ਨਾਲ ਹੋ ਰਹੀ ਹੈ, ਜੋ ਵਾਤਾਵਰਣ ਪ੍ਰਦੂਸ਼ਣ ਲਈ ਸਭ ਤੋ ਵੱਧ ਜ਼ਿੰਮੇਵਾਰ ਹੈ। ਮੋਟਰ ਵਾਹਨਾਂ ਨੇ ਜਿੱਥੇ ਮਨੁੱਖੀ ਜੀਵਨ ਨੂੰ ਤੇਜ਼ ਬਣਾਇਆ ਅਤੇ ਅਨੇਕਾਂ ਸਹੂਲਤਾਂ ਪ੍ਰਦਾਨ ਕੀਤੀਆਂ, ਉੱਥੇ ਇਨ੍ਹਾਂ ਦੇ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਕਾਰਨ ਅਨੇਕਾਂ ਜਾਨਲੇਵਾ ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਵੱਧਦੇ ਸ਼ਹਿਰੀਕਰਨ ਦੇ ਕਾਰਨ ਫਾਲਤੂ ਕੂੜਾ ਕਰਕਟ, ਗੰਦਗੀ, ਪਲਾਸਟਿਕ ਪਦਾਰਥ ਅਤੇ ਵਿਸ਼ੇਸ਼ ਤੌਰ 'ਤੇ ਪਾਲੀਥੀਨ ਬੈਗ ਦੇ ਢੇਰ ਜੋ ਜਲਦ ਨਸ਼ਟ ਨਹੀਂ ਹੁੰਦੇ, ਵਾਤਾਵਰਨ ਪ੍ਰਦੂਸ਼ਿਤ ਕਰਨ 'ਚ ਸਭ ਤੋਂ ਅੱਗੇ ਹਨ। ਏਅਰ ਕੰਡੀਸ਼ਨ ਚਲਾਉਣ ਤੇ ਨਿਕਲਣ ਵਾਲੀ ਕਲੋਰੋ ਫਲੋਰੋ ਕਾਰਬਨ ਗੈਸ , ਜ਼ੋਨ ਪਰਤ ਨੂੰ ਪਤਲਾ ਕਰਨ ਵਿਚ ਸਭ ਤੋਂ ਵੱਡਾ ਰੋਲ ਅਦਾ ਕਰ ਰਹੀ ਹੈ। ਜ਼ੋਨ ਪਰਤ ਦੇ ਪਤਲਾ ਹੋਣ ਦੇ ਕਾਰਨ ਮਨੁੱਖੀ ਜੀਵਨ ਦੀ ਅਰੋਗਤਾ ਨੂੰ ਇੱਕ ਬਹੁਤ ਵੱਡਾ ਝਟਕਾ ਲੱਗ ਰਿਹਾ ਹੈ ਅਤੇ ਅਨੇਕਾਂ ਲਾਇਲਾਜ ਬਿਮਾਰੀਆਂ ਪੈਦਾ ਹੋ ਰਹੀਆਂ ਹਨ।

ਧਾਰਮਿਕ ਸਥਾਨਾਂ 'ਤੇ ਲੱਗੇ ਵੱਡੇ ਸਪੀਕਰ, ਖੁਸ਼ੀ ਦੇ ਮੌਕੇ ਉੱਚੀ ਆਵਾਜ਼ 'ਚ ਚਲਦੇ ਡੀ। ਜੇ ਸਿਸਟਮ, ਘਰਾ ਵਿੱਚ ਉੱਚੀ ਅਵਾਜ਼ ਵਿੱਚ ਚਲਦੇ ਟੈਲੀਵਿਜ਼ਨ ਅਤੇ ਮਿਊਜ਼ਿਕ ਸਿਸਟਮ ਅਤੇ ਮੋਟਰਸਾਇਕਲਾਂ 'ਤੇ ਲੱਗੇ ਪ੍ਰੈਸ਼ਰ ਹਾਰਨ ਦੇ ਕਾਰਨ ਜਿੱਥੇ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਉੱਥੇ ਅਨੇਕਾਂ ਸਰੀਰਕ ਅਤੇ ਮਾਨਸਿਕ ਰੋਗ ਉਤਪੰਨ ਹੋ ਰਹੇ ਹਨ। ਜਿਨ੍ਹਾਂ 'ਚ ਸਿਰਦਰਦ, ਤਣਾਅ, ਸੁਨਣ ਸ਼ਕਤੀ ਦਾ ਵਿਗੜਨਾ, ਨੀਂਦ ਨਾ ਆਉਣ ਦੀ ਬਿਮਾਰੀ ਆਦਿ ਪ੍ਰਮੁੱਖ ਹਨ। ਪੜ੍ਹਾਈ ਕਰਦੇ ਬੱਚਿਆਂ, ਬਿਮਾਰ ਲੋਕਾਂ ਅਤੇ ਬਜ਼ੁਰਗਾਂ ਲਈ ਤਾ ਆਵਾਜ਼ ਪ੍ਰਦੂਸ਼ਣ ਬੇਹੱਦ ਨੁਕਸਾਨਦਾਇਕ ਸਾਬਿਤ ਹੋ ਰਿਹਾ ਹੈ।

ਅੱਜ ਸਾਡੇ ਵਾਤਾਵਰਣ ਸਬੰਧੀ ਖਤਰੇ ਦੀ ਘੰਟੀ ਵੱਜ ਚੁੱਕੀ ਹੈ ਪਰ ਅਜੇ ਵੀ ਸਮਾਂ ਹੈ ਕਿ ਅਸੀਂ ਵਾਤਾਵਰਣ ਜਿਸ 'ਚ ਰਹਿੰਦੇ ਹਾ, ਉਸ ਨੂੰ ਸੰਭਾਲੀਏ। ਜ਼ਿਆਦਾ ਤੋ ਜ਼ਿਆਦਾ ਦਰਖ਼ਤ ਲਗਾਏ ਜਾਣ, ਪਾਲਿਥੀਨ ਬੈਗ ਦਾ ਪ੍ਰਯੋਗ ਨਾ ਹੋਵੇ, ਮੋਟਰ ਗੱਡੀਆਂ 'ਤੇ ਵਿਸ਼ੇਸ਼ ਕਿਸਮ ਦੇ ਸਾਈਲੈਂਸਰ ਲਗਾਏ ਜਾਣ, ਲੈੱਡ ਰਹਿਤ ਪੈਟਰੋਲ ਦੀ ਵਰਤੋਂ ਕੀਤੀ ਜਾਵੇ, ਕਾਰਖਨਿਆ 'ਚ ਵਿਸ਼ੇਸ਼ ਕਿਸਮ ਦੀਆਂ ਚਿਮਨੀਆ ਲੱਗਣ। ਵਾਤਾਵਰਣ ਦੀ ਸੰਭਾਲ ਸਬੰਧੀ ਕਾਨੂੰਨ ਤਾਂ ਸਾਡੇ ਦੇਸ਼ ਵਿੱਚ ਬਹੁਤ ਹਨ ਪਰ ਇਨ੍ਹਾਂ ਕਾਨੂੰਨਾਂ ਦਾ ਲਾਭ ਤਾਂ ਹੀ ਹੈ, ਜੇ ਸਖ਼ਤੀ ਅਤੇ ਇਮਾਨਦਾਰੀ ਨਾਲ ਵੋਟਾਂ ਦੀ ਦਲਗਤ ਰਾਜਨੀਤੀ ਅਤੇ ਭਾਈ ਭਤੀਜਾਵਾਦ ਤੋਂ ਉਪਰ ਉੱਠ ਕੇ ਲਾਗੂ ਕੀਤੇ ਜਾਣ। ਚੀਨੀ ਕਹਾਵਤ ਅਨੁਸਾਰ ਜੇ ਤੁਸੀਂ ਵਾਤਾਵਰਨ ਸਬੰਧੀ ਇਕ ਦਿਨ ਦੀ ਯੋਜਨਾ ਬਣਾ ਰਹੇ ਹੋ ਤਾਂ ਚਾਵਲ ਉਗਾ ਦਿ , ਜੇ 10 ਸਾਲ ਦੀ ਯੋਜਨਾ ਬਣਾ ਰਹੇ ਹੋ ਤਾਂ ਦਰੱਖਤ ਲਗਾ ਦਿਉ, ਜੇ 100 ਸਾਲ ਦੀ ਯੋਜਨਾ ਬਣਾ ਰਹੇ ਹੋ ਤਾਂ ਸਿੱਖਿਆ ਦਾ ਪ੍ਰਸਾਰ ਕਰੋ। ਸਮੇਂ ਦੀ ਜ਼ਰੂਰਤ ਅਨੁਸਾਰ ਸਿੱਖਿਆ ਦੇ ਪਾਠਕ੍ਰਮ 'ਚ ਵਾਤਾਵਰਨ ਨੂੰ ਵਿਸ਼ੇਸ਼ ਸਥਾਨ ਦਿੱਤਾ ਜਾਵੇ।

# 'ਪੜ੍ਹੇ ਬਿਨਾਂ ਪਾਸ ਕਰੋ ਬਿਲ' ਲੋਕਤੰਤਰ ਕਿ ਭੀੜਤੰਤਰ



ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਨੂੰ ਲੈ ਕੇ ਪੰਜਾਬ ਦੀ ਸਿਆਸਤ 'ਚ ਛਿੜਿਆ ਵਿਵਾਦ ਹੁਣ ਸਿਰਫ਼ ਇਕ ਬਿੱਲ ਦਾ ਵਿਵਾਦ ਨਹੀਂ ਰਿਹਾ। ਇਸ ਨੇ ਵਿਧਾਨ ਸਭਾ ਦੀ ਭਰੋਸੇਯੋਗਤਾ, ਕੈਬਨਿਟ ਦੀ ਕਾਰਜਪ੍ਰਣਾਲੀ ਅਤੇ ਲੋਕਤੰਤਰੀ ਪ੍ਰਕਿਰਿਆ ਦੀ ਗੰਭੀਰਤਾ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਜਦੋਂ ਸੱਤਾਧਾਰੀ ਪਾਰਟੀ ਦੇ ਹੀ ਵਿਧਾਇਕ ਇਹ ਮੰਨਣ ਲੱਗ ਪੈਣ ਕਿ ਉਨ੍ਹਾਂ ਨੇ ਬਿੱਲ ਪੜ੍ਹਿਆ ਹੀ ਨਹੀਂ ਸੀ, ਤਾਂ ਇਹ ਕਿਸੇ ਇਕ ਵਿਅਕਤੀ ਦੀ ਭੁੱਲ ਨਹੀਂ, ਸਗੋਂ ਪੂਰੇ ਪ੍ਰਬੰਧ ਦੀ ਨਾਕਾਮੀ ਦਾ ਸਬੂਤ ਹੈ। ਸਵਾਲ ਇਹ ਨਹੀਂ ਕਿ ਬਿੱਲ ਚੰਗਾ ਸੀ ਜਾਂ ਮਾੜਾ; ਸਵਾਲ ਇਹ ਹੈ ਕਿ ਕੀ ਕਾਨੂੰਨ ਇਸੇ ਤਰ੍ਹਾਂ ਬਣਦੇ ਹਨ? ਵਿਧਾਨ ਸਭਾ ਲੋਕਤੰਤਰ ਦਾ ਮੰਦਿਰ ਕਹੀ ਜਾਂਦੀ ਹੈ ਪਰ ਜੇ ਉਸੇ ਮੰਦਰ 'ਚ ਸ਼ਰਧਾ ਦੀ ਥਾਂ ਕਾਹਲੀ, ਵਿਚਾਰ ਦੀ ਥਾਂ ਰਸਮੀ ਕਾਰਵਾਈ ਅਤੇ ਬਹਿਸ ਦੀ ਥਾਂ ਸਿਰਫ਼ ਬਹੁਮਤ ਦੀ ਗਿਣਤੀ ਰਹਿ ਜਾਵੇ, ਤਾਂ ਫਿਰ ਉਹ ਲੋਕਤੰਤਰ ਨਹੀਂ, ਸਿਰਫ਼ ਸੱਤਾ ਦਾ ਪ੍ਰਦਰਸ਼ਨ ਰਹਿ ਜਾਂਦਾ ਹੈ।

ਕਾਨੂੰਨ ਕਾਗਜ਼ ਦੇ ਕੁਝ ਸਫ਼ੇ ਨਹੀਂ ਹੁੰਦੇ। ਉਨ੍ਹਾਂ ਦੀ ਹਰ ਲਾਈਨ ਨਾਗਰਿਕਾਂ ਦੇ ਹੱਕਾਂ, ਫ਼ਰਜ਼ਾਂ ਅਤੇ ਭਵਿੱਖ ਨੂੰ ਪ੍ਰਭਾਵਿਤ ਕਰਦੀ ਹੈ। ਅਜਿਹੇ ਦਸਤਾਵੇਜ਼ ਜੇ ਵਿਧਾਇਕਾਂ ਨੂੰ ਸਦਨ 'ਚ ਦਾਖ਼ਲ ਹੋਣ ਤੋਂ ਕੁਝ ਮਿੰਟ ਪਹਿਲਾਂ ਫੜਾ ਦਿੱਤੇ ਜਾਣ, ਤਾਂ ਇਹ ਵਿਧਾਇਕਾਂ ਦਾ ਨਹੀਂ, ਲੋਕਾਂ ਦੇ ਭਰੋਸੇ ਦਾ ਅਪਮਾਨ ਹੈ। ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਚਰਚਾ ਸਿਰਫ਼ ਵਿਧਾਇਕਾਂ ਤੱਕ ਸੀਮਤ ਨਹੀਂ ਰਹੀ। ਇਹ ਵੀ ਸਾਹਮਣੇ ਆਇਆ ਕਿ ਕਈ ਵਾਰ ਕੈਬਨਿਟ ਮੰਤਰੀਆਂ ਨੂੰ ਵੀ ਬਿੱਲਾਂ ਦੀਆਂ ਕਾਪੀਆਂ ਸਮੇਂ ਸਿਰ ਨਹੀਂ ਮਿਲਦੀਆਂ। ਜੇ ਮੰਤਰੀ, ਜੋ ਖ਼ੁਦ ਸਰਕਾਰ ਦਾ ਹਿੱਸਾ ਹਨ ਪੂਰਾ ਖਰੜਾ ਪੜ੍ਹਨ ਦਾ ਮੌਕਾ ਨਹੀਂ ਲੈਂਦੇ ਜਾਂ ਉਨ੍ਹਾਂ ਨੂੰ ਦਿੱਤਾ ਹੀ ਨਹੀਂ ਜਾਂਦਾ, ਤਾਂ ਫਿਰ ਕੈਬਨਿਟ ਦੀ ਸਮੂਹਿਕ ਜ਼ਿੰਮੇਵਾਰੀ ਦਾ ਸਿਧਾਂਤ ਕਿੱਥੇ ਖੜ੍ਹਾ ਰਹਿ ਜਾਂਦਾ ਹੈ? ਕੀ ਮੰਤਰੀ ਸਿਰਫ਼ ਹੱਥ ਉੱਤੇ ਕਰਨ ਲਈ ਹਨ ਜਾਂ ਫ਼ੈਸਲੇ ਕਰਨ ਲਈ ਵੀ? ਇਸ ਤੋਂ ਵੀ ਵੱਡਾ ਸਵਾਲ ਵਿਧਾਇਕਾਂ ਦੀ ਭੂਮਿਕਾ ਉੱਤੇ ਹੈ। ਜੇ ਕਿਸੇ ਨੇ ਬਿੱਲ ਪੜ੍ਹਿਆ ਨਹੀਂ ਸੀ, ਤਾਂ ਉਸ ਦੇ ਹੱਕ 'ਚ ਵੋਟ ਕਿਉਂ ਪਾਈ? ਕੀ ਪਾਰਟੀ ਦਾ ਹੁਕਮ ਸੰਵਿਧਾਨਕ ਜ਼ਿੰਮੇਵਾਰੀ ਤੋਂ ਵੀ ਉੱਪਰ ਹੋ ਗਿਆ ਹੈ? ਲੋਕ ਵਿਧਾਇਕ ਨੂੰ ਆਪਣੀ ਸੋਚ ਅਤੇ ਆਪਣੇ ਵਿਵੇਕ ਨਾਲ ਫ਼ੈਸਲੇ ਕਰਨ ਲਈ ਚੁਣਦੇ ਹਨ, ਨਾ ਕਿ ਅੱਖਾਂ ਮੀਟ ਕੇ ਪਾਰਟੀ ਦੇ ਇਸ਼ਾਰੇ 'ਤੇ ਬਟਨ ਦੱਬਣ ਲਈ। ਜੇ ਵਿਧਾਇਕਾਂ ਦੀ ਭੂਮਿਕਾ ਸਿਰਫ਼ ਗਿਣਤੀ ਪੂਰੀ ਕਰਨ ਤੱਕ ਸੀਮਤ ਹੋ ਗਈ, ਤਾਂ ਵਿਧਾਨ ਸਭਾ ਅਤੇ ਰਾਜਨੀਤਕ ਰੈਲੀ 'ਚ ਫ਼ਰਕ ਹੀ ਕੀ ਰਹਿ ਜਾਵੇਗਾ? ਦੁੱਖ ਦੀ ਗੱਲ ਇਹ ਹੈ ਕਿ ਇਹ ਬਿਮਾਰੀ ਕਿਸੇ ਇਕ ਸਰਕਾਰ ਦੀ ਨਹੀਂ। ਪਿਛਲੀਆਂ ਸਰਕਾਰਾਂ ਨੇ ਵੀ ਬਿੱਲਾਂ ਨੂੰ ਕਾਹਲੀ 'ਚ ਪਾਸ ਕਰਵਾਉਣ ਦੀ ਰਵਾਇਤ ਬਣਾਈ ਅਤੇ ਮੌਜੂਦਾ ਸਰਕਾਰ ਵੀ ਉਸੇ ਰਾਹ 'ਤੇ ਤੁਰਦੀ ਦਿਖਾਈ ਦੇ ਰਹੀ ਹੈ। ਵਿਰੋਧ 'ਚ ਰਹਿ ਕੇ ਜਿਸ ਤਰੀਕੇ ਨੂੰ ਲੋਕਤੰਤਰ ਦਾ ਕਤਲ ਕਿਹਾ ਜਾਂਦਾ ਹੈ, ਸੱਤਾ 'ਚ ਆ ਕੇ ਉਸੇ ਨੂੰ ਪ੍ਰਸ਼ਾਸਨਿਕ ਕੁਸ਼ਲਤਾ ਦਾ ਨਾਮ ਦੇ ਦਿੱਤਾ ਜਾਂਦਾ ਹੈ। ਇਹ ਦੋਹਰਾ ਮਾਪਦੰਡ ਹੀ ਲੋਕਾਂ ਦਾ ਰਾਜਨੀਤੀ ਤੋਂ ਵਿਸ਼ਵਾਸ ਤੋੜਦਾ ਹੈ। ਇਸ ਰਵਾਇਤ ਨੂੰ ਤੁਰੰਤ ਬਦਲਣ ਦੀ ਲੋੜ ਹੈ। ਹਰ ਬਿੱਲ ਵਿਧਾਇਕਾਂ ਅਤੇ ਮੰਤਰੀਆਂ ਨੂੰ ਘੱਟੋ-ਘੱਟ ਸੱਤ ਦਿਨ ਪਹਿਲਾਂ ਦੇਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੋਣਾ ਚਾਹੀਦਾ ਹੈ। ਮਹੱਤਵਪੂਰਨ ਬਿੱਲਾਂ ਨੂੰ ਚੋਣਵੀਂ ਕਮੇਟੀਆਂ ਕੋਲ ਭੇਜਿਆ ਜਾਵੇ, ਜਿੱਥੇ ਕਾਨੂੰਨੀ ਮਾਹਿਰਾਂ, ਸਮਾਜਿਕ ਸੰਸਥਾਵਾਂ ਅਤੇ ਪ੍ਰਭਾਵਿਤ ਧਿਰਾਂ ਦੀ ਰਾਇ ਲਈ ਜਾਵੇ। ਵਿਧਾਨ ਸਭਾ ਦੇ ਨਿਯਮਾਂ 'ਚ ਇਹ ਵੀ ਜੋੜਿਆ ਜਾਣਾ ਚਾਹੀਦਾ ਹੈ ਕਿ ਬਿਨਾਂ ਨਿਰਧਾਰਤ ਘੱਟੋ-ਘੱਟ ਚਰਚਾ ਸਮੇਂ ਦੇ ਕੋਈ ਵੀ ਬਿਲ ਪਾਸ ਨਾ ਹੋ ਸਕੇ। ਇਸ ਤੋਂ ਇਲਾਵਾ, ਹਰ ਵਿਧਾਇਕ ਦੇ ਵੋਟ ਨਾਲ ਇਹ ਜ਼ਿੰਮੇਵਾਰੀ ਵੀ ਦਰਜ ਹੋਵੇ ਕਿ ਉਸ ਨੇ ਬਿੱਲ ਪੜ੍ਹਿਆ ਹੈ ਅਤੇ ਉਸ ਦੀਆਂ ਧਾਰਾਵਾਂ ਨੂੰ ਸਮਝਿਆ ਹੈ। ਜ਼ਿੰਮੇਵਾਰੀ ਤੋਂ ਬਿਨਾਂ ਅਧਿਕਾਰ, ਲੋਕਤੰਤਰ ਨੂੰ ਖੋਖਲਾ ਕਰ ਦਿੰਦੇ ਹਨ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਨੇ ਇਕ ਕੌੜਾ ਸੱਚ ਸਾਹਮਣੇ ਲਿਆ ਦਿੱਤਾ ਹੈ।

ਪੰਜਾਬ 'ਚ ਅੱਜ ਅਸਲ ਸੰਕਟ ਕਿਸੇ ਇੱਕ ਬਿੱਲ ਦਾ ਨਹੀਂ, ਸਗੋਂ ਕਾਨੂੰਨ ਬਣਾਉਣ ਦੀ ਉਸ ਪ੍ਰਕਿਰਿਆ ਦਾ ਹੈ, ਜੋ ਦਿਨੋਂ-ਦਿਨ ਰਸਮੀ ਅਤੇ ਜਲਦਬਾਜ਼ੀ ਵਾਲੀ ਬਣਦੀ ਜਾ ਰਹੀ ਹੈ। ਲੋਕਤੰਤਰ 'ਚ ਕਾਨੂੰਨ ਬਹੁਮਤ ਨਾਲ ਜ਼ਰੂਰ ਬਣਦੇ ਹਨ ਪਰ ਉਨ੍ਹਾਂ ਦੀ ਨੀਂਹ ਵਿਚਾਰ, ਬਹਿਸ ਅਤੇ ਜਵਾਬਦੇਹੀ ਉੱਤੇ ਟਿਕੀ ਹੁੰਦੀ ਹੈ। ਜੇ ਇਹ ਤਿੰਨੋਂ ਹੀ ਗਾਇਬ ਹੋ ਜਾਣ, ਤਾਂ ਵਿਧਾਨ ਸਭਾ ਕਾਨੂੰਨ ਨਹੀਂ ਬਣਾਉਂਦੀ, ਉਹ ਸਿਰਫ਼ ਕਾਗਜ਼ਾਂ ਉੱਤੇ ਮੋਹਰਾਂ ਲਗਾਉਂਦੀ ਹੈ ਅਤੇ ਜਿਹੜਾ ਲੋਕਤੰਤਰ ਪੜ੍ਹੇ ਬਿਨਾਂ ਕਾਨੂੰਨ ਬਣਾਉਣ ਲੱਗ ਪਏ, ਉਸ ਨੂੰ ਆਪਣੇ ਭਵਿੱਖ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

# ਬੱਚਿਆਂ ਲਈ ਕਾਲ ਬਣੇ ਖੁੱਲ੍ਹੇ ਛੱਡੇ ਬੋਰਵੈੱਲ

**ਗੋਪਾਲ ਸਿੰਘ ਸਿੱਧੂ**

ਇਹ ਹੋਣੀ ਸੀ, ਇਸ ਨੂੰ ਰੋਕਿਆ ਨਹੀਂ ਜਾ ਸਕਦਾ ਸੀ। ਕਿਸੇ ਤ੍ਰਾਸਦੀ ਮਗਰੋਂ ਮਨ ਪਰਚਾਵੇ ਲਈ ਅਕਸਰ ਇਹੀ ਸ਼ਬਦ ਬਚਦੇ ਹਨ। ਇਸ ਤੋਂ ਇਲਾਵਾ ਇਕ ਹੋਰ ਸ਼ਬਦ ਹੈ, ਜੋ ਪਿੱਛੇ ਰਹਿ ਜਾਂਦਾ ਹੈ। ਉਹ ਹੈ 'ਜੇ' (ਅਫ਼ਸੋਸ)। ਕੋਈ ਵੱਡਾ ਨੁਕਸਾਨ ਹੋਣ ਮਗਰੋਂ ਅਸੀਂ ਅਕਸਰ ਆਖਦੇ ਹਾਂ 'ਜੇ ਇੰਝ ਕਰ ਲੈਂਦੇ, ਜੇ ਉਂਝ ਕਰ ਲੈਂਜੇ, ਜੇ ਇੰਝ ਨਾ ਹੁੰਦਾ, ਜੇ ਮੈਂ ਉੱਥੇ ਨਾ ਗਿਆ ਹੁੰਦਾ, ਜੇ ਉਹ ਉੱਥੇ ਨਾ ਹੁੰਦਾ, ਆਦਿ।' ਮਨੋਵਿਗਿਆਨ ਇਸ 'ਜੇ' ਸ਼ਬਦ ਨੂੰ ਖਾਰਜ ਕਰਦਾ ਹੈ। ਮਨੋਵਿਗਿਆਨੀ ਆਖਦੇ ਹਨ ਕਿ ਤੁਹਾਡੇ ਚੁੱਕੇ ਕਦਮਾਂ ਦਾ ਹੀ ਨਤੀਜਾ ਤੁਹਾਨੂੰ ਮਿਲਦਾ ਹੈ ਜਾਂ ਕਈ ਵਾਰ ਭੁਗਤਣਾ ਪੈਂਦਾ ਹੈ। ਹਾਲ ਹੀ 'ਚ ਅੰਬਾਲਾ ਦੇ ਚਾਰ ਸਾਲਾ ਨਿਰਵੈਰ ਸਿੰਘ ਦੀ ਬੋਰਵੈੱਲ 'ਚ ਡਿੱਗਣ ਕਾਰਨ ਮੌਤ ਨਾ ਹੁੰਦੀ ਜੇ ਅਸੀਂ 'ਕੁਝ' ਠੀਕ ਕੀਤਾ ਹੁੰਦਾ। ਇੱਥੇ ਵੀ 'ਜੇ' ਹੀ ਬਚਿਆ ਹੈ। ਇਸ 'ਜੇ' ਤੋਂ ਮੁਕਤੀ ਉਦੋਂ ਹੀ ਮਿਲ ਸਕਦੀ ਹੈ, ਜਦੋਂ 'ਕੁਝ' ਨੂੰ ਠੀਕ ਕੀਤਾ ਜਾਵੇਗਾ। ਭਾਵੇਂ ਸਾਡੇ ਹੱਥ ਸਭ ਕੁਝ ਨਹੀਂ, ਪਰ 'ਕੁਝ' ਤਾਂ ਹੈ। 'ਜੇ' ਸ਼ਬਦ ਤੋਂ ਬਚਣ ਲਈ ਇਸ 'ਕੁਝ' ਨੂੰ ਹੀ ਸਹੀ ਦਿਸ਼ਾ ਦਿਖਾਉਣੀ ਪਵੇਗੀ। ਭਾਰਤ 'ਚ ਖੁੱਲ੍ਹੇ ਛੱਡੇ ਗਏ ਬੋਰਵੈੱਲਾਂ 'ਚ ਬੱਚਿਆਂ ਦੇ ਡਿੱਗਣ ਦਾ ਸਿਲਸਿਲਾ ਪਿਛਲੇ ਦੋ-ਤਿੰਨ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਵਧਿਆ ਹੈ। ਸਾਲ 1980 ਦੇ ਦਹਾਕੇ ਮਗਰੋਂ ਦੇਸ਼ 'ਚ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣਾ ਸ਼ੁਰੂ ਹੋ ਗਿਆ। ਟਿਊਬਵੈੱਲ ਅਤੇ ਬੋਰਵੈੱਲ ਪੁੱਟਣ ਦੀ ਹੋੜ ਲੱਗ ਗਈ। ਅਜੋਕੇ ਸਮੇਂ 'ਚ ਇਹ ਹੋੜ ਲੋੜ 'ਚ ਤਬਦੀਲ ਹੋ ਗਈ ਹੈ। ਇਨ੍ਹਾਂ ਬੋਰਵੈੱਲਾਂ ਨੂੰ ਖੁੱਲ੍ਹਾ ਛੱਡਣ ਦੀ ਲਾਪਰਵਾਹੀ ਹੀ ਇਨ੍ਹਾਂ ਨੂੰ ਮੌਤ ਦਾ ਖੂਹ ਬਣਾ ਦਿੰਦੀ ਹੈ। ਬੋਰਵੈੱਲ ਹਾਦਸਿਆਂ ਦਾ ਸ਼ਿਕਾਰ ਹੋਏ ਮਾਸੂਮਾਂ ਦਾ ਕੋਈ ਸਰਕਾਰੀ ਅੰਕੜਾ ਤਾਂ ਨਹੀਂ ਹੈ ਪਰ ਭਾਰਤ 'ਚ ਔਸਤਨ ਸਾਲਾਨਾ 40 ਤੋਂ 50 ਬੱਚੇ ਖੁੱਲ੍ਹੇ ਬੋਰਵੈੱਲਾਂ 'ਚ ਡਿੱਗਦੇ ਹਨ। ਇਨ੍ਹਾਂ 'ਚੋਂ ਕੇਵਲ 20 ਫ਼ੀਸਦੀ ਮਾਮਲਿਆਂ 'ਚ ਹੀ ਮਾਸੂਮਾਂ ਦੀਆਂ ਜਾਨਾਂ ਬਚਾਈਆਂ ਜਾਂਦੀਆਂ ਹਨ। ਜ਼ਿਆਦਾਤਰ ਮਾਮਲਿਆਂ 'ਚ ਮਾਸੂਮਾਂ ਦੀ ਮੌਤ ਦਮ ਘੁਟਣ, ਸੱਟਾਂ ਲੱਗਣ ਜਾਂ ਬਚਾਅ ਕਾਰਜਾਂ 'ਚ ਦੇਰੀ ਹੋਣ ਕਾਰਨ ਹੋ ਜਾਂਦੀ ਹੈ।



ਅਜਿਹੇ ਮਾਮਲਿਆਂ 'ਚ ਐੱਨਡੀਆਰਐੱਫ ਦੀਆਂ ਟੀਮਾਂ ਨੂੰ ਬੁਲਾਇਆ ਜਾਂਦਾ ਹੈ। ਐੱਨਡੀਆਰਐੱਫ ਦੀਆਂ ਟੀਮਾਂ ਖ਼ੁਦ ਮੰਨਦੀਆਂ ਹਨ ਕਿ ਬੱਚਿਆਂ ਨੂੰ ਬੋਰਵੈੱਲਾਂ 'ਚੋਂ ਕੱਢਣ ਦੇ ਬਚਾਅ ਕਾਰਜ ਸਭ ਤੋਂ ਗੁੰਝਲਦਾਰ ਹੁੰਦੇ ਹਨ। ਅਜਿਹੇ ਮਾਮਲਿਆਂ 'ਚ ਸਫ਼ਲਤਾ ਦਰ ਬਹੁਤ ਘੱਟ ਹੁੰਦੀ ਹੈ। ਮਾਸੂਮਾਂ ਦੇ ਬੋਰਵੈੱਲਾਂ 'ਚ ਡਿੱਗਣ ਦਾ ਸਿਲਸਿਲਾ ਕੋਈ ਨਵਾਂ ਨਹੀਂ ਹੈ। ਇਹ ਦਹਾਕਿਆਂ ਤੋਂ ਹੀ ਚੱਲਦਾ ਆ ਰਿਹਾ ਹੈ। ਸਾਲ 2006 'ਚ ਹਰਿਆਣਾ ਦੇ ਕੁਰੂਕਸ਼ੇਤਰ ਦੇ ਹਲਕਾ ਹਲਦਹੇੜੀ 'ਚ 5 ਸਾਲਾ ਪ੍ਰਿੰਸ ਬੋਰਵੈੱਲ ਵਿੱਚ ਡਿੱਗਿਆ ਸੀ। ਉਸ ਨੂੰ ਲਗਭਗ 50 ਘੰਟਿਆਂ ਦੀ ਮੁਸ਼ੱਕਤ ਤੋਂ ਬਾਅਦ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਸੀ। ਇਹ ਭਾਰਤ ਦਾ ਪਹਿਲਾ ਅਜਿਹਾ ਹਾਦਸਾ ਸੀ, ਜਿਸ ਦਾ ਟੀਵੀ ਚੈਨਲਾਂ 'ਤੇ ਲਾਈਵ ਪ੍ਰਸਾਰਨ ਕੀਤਾ ਗਿਆ। ਸਾਲ 2019 'ਚ ਤਾਮਿਲਨਾਡੂ ਦੇ ਦੋ ਸਾਲਾ ਸੁਜੀਤ ਵਿਲਸਨ ਦੀ ਬੋਰਵੈੱਲ 'ਚ ਡਿੱਗਣ ਕਾਰਨ ਮੌਤ ਹੋ ਗਈ। 80 ਘੰਟਿਆਂ ਦੀ ਕੋਸ਼ਿਸ਼ ਨਾਕਾਮ ਰਹੀ। ਇਸੇ ਸਾਲ ਸੁਨਾਮ ਦਾ ਦੋ ਸਾਲਾ ਫਤਿਹਵੀਰ ਸਿੰਘ ਆਪਣੇ ਘਰ ਦੇ ਬਾਹਰ ਹੀ 150 ਫੁੱਟ ਡੂੰਘੇ ਬੋਰਵੈੱਲ ਵਿੱਚ ਡਿੱਗ ਗਿਆ। ਪੰਜ ਦਿਨਾਂ ਤੱਕ ਬਚਾਅ ਕਾਰਜ ਚੱਲਦਾ ਰਿਹਾ। ਮੁਸ਼ੱਕਤ ਤੋਂ ਬਾਅਦ ਪੰਜਵੇਂ ਦਿਨ ਉਸ ਦੀ ਲਾਸ਼ ਹੀ ਬਾਹਰ ਕੱਢੀ ਜਾ ਸਕੀ। ਇਸੇ ਤਰ੍ਹਾਂ ਹਾਲ ਹੀ ਦੀ ਦੁਖਦਾਈ ਘਟਨਾ ਅੰਬਾਲਾ ਵਿੱਚ ਚਾਰ ਸਾਲਾ ਨਿਰਵੈਰ ਸਿੰਘ ਦੀ ਮੌਤ ਦਰਸਾਉਂਦੀ ਹੈ ਕਿ 2006 ਤੋਂ ਲੈ ਕੇ ਹੁਣ ਤੱਕ ਸਥਿਤੀ 'ਚ ਕੋਈ ਵੱਡਾ ਸੁਧਾਰ ਨਹੀਂ ਹੋਇਆ। ਨਾ ਤਾਂ ਲੋਕ ਜਾਗਰੂਕ ਹੋਏ ਨਾ ਪ੍ਰਸ਼ਾਸਨ ਬਚਾਅ ਕਾਰਜਾਂ ਨੂੰ ਲੈ ਕੇ ਸਮਰੱਥ ਹੋਇਆ। ਚੇਤੇ ਰੱਖੋ, ਅਜਿਹੇ ਲਗਾਤਾਰ ਹੋ ਰਹੇ ਹਾਦਸਿਆਂ ਨੂੰ ਦੇਖਦੇ ਹੋਏ ਸਾਲ 2010 'ਚ ਭਾਰਤੀ ਸੁਪਰੀਮ ਕੋਰਟ ਨੇ ਬੋਰਵੈੱਲਾਂ ਸਬੰਧੀ ਸਖਤ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਬੋਰਵੈੱਲ ਪੁੱਟਣ ਤੋਂ 15 ਦਿਨ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ/ਸਰਪੰਚ ਨੂੰ ਲਿਖਤੀ ਸੂਚਨਾ ਦੇਣੀ ਜ਼ਰੂਰੀ ਹੁੰਦੀ ਹੈ। ਬੋਰਵੈੱਲ ਪੁੱਟਣ ਵਾਲੀ ਸਾਰੀ ਮਸ਼ੀਨਰੀ ਅਤੇ ਏਜੰਸੀ ਦਾ ਰਜਿਸਟਰਡ ਹੋਣਾ ਲਾਜ਼ਮੀ ਹੈ। ਬੋਰਵੈੱਲ ਦੇ ਆਲੇ-ਦੁਆਲੇ ਕੰਕਰੀਟ ਦੀ ਕੰਧ ਬਣਾਉਣੀ ਅਤੇ ਉਸ ਨੂੰ ਲੋਹੇ ਦੇ ਮਜ਼ਬੂਤ ਢੱਕਣ ਨਾਲ ਨਟ-ਬੋਲਟ ਲਗਾ ਕੇ ਬੰਦ ਕਰਨਾ ਲਾਜ਼ਮੀ ਹੈ। ਜਦੋਂ ਤੱਕ ਲਾਪਰਵਾਹੀ ਵਰਤਣ ਵਾਲਿਆਂ ਖ਼ਿਲਾਫ਼ ਸਖ਼ਤ ਮੁਕੱਦਮਾ ਦਰਜ ਕਰਕੇ ਮਿਸਾਲੀ ਸਜ਼ਾ ਨਹੀਂ ਦਿੱਤੀ ਜਾਂਦੀ, ਉਦੋਂ ਤੱਕ ਇਹ 'ਮੌਤ ਦੇ ਖੂਹ' ਬੰਦ ਨਹੀਂ ਹੋਣਗੇ।

ਹਮੇਸ਼ਾ ਬੋਰਵੈੱਲਾਂ ਨੂੰ ਕੰਕਰੀਟ ਜਾਂ ਮਿੱਟੀ ਪਾ ਕੇ ਹੀ ਬੰਦ ਕਰੀਏ। ਜੇ ਕਿਸੇ ਥਾਂ ਬੋਰਵੈੱਲ ਦਾ ਕੰਮ ਚੱਲ ਰਿਹਾ ਹੈ ਉੱਥੇ ਖ਼ਾਸ ਧਿਆਨ ਦੇਣਾ ਜ਼ਰੂਰੀ ਹੈ। ਖੁੱਲ੍ਹੇ ਬੋਰਵੈੱਲ, ਟਿਊਬਵੈੱਲ ਜਾਂ ਕਿਸੇ ਵੀ ਤਰ੍ਹਾਂ ਦੇ ਟੋਏ ਨੂੰ ਬੰਦ ਕਰਨਾ ਹਰ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

# ਪਰਦੇ ਪਿੱਛੇ ਦੀ ਕੂਟਨੀਤੀ ਅਤੇ ਅਮਨ ਦੇ ਨਵੇਂ ਰਾਹ

**ਨਿਰੂਪਮਾ ਸੁਬਰਾਮਨੀਅਮ**

ਪਿਛਲੇ ਕੁਝ ਹਫ਼ਤਿਆਂ ਤੋਂ ਮੀਡੀਆ ਦਾ ਧਿਆਨ ਭਾਰਤ ਅਤੇ ਪਾਕਿਸਤਾਨ ਦੇ ਵੱਖ-ਵੱਖ ਸਮੂਹਾਂ ਵਿਚਾਲੇ ਬੀਤੇ ਇੱਕ ਸਾਲ ਦੌਰਾਨ ਹੋਈਆਂ 'ਟਰੈਕ-2' ਮੀਟਿੰਗਾਂ 'ਤੇ ਕੇਂਦਰਿਤ ਰਿਹਾ ਹੈ। ਇਹ ਇੱਕ ਨਵਾਂ ਰੁਝਾਨ ਹੈ ਕਿਉਂਕਿ ਅਜਿਹੀਆਂ ਮੀਟਿੰਗਾਂ ਸਾਲ 2007 ਜਾਂ ਸ਼ਾਇਦ ਉਸ ਤੋਂ ਵੀ ਪਹਿਲਾਂ ਤੋਂ ਸਾਲ ਵਿੱਚ ਦੋ-ਤਿੰਨ ਵਾਰ ਲਗਾਤਾਰ ਹੁੰਦੀਆਂ ਆ ਰਹੀਆਂ ਹਨ। ਬੀਤੇ ਵਰ੍ਹਿਆਂ ਦੌਰਾਨ ਜਦੋਂ ਇਨ੍ਹਾਂ ਮੀਟਿੰਗਾਂ ਦੀ ਸਮਾਪਤੀ ਮਗਰੋਂ ਰਸਮੀ ਪ੍ਰੈੱਸ ਨੋਟ ਜਾਰੀ ਕੀਤੇ ਜਾਂਦੇ ਸਨ (ਜਿਨ੍ਹਾਂ ਵਿੱਚ ਸ਼ਾਮਲ ਹੋਣ ਵਾਲੀਆਂ ਸ਼ਖ਼ਸੀਅਤਾਂ ਦੇ ਨਾਂ ਅਤੇ ਦੋਵਾਂ ਹਕੂਮਤਾਂ ਲਈ ਸੁਝਾਅ ਦਰਜ ਹੁੰਦੇ ਸਨ), ਉਦੋਂ ਇਨ੍ਹਾਂ ਨੂੰ ਅਖ਼ਬਾਰਾਂ ਵਿੱਚ ਛਪਵਾਉਣਾ ਇੱਕ ਵੱਡੀ ਚੁਣੌਤੀ ਹੁੰਦਾ ਸੀ। ਉਸ ਦੌਰ ਵਿੱਚ ਨਿਊਜ਼ਰੂਮ ਦਾ ਫ਼ੈਸਲਾ ਇਹੀ ਹੁੰਦਾ ਸੀ ਕਿ ਆਖ਼ਰ ਇਹ 'ਟਰੈਕ-2 ਮਾਅਰਕਾ ਲੋਕ' ਕੌਣ ਹਨ ਅਤੇ ਇਹ ਇਹੋ ਜਿਹਾ ਦਿਖਾਵਾ ਕਿਉਂ ਕਰ ਰਹੇ ਹਨ ਜਿਵੇਂ ਇਹ ਕੋਈ ਵੱਡੀ ਤਬਦੀਲੀ ਲਿਆ ਸਕਦੇ ਹੋਣ?



ਇਹੀ ਕਾਰਨ ਹੈ ਕਿ ਇਨ੍ਹਾਂ ਗ਼ੈਰ-ਸਰਕਾਰੀ ਮੀਟਿੰਗਾਂ ਵਿੱਚ ਅਚਾਨਕ ਵਧੀ ਦਿਲਚਸਪੀ ਸਭ ਲਈ ਕਾਫ਼ੀ ਹੈਰਾਨੀਜਨਕ ਅਤੇ ਉਤਸੁਕਤਾ ਪੈਦਾ ਕਰਨ ਵਾਲੀ ਹੈ। ਸ਼ਾਇਦ ਇਸ ਦਾ ਕਾਰਨ ਭੂ-ਸਿਆਸੀ ਮੰਚ 'ਤੇ ਪਾਕਿਸਤਾਨ ਦੀ ਨਵੀਂ ਸਥਿਤੀ ਅਤੇ ਭਾਰਤ ਲਈ ਇਸ ਦੇ ਨਿਕਲਣ ਵਾਲੇ ਸਿੱਟਿਆਂ ਪ੍ਰਤੀ ਵਧੀ ਹੋਈ ਜਾਗਰੂਕਤਾ ਹੈ। ਪਾਕਿਸਤਾਨ ਦੇ 'ਅਸਲ ਸ਼ਾਸਕ' ਯਾਨੀ ਫੀਲਡ ਮਾਰਸ਼ਲ ਆਸਿਮ ਮੁਨੀਰ ਅਤੇ ਅਮ-ਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦਰਮਿਆਨ ਦਿ-ਖਾਈ ਦੇ ਰਹੇ ਗੂੜ੍ਹੇ ਸਬੰਧਾਂ ਨੇ ਯਕੀਨੀ ਤੌਰ 'ਤੇ ਭਾਰਤ-ਪਾਕਿਸਤਾਨ ਦੇ ਪਹਿਲਾਂ ਤੋਂ ਚੱਲੇ ਆ ਰਹੇ ਤਣਾਅਪੂਰਨ ਰਿਸ਼ਤਿਆਂ ਵਿੱਚ ਕਈ ਨਵੇਂ ਸਮੀਕਰਨ ਪੈਦਾ ਕੀਤੇ ਹਨ। ਕੋਲੰਬੋ ਵਿੱਚ ਹੋਈ ਕਥਿਤ 'ਟਰੈਕ-2' ਬੈਠਕ ਅਸਲ ਵਿੱਚ ਸਾਲਾਨਾ 'IISS-NESA ਟਰੈਕ 1.5 ਦੱਖਣੀ ਏਸ਼ੀਆ ਸੁਰੱਖਿਆ ਵਾਰਤਾ' ਦਾ 10ਵਾਂ ਗੇੜ ਸੀ, ਜੋ ਕਿ ਖ਼ਾਸ ਤੌਰ 'ਤੇ ਪਿਛਲੇ ਸਾਲ ਅਪਰੇਸ਼ਨ ਸਿੰਧੂਰ ਤੋਂ ਬਾਅਦ ਹੋਈ ਸੀ। ਇਨ੍ਹਾਂ ਬੈਠਕਾਂ ਦੇ ਅਚਾਨਕ ਜਨਤਕ ਹੋਣ ਪਿੱਛੇ ਸ਼ਾਇਦ ਕੁਝ ਖ਼ਾਸ ਹਲਕਿਆਂ ਦੀ ਲੁਕਵੀਂ ਮਨਸ਼ਾ ਹੋ ਸਕਦੀ ਹੈ। ਸ਼ਾਇਦ ਉਹ ਇਹ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਾਰੇ ਰਾਬਤੇ ਪੂਰੀ ਤਰ੍ਹਾਂ ਨਹੀਂ ਟੁੱਟੇ ਹਨ।

ਇਹ ਸਭ ਕੁਝ ਐਨ ਉਸੇ ਵੇਲੇ ਸਾਹਮਣੇ ਆ ਰਿਹਾ ਹੈ ਜਦੋਂ ਆਰ ਐੱਸ ਐੱਸ ਦੇ ਮੋਹਨ ਭਾਗਵਤ (ਸਰਸੰਘਚਾਲਕ), ਦੱਤਾਤਰੇਅ ਹੋਸਬਲੇ (ਜਨਰਲ ਸਕੱਤਰ) ਅਤੇ ਸੁਨੀਲ ਅੰਬੇਕਰ ਵੱਲੋਂ ਭਾਰਤ ਤੇ ਪਾਕਿਸਤਾਨ ਵਿਚਾਲੇ 'ਲੋਕ-ਪੱਧਰ' ਦੀ ਗੱਲਬਾਤ ਵਧਾਉਣ ਦੇ ਬਿਆਨ ਦਿੱਤੇ ਜਾ ਰਹੇ ਹਨ। ਅਜਿਹੇ ਵਿੱਚ ਇਹ ਸਵਾਲ ਉੱਠਣੇ ਸੁਭਾਵਿਕ ਹਨ ਕਿ ਕੀ ਇਹ ਸਾਰੀਆਂ ਕੜੀਆਂ ਆਪਸ ਵਿੱਚ ਜੁੜੀਆਂ ਹੋਈਆਂ ਹਨ? ਖ਼ਾਸ ਕਰਕੇ ਉਦੋਂ, ਜਦੋਂ ਪਾਕਿਸਤਾਨ ਲਈ ਭਾਰਤ ਦੇ ਬੂਹੇ ਖੁੱਲ੍ਹੇ ਰੱਖਣ ਦੀ ਵਕਾਲਤ ਕਰਨ ਵਾਲੇ ਹੋਸਬਲੇ (ਜੋ ਆਪਣੀ ਜਥੇਬੰਦੀ ਵਿੱਚੋਂ ਅਜਿਹਾ ਕਹਿਣ ਵਾਲੇ ਪਹਿਲੇ ਵਿਅਕਤੀ ਹਨ) ਨੇ ਇਹ ਟਿੱਪਣੀ ਆਪਣੇ ਅਮਰੀਕਾ ਦੌਰੇ ਤੋਂ ਫ਼ੌਰੀ ਬਾਅਦ ਕੀਤੀ, ਜਿੱਥੇ ਉਨ੍ਹਾਂ ਨੂੰ ਅਤੇ ਆਰ ਐੱਸ ਐੱਸ ਦੀ ਰਾਸ਼ਟਰੀ ਕਾਰਜਕਾਰਨੀ ਦੇ ਮੈਂਬਰ ਰਾਮ ਮਾਧਵ ਨੂੰ ਵਾਸ਼ਿੰਗਟਨ ਡੀ ਸੀ ਦੇ ਕੰਜ਼ਰਵੇਟਿਵ ਥਿੰਕ ਟੈਂਕ (ਸੱਜੇ-ਪੱਖੀ ਵਿਚਾਰ ਮੰਚ) ਵਿੱਚ ਭਾਸ਼ਣ ਦੇਣ ਲਈ ਸੱਦਿਆ ਗਿਆ ਸੀ।

ਸਭ ਤੋਂ ਪਹਿਲਾਂ ਕੁਝ ਪਰਿਭਾਸ਼ਾਵਾਂ ਨੂੰ ਸਮਝਣਾ ਜ਼ਰੂਰੀ ਹੈ। ਪੱਛਮੀ ਦੇਸ਼ਾਂ ਦੀ ਪਰਿਭਾਸ਼ਾ ਮੁਤਾਬਿਕ 'ਟਰੈਕ-2' ਦਾ ਮਤਲਬ ਦੋਵਾਂ ਪਾਸਿਆਂ ਦੇ ਅਜਿਹੇ ਪ੍ਰਭਾਵਸ਼ਾਲੀ ਗ਼ੈਰ-ਸਰਕਾਰੀ ਲੋਕਾਂ ਦੀ ਦੁਵੱਲੀ ਜਾਂ ਬਹੁ-ਪੱਖੀ ਬੈਠਕ ਹੁੰਦਾ ਹੈ, ਜੋ ਸਰਕਾਰ ਦਾ ਹਿੱਸਾ ਨਹੀਂ ਹੁੰਦੇ। 'ਟਰੈਕ-1' ਪੂਰੀ ਤਰ੍ਹਾਂ ਸਰਕਾਰੀ ਕੂਟਨੀਤੀ ਹੈ। 'ਟਰੈਕ 1.5' ਬੈਠਕਾਂ ਵਿੱਚ ਗ਼ੈਰ-ਸਰਕਾਰੀ ਮੈਂਬਰਾਂ ਦੇ ਨਾਲ ਉੱਚ ਅਧਿਕਾਰੀ ਵੀ ਸ਼ਾਮਿਲ ਹੁੰਦੇ ਹਨ। ਹਾਲਾਂਕਿ, ਭਾਰਤ ਵਿੱਚ ਅਕਸਰ ਟਰੈਕ 2 ਜਾਂ 1.5 ਨੂੰ ਗੁਪਤ ਜਾਂ ਬੈਕਚੈਨਲ (ਲੁਕਵੀਂ) ਕੂਟਨੀਤੀ ਸਮਝ ਕੇ ਆਪਸ ਵਿੱਚ ਰਲਗੱਡ ਕਰ ਦਿੱਤਾ ਜਾਂਦਾ ਹੈ। ਦਰਅਸਲ, ਬੈਕਚੈਨਲ ਕੂਟਨੀਤੀ ਬੇਹੱਦ ਗੁਪਤ ਅਤੇ ਉੱਚ-ਸਰਕਾਰੀ ਰਸਤਾ ਹੁੰਦਾ ਹੈ, ਜੋ ਆਮ ਤੌਰ 'ਤੇ ਦੁਵੱਲਾ ਹੁੰਦਾ ਹੈ। ਇਸ ਵਿੱਚ ਆਦਰਸ਼ਕ ਤੌਰ 'ਤੇ ਸਿਰਫ਼ ਦੋ ਹੀ ਵਾਰਤਾਕਾਰ (ਦੋਵਾਂ ਪਾਸਿਆਂ ਤੋਂ

**(ਬਾਕੀ ਅਗਲੇ ਸਫੇ 'ਤੇ)**

# ਕਰਜ਼ਿਆਂ ਅਤੇ ਸਬਸਿਡੀਆਂ ਦੇ ਜਾਲ 'ਚ ਫਸਿਆ ਪੰਜਾਬ



ਡਾ. ਕੇਸਰ ਸਿੰਘ ਭੰਗੂ

ਪੰਜਾਬ ਦੀ ਆਰਥਿਕਤਾ ਪਿਛਲੇ ਲੰਮੇ ਸਮੇਂ ਤੋਂ ਵਿੱਤੀ ਪ੍ਰਬੰਧਨ ਦੀਆਂ ਖਾਮੀਆਂ ਅਤੇ ਲਗਾਤਾਰ ਅਣਚਾਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਜੂਨ 2026 ਵਿੱਚ ਭਾਰਤ ਦੇ ਕੰਪਟਰੋਲਰ ਐਂਡ ਆਡਿਟਰ ਜਨਰਲ (ਕੈਗ) ਵੱਲੋਂ ਜਾਰੀ ਕੀਤੇ ਗਏ 28 ਸੂਬਿਆਂ ਦੇ ਵਿੱਤ ਸਬੰਧੀ ਸੂਬਿਆਂ ਦੇ 2024-25 ਦੇ ਬਜਟਾਂ ਦੇ ਅਧਿਐਨ ਅਨੁਸਾਰ ਦੇਸ਼ ਦੇ ਸਾਰੇ ਸੂਬੇ ਵਿੱਤੀ ਘਾਟੇ ਵਿੱਚ ਹਨ ਪਰ ਪੰਜਾਬ, ਦੇਸ਼ ਦੇ ਉਨ੍ਹਾਂ 18 ਸੂਬਿਆਂ ਵਿੱਚ ਸ਼ਾਮਲ ਹੈ ਜਿਹੜੇ ਵਿੱਤੀ ਪ੍ਰਬ-ਧਨ ਅਤੇ ਵੱਡੇ ਮਾਲੀਆ ਘਾਟੇ ਸਬੰਧੀ ਮੁਸ਼ਕਲਾਂ ਵਿੱਚ ਫਸੇ ਹੋਏ ਹਨ। ਕੈਗ ਦੀ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੇਸ਼ ਦੇ ਇਹ ਸਾਰੇ ਸੂਬੇ ਵੋਟਰਾਂ ਨੂੰ ਭਰਮਾਉਣ ਲਈ ਖ਼ਾਸ ਕਰਕੇ ਚੋਣਾਂ ਨੇੜਲੇ ਸਾਲਾਂ ਦੌਰਾਨ ਮੁਫ਼ਤ ਸਹੂਲਤਾਂ, ਬਗ਼ੈਰ ਵਿਕਾਸ ਯੋਜਨਾਵਾਂ ਤੋਂ ਰੈਲੀਆਂ ਵਿੱਚ ਵਿਕਾਸ ਕਾਰਜਾਂ ਦੇ ਨਾਮ 'ਤੇ ਚੈੱਕ ਵੰਡਣੇ, ਲੋਕ ਲੁਭਾਊ ਸਕੀਮਾਂ ਅਤੇ ਥੋਕ ਵਿੱਚ ਸਬਸਿਡੀਆਂ ਲਾਗੂ ਕਰਨ ਕਰਕੇ ਵਿੱਤੀ ਮੁਸ਼ਕਲਾਂ ਦਾ ਸਾਹ-ਮਣਾ ਕਰ ਰਹੇ ਹਨ। ਨਾਲ ਹੀ ਮਾਰਚ 2026 ਵਿੱਚ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀਆਂ ਗਈਆਂ ਪੰਜਾਬ ਸੰਬੰਧੀ ਕੈਗ ਦੀਆਂ ਵਿੱਤੀ ਆਡਿਟ ਰਿਪੋਰਟਾਂ ਨੇ ਇੱਕ ਵਾਰ ਫਿਰ ਇਹ ਸਪੱਸ਼ਟ ਕੀਤਾ ਹੈ ਕਿ ਪੰਜਾਬ ਵਿੱਤੀ ਹਾਲਤ ਦੇ ਹਿਸਾਬ ਨਾਲ ਦੇਸ਼ ਦੇ ਸਭ ਤੋਂ ਵੱਧ ਖ਼ਰਾਬ ਹਾਲਤ ਵਾਲੇ ਸੂਬਿਆਂ 'ਚ ਸ਼ਾਮਲ ਹੈ। ਸੂਬੇ ਦਾ ਲਗਾਤਾਰ ਵਧਦਾ ਕਰਜ਼ਾ, ਲਗਾਤਾਰ ਵਧਦਾ ਮਾਲੀਆ ਘਾਟਾ, ਵੱਡੀ ਮਾਤਰਾ ਵਿੱਚ ਵਿਆਜ ਅਤੇ ਮੂਲ ਦਾ ਭੁਗਤਾਨ ਅਤੇ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਵਿਕਾਸ ਲਈ ਉਪਲਬਧ ਵਿੱਤੀ ਸਰੋਤਾਂ ਨੂੰ ਬਹੁਤ ਵੱਡਾ ਖੋਰਾ ਲਾਇਆ ਹੈ। ਕੈਗ ਦੀ 2023-24 ਦੀ ਵਿੱਤੀ ਰਿਪੋਰਟ ਅਨੁਸਾਰ ਪੰਜਾਬ ਦਾ ਮਾਲੀਆ ਘਾਟਾ ਜਿਹੜਾ 2019-20 ਵਿੱਚ 14,285 ਕਰੋੜ ਰੁਪਏ ਸੀ, ਵਧ ਕੇ 2023-24 ਵਿੱਚ 28,215 ਕਰੋੜ ਰੁਪਏ ਹੋ ਗਿਆ। ਇਹ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 3.79 ਪ੍ਰਤੀਸ਼ਤ ਬਣਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਪੰਜਾਬ ਨੂੰ ਆਪਣੀਆਂ ਦਿਨ-ਪ੍ਰਤੀ-ਦਿਨ ਦੀਆਂ ਲੋੜਾਂ ਅਤੇ ਆਮ ਖਰਚਿਆਂ ਨੂੰ ਪੂਰਾ ਕਰਨ ਲਈ ਵੀ ਕਰਜ਼ਾ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸੇ ਤਰ੍ਹਾਂ ਸੂਬੇ ਦਾ ਵਿੱਤੀ ਘਾਟਾ ਜਿਹੜਾ 2023-24 ਵਿੱਚ 33,115 ਕਰੋੜ ਰੁਪਏ ਭਾਵ ਕੁੱਲ ਘਰੇਲੂ ਉਤਪਾਦ ਦੇ 4.45 ਫ਼ੀਸਦੀ ਤੱਕ ਪਹੁੰਚ ਗਿਆ ਸੀ। ਜਦੋਂ ਕਿ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ (FRBM) ਐਕਟ, 2003 ਦੇ ਮਾਪਦੰਡਾਂ ਅਨੁਸਾਰ ਵਿੱਤੀ ਘਾਟਾ ਆਮ ਤੌਰ 'ਤੇ 3 ਫ਼ੀਸਦੀ ਤੋਂ ਵੱਧ ਨਹੀਂ ਹੋਣਾ ਚਾਹੀਦਾ। ਕੈਗ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਦੀਆਂ ਕੁੱਲ ਦੇਣਦਾਰੀਆਂ ਕੁੱਲ ਘਰੇਲੂ ਉਤਪਾਦ ਦੇ 44.27 ਫ਼ੀਸਦੀ ਤੱਕ ਪਹੁੰਚ ਗਈਆਂ ਹਨ। ਰਿਪੋਰਟ ਅਨੁਸਾਰ 2023-24 ਵਿੱਚ ਸੂਬੇ ਦਾ ਕੁੱਲ ਕਰਜ਼ਾ ਅਤੇ ਹੋਰ ਦੇਣਦਾਰੀਆਂ ਲਗਪਗ 3.46 ਲੱਖ ਕਰੋੜ ਰੁਪਏ ਸਨ। ਜਿਹੜਾ ਕਿ ਹੁਣ ਵਧ ਕੇ 4 ਲੱਖ ਕਰੋੜ ਰੁਪਏ ਤੋਂ ਜ਼ਿਆਦਾ ਹੋ ਗਿਆ ਹੈ।

2024-25 ਦੇ ਬਜਟ ਵਿੱਚ ਪੰਜਾਬ ਸਰਕਾਰ ਨੇ ਮਾਲੀਆ ਘਾਟਾ 23,198 ਕਰੋੜ ਰੁਪਏ ਅਤੇ ਵਿੱਤੀ ਘਾਟਾ 30,465 ਕਰੋੜ ਰੁਪਏ ਰੱਖਣ ਦਾ ਟੀਚਾ ਨਿਰਧਾਰਿਤ ਕੀਤਾ ਸੀ। ਇਹ ਕ੍ਰਮਵਾਰ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 2.89 ਫ਼ੀਸਦੀ ਅਤੇ 3।8 ਫ਼ੀਸਦੀ ਦੇ ਬਰਾਬਰ ਸੀ। ਪਰ ਸਰਕਾਰ ਦਾ ਦਾਅਵਾ ਸੀ ਕਿ ਕਰ ਇਕੱਤਰਤਾ ਵਿੱਚ ਵਾਧਾ, ਆਬਕਾਰੀ ਆਮਦਨ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਦੀ ਗਤੀ ਨਾਲ ਵਿੱਤੀ ਹਾਲਤ ਸੁਧਰੇਗੀ। ਪਰ ਕੈਗ ਦੇ ਅੰਕੜੇ ਦੱਸਦੇ ਹਨ ਕਿ ਖਰਚੇ ਆਮਦਨ ਨਾਲੋਂ ਕਾਫ਼ੀ ਤੇਜ਼ੀ ਨਾਲ ਵਧ ਰਹੇ ਹਨ। 2023-24 ਵਿੱਚ ਸੂਬੇ ਦੀ ਕੁੱਲ ਮਾਲੀਆ ਪ੍ਰਾਪਤੀਆਂ 89,192 ਕਰੋੜ ਰੁਪਏ ਸਨ, ਜਦਕਿ ਮਾਲੀਆ ਖਰਚਾ 1,17,407 ਕਰੋੜ ਰੁਪਏ ਤੱਕ ਪਹੁੰਚ ਗਿਆ ਸੀ। ਇਹ ਸਥਿਤੀ ਸਪੱਸ਼ਟ ਦਰਸਾਉਂਦੀ ਹੈ ਕਿ ਬਜਟ ਵਿੱਚ ਕੀਤੇ ਦਾਅਵੇ ਵਿੱਤੀ ਸੁਧਾਰਾਂ ਦੇ ਟੀਚੇ ਅਸਲੀਅਤ ਵਿੱਚ ਪ੍ਰਾਪਤ ਕਰਨੇ ਬਹੁਤ ਮੁਸ਼ਕਲ ਸਨ। ਕੈਗ ਦੀ ਸੂਬੇ ਦੇ ਵਿੱਤ ਸਬੰਧੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਉਨ੍ਹਾਂ ਸੂਬਿਆਂ ਵਿੱਚੋਂ ਇੱਕ ਹੈ ਜਿੱਥੇ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ ਉਤੇ ਸਭ ਤੋਂ ਵੱਧ ਖਰਚ ਹੁੰਦਾ ਹੈ। 2024-25 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ 13.5 ਪ੍ਰਤੀਸ਼ਤ ਤੋਂ ਵੱਧ ਹਿੱਸਾ ਸਬਸਿਡੀਆਂ 'ਤੇ ਖਰਚ ਕੀਤਾ। 2023-24 ਵਿੱਚ ਇਕੱਲੀ ਬਿਜਲੀ ਸਬਸਿਡੀ 'ਤੇ ਹੀ ਲਗਪਗ 18,770 ਕਰੋੜ ਰੁਪਏ ਖਰਚ ਹੋਏ। ਇਹ ਰਕਮ ਸੂਬੇ ਦੇ ਪੂੰਜੀਗਤ ਨਿਵੇਸ਼ ਨਾਲੋਂ ਕਈ ਗੁਣਾ ਵੱਧ ਸੀ। ਖੇਤੀਬਾੜੀ ਲਈ ਮੁਫ਼ਤ ਬਿਜਲੀ ਅਤੇ ਹੋਰ ਲੋਕ ਲੁਭਾਊ ਮੁਫ਼ਤ ਯੋਜਨਾਵਾਂ ਰਾਜਨੀਤਕ, ਖ਼ਾਸ ਕਰ ਕੇ ਵੋਟਾਂ ਬਟੋਰਨ ਲਈ ਤਾਂ ਲਾ-ਭਕਾਰੀ ਹੋ ਸਕਦੀਆਂ ਹਨ, ਪਰ ਲੰਮੇ ਸਮੇਂ ਵਿੱਚ ਇਹ ਸੂਬੇ ਦੀ ਵਿੱਤੀ ਸਥਿਰਤਾ ਲਈ ਚੁਣੌਤੀ ਬਣ ਰਹੀਆਂ ਹਨ। ਕਿਸੇ ਵੀ ਸੂਬੇ ਦੇ ਆਰਥਿਕ ਵਿਕਾਸ ਅਤੇ ਸਥਿਰਤਾ ਦਾ ਇੱਕ ਮਹੱਤਵਪੂਰਨ ਸੂਚਕ ਉਸ ਦਾ ਪੂੰਜੀਗਤ ਖਰਚਾ ਹੁੰਦਾ ਹੈ। ਇਹ ਉਹ ਖਰਚਾ ਹੈ ਜੋ ਸੜਕਾਂ, ਸਿੰਜਾਈ, ਸਿੱਖਿਆ, ਸਿਹਤ ਅਤੇ ਉਦਯੋਗਿਕ ਬੁਨਿਆਦੀ ਢਾਂਚੇ 'ਤੇ ਹੁੰਦਾ ਹੈ। ਕੈਗ ਰਿਪੋਰਟ ਅਨੁਸਾਰ 2023-24 ਵਿੱਚ ਪੰਜਾਬ ਨੇ ਆਪਣੇ ਕੁੱਲ ਖਰਚ ਦਾ ਸਿਰਫ਼ 3.88 ਪ੍ਰਤੀਸ਼ਤ ਹਿੱਸਾ ਪੂੰਜੀਗਤ ਨਿਵੇਸ਼ ਲਈ ਵਰਤਿਆ। ਇਹ ਲਗਪਗ 4,743 ਕਰੋੜ ਰੁਪਏ ਸੀ। ਇਸ ਦੇ ਵੱਡੇ ਦੋ ਕਾਰਨ ਹਨ। ਪਹਿਲਾ, ਸੂਬੇ ਦੀ ਵੱਡੀ ਆਮਦਨ ਤਨਖਾਹਾਂ, ਪੈਨਸ਼ਨਾਂ ਅਤੇ ਵਿਆਜ ਅਦਾਇਗੀਆਂ ਵਿੱਚ ਖਰਚ ਹੋ ਜਾਂਦੀ ਹੈ। ਰਿਪੋਰਟ ਅਨੁਸਾਰ ਇਹ ਬੱਝਵੇਂ ਖ਼ਰਚੇ ਕੁੱਲ ਮਾਲੀਆ ਖ਼ਰਚੇ ਦਾ 65 ਫ਼ੀਸਦੀ ਬਣਦਾ ਹੈ। ਦੂਜਾ, ਸੂਬੇ ਦੇ ਬਜਟ ਦੇ ਆਕਾਰ ਦਾ ਛੋਟਾ ਹੋਣਾ ਹੈ। ਨਤੀਜੇ ਵਜੋਂ, ਜਦੋਂ ਸੂਬੇ ਦੀ ਆਮਦਨ ਦਾ ਵੱਡਾ ਹਿੱਸਾ ਪਹਿਲਾਂ ਹੀ ਨਿਰਧਾਰਿਤ ਅਤੇ ਬੱਝਵੇਂ ਖਰਚਿਆਂ ਵਿੱਚ ਲੱਗ ਜਾਂਦਾ ਹੈ ਤਾਂ ਵਿਕਾਸ ਅਤੇ ਪੂੰਜੀਗਤ ਖਰਚਿਆਂ ਲਈ ਬਜਟ ਦਾ ਬਹੁਤ ਘੱਟ ਹਿੱਸਾ ਬਚਦੇ ਹਨ। ਪੰਜਾਬ ਦੀ ਵਿੱਤੀ ਹਾਲਤ ਨੂੰ ਸਮਝਣ ਲਈ ਇਸ ਦਾ ਹੋਰ ਸੂਬਿਆਂ ਨਾਲ ਤੁਲਨਾਤਮਕ ਅਧਿਐਨ ਕਰਨਾ ਵੀ ਜ਼ਰੂਰੀ ਹੈ।




ਕੈਗ ਦੇ ਅਧਿਐਨ ਅਨੁਸਾਰ 2023-24 ਵਿੱਚ 16 ਸੂਬਿਆਂ ਦਾ ਮਾਲੀਆ ਵਾਧੂ ਇਕੱਤਰ ਕਰਨ ਦੀ ਸ਼੍ਰੇਣੀ ਵਿੱਚ ਸਨ। ਉੱਤਰ ਪ੍ਰਦੇਸ਼ ਨੇ 37,000 ਕਰੋੜ ਰੁਪਏ ਤੋਂ ਵੱਧ ਦਾ ਮਾਲੀਆ ਵਾਧਾ ਦਰਜ ਕੀਤਾ, ਜੋ ਗੁਜਰਾਤ ਨਾਲੋਂ ਵੀ ਦੁੱਗਣਾ ਸੀ। ਇਸਦੇ ਉਲਟ ਪੰਜਾਬ ਲਗਾਤਾਰ ਵੱਡੇ ਮਾਲੀਆ ਘਾਟੇ ਵਾਲੇ ਸੂਬਿਆਂ ਵਿੱਚ ਸ਼ਾਮਲ ਰਿਹਾ। ਜੂਨ 2026 ਦੀ ਕੈਗ ਰਿਪੋਰਟ ਅਨੁਸਾਰ ਆਂਧਰਾ ਪ੍ਰਦੇਸ਼ 2024-25 ਵਿੱਚ ਸਭ ਤੋਂ ਵੱਡੇ ਮਾਲੀਆ ਘਾਟੇ ਵਾਲਾ ਸੂਬਾ ਰਿਹਾ, ਜਦਕਿ ਪੰਜਾਬ ਵੀ ਉੱਚ ਘਾਟੇ ਵਾਲੇ ਸੂਬਿਆਂ ਵਿੱਚ ਗਿਣਿਆ ਗਿਆ। ਸੂਬਿਆਂ ਦੇ ਸਮੂਹਿਕ ਪੱਧਰ 'ਤੇ 2025-26 ਲਈ ਔਸਤ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦੇ ਲਗਪਗ 3.14 ਫ਼ੀਸਦੀ ਦੇ ਨੇੜੇ ਕਿਆਸਿਆ ਗਿਆ ਹੈ, ਜਦਕਿ ਪੰਜਾਬ ਦਾ ਵਿੱਤੀ ਘਾਟਾ ਲਗਾਤਾਰ 4 ਫ਼ੀਸਦੀ ਜਾਂ ਇਸ ਤੋਂ ਉੱਪਰ ਦੇ ਪੱਧਰ 'ਤੇ ਬਣਿਆ ਹੋਇਆ ਹੈ। ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬ ਦੀ ਵਿੱਤੀ ਸਥਿਤੀ ਰਾਸ਼ਟਰੀ ਔਸਤ ਨਾਲੋਂ ਕਮਜ਼ੋਰ ਹੈ।

### ਕੀ ਪੰਜਾਬ ਕਰਜ਼ੇ ਦੇ ਜਾਲ ਵਿੱਚ ਫਸ ਰਿਹਾ ਹੈ?

ਕੈਗ ਨੇ ਹਾਲ ਹੀ ਵਿੱਚ ਇੱਕ ਹੋਰ ਮਹੱਤਵਪੂਰਨ ਵਿਸ਼ੇ, ਭਾਵ ਬਜਟ ਤੋਂ ਬਾਹਰ ਲਏ ਜਾਂਦੇ ਕਰਜ਼ਿਆਂ ਦਾ ਮੁੱਦਾ ਉਭਾਰਿਆ ਹੈ। ਇਹ ਉਹ ਕਰਜ਼ੇ ਹੁੰਦੇ ਹਨ ਜੋ ਸਰਕਾਰੀ ਏਜੰਸੀਆਂ ਜਾਂ ਨਿਗਮਾਂ/ਬੋਰਡਾਂ ਰਾਹੀਂ ਲਏ ਜਾਂਦੇ ਹਨ ਪਰ ਸ਼ੁਰੂਆਤੀ ਤੌਰ 'ਤੇ ਬਜਟ ਵਿੱਚ ਸਪੱਸ਼ਟ ਤੌਰ 'ਤੇ ਨਹੀਂ ਦਿਖਾਈ ਦਿੰਦੇ, ਇਸ ਨਾਲ ਅਸਲ ਕਰਜ਼ੇ ਦੀ ਸਥਿਤੀ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਪੰਜਾਬ ਦੇ ਮਾਮਲੇ ਵਿੱਚ ਕੈਗ ਨੇ 2023-24 ਦੌਰਾਨ 4,093 ਕਰੋੜ ਰੁਪਏ ਦੇ ਬਜਟ ਤੋਂ ਬਾਹਰ ਲਏ ਗਏ ਕਰਜ਼ਿਆਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਮਾਰਚ 2026 ਤੱਕ ਦੇ ਅੰਕੜਿਆਂ ਅਨੁਸਾਰ ਪੰਜਾਬ ਦਾ ਕੁੱਲ ਕਰਜ਼ਾ ਅਤੇ ਦੇਣਦਾਰੀਆਂ 4 ਲੱਖ ਕਰੋੜ ਰੁਪਏ ਤੋਂ ਉੱਪਰ ਪਹੁੰਚ ਚੁੱਕੀਆਂ ਸਨ। 2026-27 ਦੇ ਬਜਟ ਅਨੁਮਾਨਾਂ ਵਿੱਚ ਇਹ ਰਕਮ 4.47 ਲੱਖ ਕਰੋੜ ਰੁਪਏ ਤੱਕ ਜਾਣ ਦੀ ਸੰਭਾਵਨਾ ਹੈ, ਚੋਣਾਂ ਦਾ ਸਾਲ ਹੋਣ ਕਰਕੇ ਇਹ ਕਰਜ਼ਾ ਹੋਰ ਵਧਣ ਦੀ ਸੰਭਾਵਨਾ ਹੈ। ਜੇਕਰ ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਇੱਕ ਹੋਰ ਮਹੱਤਵਪੂਰਨ ਪਹਿਲੂ ਵੱਲ ਗੰਭੀਰਤਾ ਨਾਲ ਨਿਗ੍ਹਾ ਮਾਰੀਏ ਤਾਂ ਸਥਿਤੀ ਹੋਰ ਵੀ ਨਿਰਾਸ਼ਾਜਨਕ ਪ੍ਰਤੀਤ ਹੁੰਦੀ ਹੈ। ਇਹ ਪਹਿਲੂ ਹੈ ਕਿ ਹਰ ਪੰਜਾਬੀ ਸਿਰ, ਭਾਵ ਪ੍ਰਤੀ ਵਿਅਕਤੀ, ਕਰਜ਼ੇ ਦਾ ਭਾਰ 2011-12 ਵਿੱਚ 30,000 ਰੁਪਏ ਸੀ। ਜਿਹੜਾ 2021-22 ਵਿੱਚ ਵਧ ਕੇ 94,000 ਰੁਪਏ ਹੋ ਗਿਆ ਸੀ, ਅਤੇ 2025-26 ਵਿੱਚ, 1,33,000 ਰੁਪਏ ਤੱਕ ਅੱਪੜ ਗਿਆ ਸੀ। ਹੁਣ ਇਹ ਵੀ ਅੰਦਾਜ਼ੇ ਹਨ ਮਾਰਚ 2027 ਤੱਕ ਹਰ ਪੰਜਾਬੀ ਸਿਰ ਕਰਜ਼ਾ ਵਧ ਕੇ 1,42,000 ਰੁਪਏ ਹੋ ਜਾਵੇਗਾ। ਜੇਕਰ ਕਰਜ਼ਾ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਭਵਿੱਖ ਵਿੱਚ ਵਿਆਜ ਅਤੇ ਮੂਲ ਭੁਗਤਾਨ ਸੂਬੇ ਦੀ ਵਿੱਤੀ ਸਥਿਤੀ ਨੂੰ ਹੋਰ ਗੰਭੀਰ ਬਣਾ ਸਕਦੇ ਹਨ। ਪੰਜਾਬ ਦੀ ਵਿੱਤੀ ਸਥਿਤੀ ਨੂੰ ਸੁਧਾਰਨ ਲਈ ਸਿਰਫ਼ ਕਰਜ਼ੇ ਲੈ ਕੇ ਖਰਚੇ ਚਲਾਉਣ ਦੀ ਨੀਤੀ ਲੰਮੇ ਸਮੇਂ ਤੱਕ ਨਹੀਂ ਚੱਲ ਸਕਦੀ ਕਿਉਂਕਿ ਇਹ ਭਿਆਨਕ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਪੰਜਾਬ ਦੇ ਵਿੱਤੀ ਹਾਲਾਤ ਨੂੰ ਸੁਧਾਰਨ ਦੀਆਂ ਕੋਸ਼ਿਸ਼ਾਂ ਰਾਜਨੀਤੀ ਤੋਂ ਉੱਪਰ ਉੱਠ ਕੇ ਕਰਨੀਆਂ ਚਾਹੀਦੀਆਂ ਹਨ ਅਤੇ ਇਹ ਬਹੁਤ ਜ਼ਰੂਰੀ ਵੀ ਹਨ। ਮੁਫ਼ਤ ਸਹੂਲਤਾਂ, ਸਬਸਿਡੀਆਂ ਖ਼ਾਸ ਕਰਕੇ ਬਿਜਲੀ ਸਬਸਿਡੀ ਨੂੰ ਕੇਵਲ ਲੋੜਵੰਦਾਂ ਨੂੰ ਹੀ ਦੇ ਕੇ ਤਰਕਸੰਗਤ ਬਣਾਇਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਵਸਤਾਂ ਅਤੇ ਸੇਵਾਵਾਂ ਟੈਕਸ ਸਬੰਧੀ ਸੂਬੇ ਵੱਲੋਂ ਹੋਰ ਕਰਾਂ ਦੀ ਵਸੂਲੀ ਵਿੱਚ ਚੋਰ ਮੋਰੀਆਂ ਨੂੰ ਬੰਦ ਕਰਕੇ ਕਰਾਂ ਦੀ ਵਸੂਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਸੂਬੇ ਦੇ ਬਜਟ ਵਿੱਚ ਪੂੰਜੀਗਤ ਨਿਵੇਸ਼ ਦਾ ਹਿੱਸਾ ਕਾਫ਼ੀ ਵਧਾਉਣਾ ਚਾਹੀਦਾ ਹੈ ਤਾਂ ਜੋ ਲੋੜੀਂਦਾ ਰੁਜ਼ਗਾਰ ਅਤੇ ਮੁੱਢਲੇ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ। ਇਵੇਂ ਹੀ ਬਜਟ ਤੋਂ ਬਾਹਰ ਲਏ ਜਾਣ ਵਾਲੇ ਕਰਜ਼ਿਆਂ 'ਚ ਪੂਰੀ ਪਾਰਦਰਸ਼ਤਾ ਲਿਆਉਣ ਦੀ ਲੋੜ ਹੈ ਤਾਂ ਜੋ ਸਹੀ ਤਸਵੀਰ ਸਾਹਮਣੇ ਆ ਸਕੇ। ਅੰਤ ਵਿੱਚ ਸਰਕਾਰਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਰਜ਼ੇ ਦੀ ਮਾਤਰਾ ਨੂੰ ਘੱਟ ਕਰਕੇ ਵਿਆਜ ਅਤੇ ਮੂਲ ਦੇ ਭੁਗਤਾਨ ਨੂੰ ਵੀ ਨੱਥ ਪਾਈ ਜਾ ਸਕੇ। ਜੂਨ 2026 ਦੀ ਕੈਗ ਰਿਪੋਰਟ ਅਤੇ ਪੰਜਾਬ ਦੇ 2024-25 ਬਜਟ ਦੇ ਅੰਕੜੇ ਸਪੱਸ਼ਟ ਸੰਦੇਸ਼ ਦਿੰਦੇ ਹਨ ਕਿ ਪੰਜਾਬ ਦੀ ਵਿੱਤੀ ਹਾਲਤ ਕਾਫੀ ਗੰਭੀਰ ਅਤੇ ਨਾਜ਼ੁਕ ਦੌਰ ਵਿੱਚ ਹੈ। ਵਧਦਾ ਮਾਲੀਆ ਘਾਟਾ, ਮਣਾਂ-ਮੂੰਹੀਂ ਕਰਜ਼ਾ, ਮੁਫ਼ਤ ਸਹੂਲਤਾਂ, ਵੱਡੀਆਂ ਸਬਸਿਡੀਆਂ ਅਤੇ ਘੱਟ ਪੂੰਜੀਗਤ ਨਿਵੇਸ਼ ਸੂਬੇ ਦੀ ਵਿਕਾਸ ਸਮਰੱਥਾ ਨੂੰ ਪ੍ਰਭਾਵਿਤ ਕਰ ਰਹੇ ਹਨ। ਕਈ ਹੋਰ ਸੂਬੇ ਮਾਲੀਆ ਵਾਧਾ ਹਾਸਲ ਕਰ ਰਹੇ ਹਨ, ਪਰ ਪੰਜਾਬ ਅਜੇ ਵੀ ਦਿਨ-ਪ੍ਰਤੀ-ਦਿਨ ਦੇ ਖਰਚੇ ਚਲਾਉਣ ਲਈ ਕਰਜ਼ੇ 'ਤੇ ਨਿਰਭਰ ਹੈ। ਜੇਕਰ ਵਿੱਤੀ ਅਨੁਸ਼ਾਸਨ, ਆਮਦਨ ਵਾਧੇ ਅਤੇ ਖਰਚਿਆਂ ਨੂੰ ਤਰਕਸੰਗਤ ਬਣਾਉਣ ਵੱਲ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਲਈ ਕਰਜ਼ੇ ਦੇ ਵਿਆਜ ਅਤੇ ਮੂਲ ਦਾ ਬੋਝ ਹੋਰ ਗੰਭੀਰ ਚੁਣੌਤੀ ਬਣ ਸਕਦਾ ਹੈ।

---

# ਪਰਦੇ ਪਿੱਛੇ ਦੀ ਕੂਟਨੀਤੀ ਅਤੇ ਅਮਨ ਦੇ ਨਵੇਂ ਰਾਹ

(ਸਫਾ 16 ਦੀ ਬਾਕੀ)

ਇੱਕ-ਇੱਕ) ਹੁੰਦੇ ਹਨ, ਜਿਨ੍ਹਾਂ ਨੂੰ ਆਪੋ-ਆਪਣੇ ਮੁਲਕਾਂ ਦੇ ਚੋਟੀ ਦੇ ਆਗੂਆਂ ਵੱਲੋਂ ਪੂਰੇ ਅਧਿਕਾਰ ਦਿੱਤੇ ਗਏ ਹੁੰਦੇ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਵੱਖ-ਵੱਖ ਸਮਿਆਂ 'ਤੇ ਬੈਕਚੈਨਲ ਰਾਹੀਂ ਕਈ ਵਾਰ ਸੰਵਾਦ ਹੋਇਆ ਹੈ, ਜਿਸ ਵਿੱਚ ਪਿਛਲਾ ਦਹਾਕਾ ਵੀ ਸ਼ਾਮਿਲ ਹੈ।

ਇਸ ਸਾਰੇ ਸਿਲਸਿਲੇ ਵਿੱਚ ਭੁਲੇਖਾ ਪੈਣ ਦਾ ਇੱਕ ਕਾਰਨ ਇਹ ਵੀ ਹੈ ਕਿ ਟਰੈਕ-2 ਜਾਂ 1.5 ਬੈਠਕਾਂ ਕਰਵਾਉਣ ਵਾਲੀਆਂ ਜਥੇਬੰਦੀਆਂ ਸ਼ਾਮਿਲ ਹੋਣ ਵਾਲੇ ਮੈਂਬਰਾਂ ਦੇ ਨਾਂ ਅਤੇ ਏਜੰਡੇ ਨੂੰ ਪਰਦੇ ਪਿੱਛੇ ਰੱਖਣ 'ਤੇ ਜ਼ੋਰ ਦਿੰਦੀਆਂ ਹਨ। ਕੋਲੰਬੋ ਬੈਠਕ ਦੇ ਸਾਹਮਣੇ ਆਉਣ ਤੋਂ ਬਾਅਦ ਜਿਸ ਤਰ੍ਹਾਂ ਦਾ ਤਿੱਖਾ ਵਿਰੋਧ ਦੇਖਣ ਨੂੰ ਮਿਲਿਆ ਹੈ, ਉਸ ਦੇ ਮੱਦੇਨਜ਼ਰ ਇਨ੍ਹਾਂ ਜਥੇਬੰਦੀਆਂ ਨੂੰ ਕਸੂਰਵਾਰ ਵੀ ਨਹੀਂ ਠਹਿਰਾਇਆ ਜਾ ਸਕਦਾ। ਅੱਜ ਦਾ 'ਨਵਾਂ ਭਾਰਤ' ਅੰਨ੍ਹੇ-ਰਾਸ਼ਟਰਵਾਦ ਦੀ ਸਿਆਸਤ, 'ਪਾਕਿਸਤਾਨ ਨੂੰ ਤਬਾਹ ਕਰੋ' ਦੇ ਥੀਮ 'ਤੇ ਬਣਦੀਆਂ ਬੌਲੀਵੁੱਡ ਫਿਲਮਾਂ ਅਤੇ ਫ਼ਿਰਕੂ ਨਫ਼ਰਤੀ ਭਾਸ਼ਣਾਂ ਦੇ ਇੱਕ ਜ਼ਹਿਰੀਲੇ ਮਿਸ਼ਰਣ ਨਾਲ ਚੱਲ ਰਿਹਾ ਹੈ, ਜਿੱਥੇ ਦੇਸ਼ ਦੇ ਘੱਟਗਿਣਤੀਆਂ ਅਤੇ ਅਸਹਿਮਤੀ ਜਤਾਉਣ ਵਾਲਿਆਂ ਨੂੰ 'ਦੁਸ਼ਮਣ ਗੁਆਂਢੀ' ਮੁਲਕ ਦੇ ਜਾਸੂਸ ਵਜੋਂ ਪੇਸ਼ ਕੀਤਾ ਜਾਂਦਾ ਹੈ। ਅਜਿਹੇ ਮਾਹੌਲ ਵਿੱਚ ਜੇਕਰ ਐਲ ਸੀ 'ਤੇ ਬੰਦੂਕ ਦੀ ਨੋਕ ਤੋਂ ਬਿਨਾਂ ਕਿਸੇ ਹੋਰ ਮਾਹੌਲ ਵਿੱਚ ਭਾਰਤੀਆਂ ਅਤੇ ਪਾਕਿਸਤਾਨੀਆਂ ਦੇ ਮਿਲਣ ਦੀ ਭਿਣਕ ਵੀ ਪੈ ਜਾਵੇ ਤਾਂ ਸਬੰਧਿਤ ਲੋਕਾਂ ਨੂੰ ਦੇਸ਼-ਧ੍ਰੋਹੀ ਜਾਂ ਗੱਦਾਰ ਕਹਿ ਕੇ ਭੰਡਿਆ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਟਰੈਕ-2 ਜਾਂ 1.5 ਬੈਠਕਾਂ ਨਾ ਤਾਂ ਸਰਕਾਰੀ ਕੂਟਨੀਤੀ ਜਾਂ ਵਿਦੇਸ਼ ਨੀਤੀ ਦਾ ਬਦਲ ਹਨ ਅਤੇ ਨਾ ਹੀ ਇਨ੍ਹਾਂ ਨੂੰ 'ਲੋਕ-ਸੰਪਰਕ' ਦਾ ਨਾਂ ਦਿੱਤਾ ਜਾ ਸਕਦਾ ਹੈ। IISS ਆਪਣੀ ਇਸ ਵਾਰਤਾ ਨੂੰ ਇੱਕ ਨਿੱਜੀ ਕਵਾਇਦ ਦੱਸਦਾ ਹੈ, ਜੋ ਸਿਰਫ਼ 'ਸੱਦਾ-ਪੱਤਰ' ਰਾਹੀਂ ਹੀ ਸੰਭਵ ਹੁੰਦੀ ਹੈ। ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੀ ਇਹ ਗੱਲ ਸਹੀ ਹੋ ਸਕਦੀ ਹੈ ਕਿ ਇਨ੍ਹਾਂ ਬੈਠਕਾਂ ਦੀ ਕੋਈ ਵੁੱਕਤ ਨਹੀਂ ਹੈ। ਇਹ ਵੀ ਸੱਚ ਹੈ ਕਿ ਸਰਕਾਰ ਨੂੰ ਇਨ੍ਹਾਂ ਬੈਠਕਾਂ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ ਅਤੇ ਉਹ ਇਨ੍ਹਾਂ ਨੂੰ ਰੋਕਦੀ ਵੀ ਨਹੀਂ। ਅਜਿਹੀਆਂ ਬੈਠਕਾਂ ਕਰਵਾਉਣ ਵਾਲੀਆਂ ਸੰਸਥਾਵਾਂ ਕੋਈ ਮਾਮੂਲੀ ਗ਼ੈਰ-ਸਰਕਾਰੀ ਸੰਗਠਨ ਨਹੀਂ ਹੁੰਦੀਆਂ। ਉਦਾਹਰਨ ਵਜੋਂ ਲੰਡਨ ਸਥਿਤ IISS ਨੂੰ ਬਰਤਾਨੀਆ ਦੇ ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫ਼ਤਰ, ਕੌਮਾਂਤਰੀ ਰੱਖਿਆ ਕੰਪਨੀਆਂ ਅਤੇ ਅਮਰੀਕੀ ਫਾਊਂਡੇਸ਼ਨਾਂ ਤੋਂ ਵੱਡੀ ਵਿੱਤੀ ਮਦਦ ਮਿਲਦੀ ਹੈ। ਇਸ ਸੰਸਥਾ ਨੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੂੰ ਵੀ ਬੁਲ-ਾਰੇ ਵਜੋਂ ਸੱਦਿਆ ਹੈ ਅਤੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਨਾਲ ਇਸ ਦਾ ਨੇੜਲਾ ਰਾਬਤਾ ਰਹਿੰਦਾ ਹੈ। ਇਹ 'ਸ਼ਾਂਗਰੀ-ਲਾ ਸੁਰੱਖਿਆ ਵਾਰਤਾ' ਦੀ ਮੁੱਖ ਪ੍ਰਬੰਧਕ ਹੈ, ਜਿੱਥੇ ਭਾਰਤ ਦੀ ਨੁਮਾਇੰਦਗੀ ਸਰਕਾਰੀ ਅਧਿਕਾਰੀ ਕਰਦੇ ਹਨ। ਟਰੈਕ-2 ਜਾਂ 1.5 ਬੈਠਕਾਂ ਵਿੱਚ ਸ਼ਾਮਿਲ ਹੋਣ ਵਾਲੇ ਕੁਝ ਵਿਅਕਤੀ, ਖ਼ਾਸਕਰ ਸਿਆਸਤਦਾਨ ਅਤੇ ਸੇਵਾਮੁਕਤ ਅਧਿਕਾਰੀ ਅਕਸਰ ਆਪਣੀ ਸਰਕਾਰ ਨੂੰ ਇਸ ਬਾਰੇ ਸੂਚਿਤ ਰੱਖਦੇ ਹਨ, ਇੱਥੋਂ ਤੱਕ ਕਿ ਕਈ ਵਾਰ ਜਾਣ ਲਈ ਇਜਾਜ਼ਤ ਵੀ ਲੈਂਦੇ ਹਨ। ਜ਼ਿਆਦਾਤਰ ਵਾਰਤਾਕਾਰ ਮੇਜ਼ 'ਤੇ ਬੈਠ ਕੇ ਸਿਰਫ਼ ਸਰਕਾਰੀ ਪੱਖ ਹੀ ਦੁਹਰਾਉਂਦੇ ਹਨ ਅਤੇ ਇਸ ਸਾਰੀ ਕਵ-ਾਇਦ ਨੂੰ ਸਿਰਫ਼ 'ਇੱਕ-ਦੂਜੇ ਨੂੰ ਸੁਣਨ' ਤੱਕ ਹੀ ਸੀਮਿਤ ਰੱਖਦੇ ਹਨ। ਟਰੈਕ-2 ਜਾਂ 1.5 ਦੀਆਂ ਉਹ ਬੈਠਕਾਂ ਜਿਨ੍ਹਾਂ ਵਿੱਚ ਨਵੇਂ ਸੁਝਾਅ ਪੇਸ਼ ਕਰਨ ਦਾ ਅਸਲ ਅਧਿਕਾਰ ਹੁੰਦਾ ਹੈ, ਬਹੁਤ ਘੱਟ ਹੁੰਦੀਆਂ ਹਨ ਅਤੇ ਉਹ ਉਦੋਂ ਹੀ ਸੰਭਵ ਹੁੰਦੀਆਂ ਹਨ ਜਦੋਂ ਦੋਵਾਂ ਮੁਲਕਾਂ ਵਿਚਾਲੇ ਸਰਕਾਰੀ ਪੱਧਰ 'ਤੇ ਰਾਬਤਾ ਚੱਲ ਰਿਹਾ ਹੋਵੇ।

ਇਸੇ ਤਰ੍ਹਾਂ, ਲੋਕ-ਪੱਧਰ ਦੀ ਗੱਲਬਾਤ ਬਿਨਾਂ ਕਿਸੇ ਢੁਕਵੇਂ ਮਾਹੌਲ ਜਾਂ ਆਧਾਰ ਦੇ ਸੰਭਵ ਨਹੀਂ ਹੈ। ਇਹ ਸਰਕਾਰੀ ਪੱਧਰ 'ਤੇ ਹੋਣ ਵਾਲੀ ਗੱਲਬਾਤ ਦੌਰਾਨ ਲਏ ਗਏ ਫ਼ੈਸਲਿਆਂ ਵਿੱਚੋਂ ਹੀ ਨਿਕਲਦਾ ਹੈ। ਸੋਸ਼ਲ ਮੀਡੀਆ ਦੀ ਬਦੌਲਤ ਅੱਜ ਦੇ ਸਮੇਂ ਵਿੱਚ ਸਰਹੱਦ ਪਾਰ ਦੇ ਲੋਕਾਂ ਨਾਲ ਗੱਲਬਾਤ ਕਰਨ ਲਈ ਕਿਸੇ ਨੂੰ ਸਰਕਾਰੀ ਇਜਾਜ਼ਤ ਦੀ ਲੋੜ ਨਹੀਂ ਹੈ ਅਤੇ ਅੱਜਕੱਲ੍ਹ ਦੇ ਮਾਹੌਲ ਵਿੱਚ ਅਜਿਹਾ ਕਰਨ ਦਾ ਆਪਣਾ ਇੱਕ ਵੱਖਰਾ ਹੀ ਮਜ਼ਾ ਹੈ, ਪਰ ਨੀਤੀਗਤ ਤੌਰ 'ਤੇ ਇਸ ਨੂੰ ਸਰਕਾਰ ਦੇ ਸਮਰਥਨ ਦੀ ਲੋੜ ਹੁੰਦੀ ਹੈ। ਇਸ ਲਈ ਜਦੋਂ ਹੋਸਬਲੇ ਇਹ ਕਹਿੰਦੇ ਹਨ ਕਿ ਪਾਕਿਸਤਾਨ ਨਾਲ'ਲੋਕ-ਸੰਪਰਕ ਹੋਣਾ ਚਾਹੀਦਾ ਹੈ, ਵੀਜ਼ੇ ਦਿੱਤੇ ਜਾਣੇ ਚਾਹੀਦੇ ਹਨ, ਅਤੇ ਵਪਾਰ-ਕਾਰੋਬਾਰ ਚੱਲਣਾ ਚਾਹੀਦਾ ਹੈ ਤਾਂ ਜੋ ਗੱਲਬਾਤ ਦੇ ਕੁਝ ਰਸਤੇ ਖੁੱਲ੍ਹੇ ਰਹਿ ਸਕਣ' ਤਾਂ ਉਹ ਚੰਗੀ ਤਰ੍ਹਾਂ ਜਾਣਦੇ ਹੋਣਗੇ ਕਿ ਇਹ ਸਾਰਾ ਕੁਝ 'ਟਰੈਕ-1' (ਸਰਕਾਰੀ ਕੂਟਨੀਤੀ) ਦਾ ਹਿੱਸਾ ਹੈ ਅਤੇ ਇਹ ਦੁਵੱਲੇ ਸਬੰਧਾਂ ਦੇ ਅਜਿਹੇ ਪਹਿਲੂ ਹਨ, ਜਿਨ੍ਹਾਂ 'ਤੇ ਅਧਿਕਾਰੀਆਂ ਵੱਲੋਂ ਹੀ ਸਹਿਮਤੀ ਬਣਾਈ ਜਾਂਦੀ ਹੈ। ਕਿਸੇ ਤੀਜੇ ਮੁਲਕ ਵਿੱਚ ਹੋਣ ਵਾਲੀ ਟਰੈਕ 2 ਜਾਂ 1।5 ਬੈਠਕ ਵਿੱਚ ਆਰ ਐੱਸ ਐੱਸ ਦੇ ਕਿਸੇ ਮੈਂਬਰ ਨੂੰ ਭੇਜ ਦੇਣਾ ਲੋਕ-ਸੰਪਰਕ ਦੇ ਦਾਇਰੇ ਵਿੱਚ ਨਹੀਂ ਆਉਂਦਾ। ਸਾਲ 2000 ਤੋਂ ਲੈ ਕੇ ਤਕਰੀਬਨ 2015 ਤੱਕ ਦੋਵਾਂ ਪਾਸਿਆਂ ਦੇ ਲੋਕ ਇੱਕ-ਦੂਜੇ ਦੇ ਮੁਲਕ ਜਾਂਦੇ ਸਨ, ਸੱਭਿਆਚਾਰਕ ਤੇ ਖੇਡ ਗਤੀਵਿਧੀਆਂ ਦਾ ਆਦਾਨ-ਪ੍ਰਦਾਨ ਹੁੰਦਾ ਸੀ, ਅੰਮ੍ਰਿਤਸਰ ਤੋਂ ਲਾਹੌਰ ਅਤੇ ਲਾਹੌਰ ਤੋਂ ਅੰਮ੍ਰਿਤਸਰ ਵਿਚਾਲੇ ਬੱਸਾਂ ਤੇ ਰੇਲ ਗੱਡੀਆਂ ਸਵਾਰੀਆਂ ਲੈ ਕੇ ਚੱਲਦੀਆਂ ਸਨ ਅਤੇ ਭਾਰਤ ਤੇ ਪਾਕਿ-ਸਤਾਨ ਦੇ ਦੋ ਵੱਡੇ ਮੀਡੀਆ ਘਰਾਣਿਆਂ ਦੀ ਅਗਵਾਈ ਵਿੱਚ 'ਅਮਨ ਕੀ ਆਸ਼ਾ' ਵਰਗਾ ਇੱਕ ਮਜ਼ਬੂਤ ਪ੍ਰੋਜੈਕਟ ਵੀ ਚੱਲਿਆ ਸੀ।

# ਦੁਨੀਆ 'ਤੇ ਵਧਦੀ ਤਪਸ਼-ਮਨੁੱਖੀ ਬਰਬਾਦੀ ਦੇ ਸੰਕੇਤ



ਦਰਬਾਰਾ ਸਿੰਘ ਕਾਹਲੋਂ

ਪਹਿਲੀ ਜੁਲਾਈ ਨੂੰ ਕੈਨੇਡਾ ਵਾਸੀਆਂ ਨੇ 'ਕੈਨੇਡਾ ਦਿਵਸ' ਪੂਰੇ ਦੇਸ਼ ਵਿਚ ਬੜੀ ਧੂਮਧਾਮ ਨਾਲ ਮਨਾਇਆ। ਇਸ ਦਿਨ 1867 ਵਿਚ ਕੈਨੇਡੀਅਨ ਕਨਫੈਡਰੇਸ਼ਨ ਅਧੀਨ ਕੈਨੇਡੀਅਨ ਰਾਸ਼ਟਰ ਦਾ ਜਨਮ ਹੋਇਆ ਸੀ। ਇਹ ਤਿਉਹਾਰ ਕੈਨੇਡੀਅਨ ਦੇਸ਼ ਭਗਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਅਸੀਂ ਸ਼ਾਮ ਨੂੰ 8 ਕੁ ਵਜੇ ਡਾਊਨਟਾਊਨ ਕਿੰਗਸਟਨ (ਜੋ ਕੈਨੇਡਾ ਦੀ ਰਾਜਧਾਨੀ ਵੀ ਰਹਿ ਚੁੱਕਾ ਹੈ) ਵਿਖੇ ਇਹ ਤਿਉਹਾਰ ਮਨਾ ਕੇ ਵਾਪਸ ਪਰਤੇ ਤਾਂ ਰਸਤੇ ਵਿਚ ਇਕ ਦੱਖਣੀ ਭਾਰਤੀ ਰੇਸਤਰਾਂ ਵਿਖੇ ਡੋਸਾ ਖਾਣ ਲਈ ਰੁਕੇ। ਉੱਥੇ ਕੁਝ ਗੁਜਰਾਤੀ ਅਤੇ ਤਾਮਿਲ ਪਰਿਵਾਰ ਵੀ ਬੈਠੇ ਹੋਏ ਸਨ। ਅਜੇ ਅਸੀਂ ਬੈਠੇ ਹੀ ਸਾਂ ਕਿ ਸਭ ਦੇ ਫੋਨਾਂ 'ਤੇ ਸੰਤਰੀ ਤੂਫਾਨ ਅਤੇ ਬਿਜਲੀ ਗਰਜਣ ਦੀ ਚਿਤਾਵਨੀ ਦੀਆਂ ਘੰਟੀਆਂ ਖੜਕਣ ਲੱਗ ਪਈਆਂ। ਵਾਕਿਆ ਹੀ ਬਾਹਰ ਇਕਦਮ ਤੂਫ਼ਾਨ, ਤੇਜ਼ ਬਾਰਿਸ਼ ਅਤੇ ਬਿਜਲੀ ਗਰਜਣ ਲੱਗੀ।

ਦਰਅਸਲ, ਇਹੀ ਸੰਕੇਤ ਸਾਡੇ ਮਾਨਵ ਜੀਵਨ ਵਿਚ ਗਲੋਬਲ ਵਾਰਮਿੰਗ, ਜਲਵਾਯੂ ਪਰਿਵਰਤਨ ਅਤੇ ਅਚਾਨਕ ਕੁਦਰਤ ਦੇ ਕਹਿਰ ਬਰਪਣ ਦੇ ਸੰਕੇਤ ਹਨ। ਇਹ ਵਾਰਨਿੰਗ ਕੈਨੇਡਾ ਦੇ ਟਾਰੀ ਸੂਬੇ ਅੰਦਰ ਵਿੰਡਸਰ ਸ਼ਹਿਰ ਤੋਂ ਲੈ ਕੇ ਓਟਾਵਾ ਤੱਕ ਚੱਲੀ। ਕੈਨੇਡਾ ਦੀ ਰਾਜਧਾਨੀ ਟਾਵਾ ਵਿਚ ਕੈਨੇਡਾ ਦਿਵਸ ਨੂੰ ਮਨਾਉਣ ਲਈ ਉਸ ਸਮੇਂ ਵੱਡੀ ਭੀੜ ਇਕੱਠੀ ਹੋਈ ਪਈ ਸੀ ਲੇਕਿਨ ਉੱਥੇ ਅਚਾਨਕ ਤੂਫ਼ਾਨ, ਤੇਜ਼ ਬਾਰਿਸ਼ ਅਤੇ ਬਿਜਲੀ ਗਰਜਣ ਕਰਕੇ ਇਹ ਤਿਉਹਾਰ ਮਨਾਇਆ ਨਾ ਜਾ ਸਕਿਆ। ਸੱਚ ਤਾਂ ਇਹ ਹੈ ਕਿ ਸਾਡੀ ਧਰਤੀ 'ਤੇ ਲਗਾਤਾਰ ਆਲਮੀ ਤਪਸ਼ ਦਾ ਪ੍ਰਕੋਪ ਪਸਰ ਰਿਹਾ ਹੈ ਜਿਸ ਕਰਕੇ ਵੱਖ-ਵੱਖ ਦੇਸ਼ਾਂ, ਭੂਗੋਲਿਕ ਖਿੱਤਿਆਂ, ਸਮੁੰਦਰੀ ਤੱਟਾਂ ਅਤੇ ਵੱਡੀਆਂ-ਵੱਡੀਆਂ ਝੀਲਾਂ ਵਿਖੇ ਵਾਰ-ਵਾਰ ਆਲਮੀ ਤਪਸ਼ ਕਹਿਰ ਢਾਉਂਦੀ ਦਿਸ ਰਹੀ ਹੈ।



ਵਿਸ਼ਵ ਭਰ ਦੇ ਨਾਮਵਰ ਸਾਇੰਸਦਾਨਾਂ ਨੇ ਸੰਨ 2026 ਬਾਰੇ ਭਵਿੱਖਬਾਣੀ ਕੀਤੀ ਹੋਈ ਹੈ ਕਿ ਇਹ ਸਾਲ ਇਤਿਹਾਸ ਵਿਚ ਸਭ ਤੋਂ ਗਰਮ ਸਾਲ ਵਜੋਂ ਦਰਜ ਕੀਤਾ ਜਾਵੇਗਾ। ਸਾਰੀ ਦੁਨੀਆ ਵਿਚ ਮੌਸਮ ਸਬੰਧੀ ਅਣਕਿਆਸੀਆਂ ਤਬਦੀਲੀਆਂ ਦੇਖਣ ਨੂੰ ਮਿਲਣਗੀਆਂ। ਯੂਕੇ ਮੈਟ ਆਫਿਸ ਦੀ ਭਵਿੱਖਬਾਣੀ ਅਨੁਸਾਰ ਇਸ ਸਾਲ ਗਰਮੀ 1.46 ਡਿਗਰੀ ਸੈਲਸੀਅਸ ਵੱਧ ਹੋਵੇਗੀ ਜੋ ਸੰਨ 1850 ਤੋਂ 1900 ਵਿਚ ਸਨਅਤੀਕਰਨ ਦੇ ਸਾਲਾਂ ਤੋਂ ਪਹਿਲਾਂ ਵਾਲੀ ਸਥਿਤੀ ਤੋਂ ਵੱਧ ਹੋਵੇਗੀ। ਬਰਕਲੇ ਅਤੇ ਕੋਪਰਨੀਕਸ ਸਾਇੰਸਦਾਨਾਂ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਜੇਕਰ ਗਰਮਾਇਸ਼ ਦਾ ਅਲ ਨੀਨੋ ਰੂਪ ਵੇਖਣ ਨੂੰ ਮਿਲਿਆ ਤਾਂ 2026 ਹੁਣ ਤੱਕ ਦੇ ਗਰਮੀ ਦੇ ਸਭ ਰਿਕਾਰਡ ਤੋੜ ਦੇਵੇਗਾ। ਉਨ੍ਹਾਂ ਅਨੁਸਾਰ ਸਮੁੰਦਰ ਪਿਛਲੇ ਇਕ ਹਜ਼ਾਰ ਸਾਲਾਂ ਨਾਲੋਂ ਇਸ ਸਮੇਂ ਵੱਧ ਗਰਮ ਹਨ ਅਤੇ ਇਹ ਗਰਮੀ ਪਿਛਲੇ 2000 ਸਾਲਾਂ ਨਾਲੋਂ ਗਤੀ ਪੱਖੋਂ ਤੇਜ਼ ਹੈ। ਫਿਲਪੀਨ ਅਤੇ ਭਾਰਤ ਦੀਆਂ ਮਿਸਾਲਾਂ ਲੈ ਲਵੋ।

ਫਿਲਪੀਨ ਵਿਚ ਸੰਨ 1995 ਤੋਂ 2024 ਤੱਕ 371 ਗਲੋਬਲ ਵਾਰਮਿੰਗ ਤੂਫ਼ਾਨੀ ਘਟਨਾਵਾਂ 'ਚ 275000 ਲੋਕ ਮਾਰੇ ਗਏ, 230 ਮਿਲੀਅਨ ਲੋਕ ਬੇਘਰ ਹੋਏ ਅਤੇ 35 ਬਿਲੀਅਨ ਅਮਰੀਕੀ ਡਾਲਰਾਂ ਦਾ ਆਰਥਿਕ ਨੁਕਸਾਨ ਹੋਇਆ। ਇਸ ਦੌਰਾਨ ਭਾਰਤ ਵਿਚ ਤੂਫ਼ਾਨ, ਚੱਕਰਵਾਤ, ਹੜ੍ਹ ਅਤੇ ਲੂ ਦੀਆਂ 430 ਘਟਨਾਵਾਂ ਵੇਖਣ ਨੂੰ ਮਿਲੀਆਂ ਜਿਨ੍ਹਾਂ ਵਿਚ 80000 ਲੋਕ ਮਾਰੇ ਗਏ, 1.30 ਬਿਲੀਅਨ (ਵੱਖ-ਵੱਖ ਸਾਲਾਂ ਵਿਚ ਕੁੱਲ ਗਿਣਤੀ) ਲੋਕ ਬੇਘਰ ਹੋਣ ਲਈ ਮਜਬੂਰ ਹੋਏ। ਤਕਰੀਬਨ 170 ਬਿਲੀਅਨ ਡਾਲਰਾਂ ਦਾ ਨੁਕਸਾਨ ਹੋਇਆ।

ਇਸ ਸਾਲ ਧਰਤੀ ਦੇ ਦੱਖਣੀ ਗੋਲਾਰੱਧ ਖੇਤਰ ਵਿਚ ਗਰਮੀ ਦੇ ਰਿਕਾਰਡ ਟੁੱਟ ਰਹੇ ਹਨ। ਅਰਜਨਟੀਨਾ ਤੋਂ ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਤੱਕ ਭਾਰੀ ਗਰਮੀ ਪੈਣ ਕਰਕੇ ਜੰਗਲਾਂ ਵਿਚ ਅੱਗ ਦੇ ਮਚੇ ਭਾਂਬੜਾਂ ਨੇ ਮਨੁੱਖੀ ਰੂਹਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਬਨਸਪਤੀ ਅਤੇ ਸਮੁੰਦਰ ਵਿਚਲੇ ਜੀਵ-ਜੰਤੂਆਂ 'ਤੇ ਕਹਿਰ ਢਾਹਿਆ ਹੈ। ਇਸ ਸਾਲ ਦੀ ਸ਼ੁਰੂਆਤ ਵਿਚ ਜਨਵਰੀ 'ਚ ਗਰਮੀ ਨੇ ਆਸਟ੍ਰੇਲੀਆ 'ਤੇ ਸ਼ਿਕੰਜਾ ਕੱਸਿਆ ਜਿੱਥੇ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪੁੱਜ ਗਿਆ। ਅਰਜਨਟੀਨਾ ਦੇ ਪੈਂਟਾਗੋਨੀਆ ਵਿਖੇ ਲੱਗੀ ਅੱਗ ਨੇ ਵੱਡਾ ਨੁਕਸਾਨ ਕੀਤਾ। ਚਿੱਲੀ ਵਿਚ ਤੱਟੀ ਖੇਤਰਾਂ ਵਿਚ ਲੱਗੀ ਅੱਗ ਨਾਲ 21 ਵਿਅਕਤੀ ਮਾਰੇ ਗਏ। ਦੱਖਣੀ ਅਫ਼ਰੀਕਾ ਦੇ ਜੰਗਲਾਂ ਵਿਚ ਅੱਗ ਦੇ ਭਾਂਬੜ ਵੇਖਣ ਨੂੰ ਮਿਲੇ ਜਿਸ ਕਰਕੇ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ। ਇਸ ਤੋਂ ਇਲਾਵਾ ਅਮਰੀਕਾ ਦੇ ਲਾਸ ਏਂਜਲਸ, ਏਥਨਜ਼ ਅਤੇ ਮਾਊਈ ਦੇ ਹਵਾਈ ਜਜ਼ੀਰਿਆਂ ਵਿਚ ਅੱਗਾਂ ਦੇ ਭਾਂਬੜ ਨਾਲ ਵੱਡਾ ਨੁਕਸਾਨ ਹੁੰਦਾ ਵੇਖਿਆ ਗਿਆ। ਦੱਖਣੀ ਚਿੱਲੀ ਦਾ ਕੱਟੀ ਇਲਾਕਾਪੂ ਪੂੰਟਾ ਡੀ ਪਾਰਾ ਜੋ ਸੰਘਣੇ ਜੰਗਲਾਂ ਨਾਲ ਘਿਰਿਆ ਹੋਇਆ ਹੈ, ਦਾ 80 ਪ੍ਰਤੀਸ਼ਤ ਹਿੱਸਾ ਅਗਨ ਭੇਟ ਹੋ ਗਿਆ। ਚੌਂਤੀ ਸਾਲਾ ਡੋਰਾਲੀਸ ਸਿਲਵਾ ਅਨੁਸਾਰ ਅੱਖ ਦੇ ਫੋਰ ਵਿਚ ਹੀ ਇਸ ਅੱਗ ਨੇ ਪੂੰਟਾ ਡੀ ਪਾਰਾ ਸ਼ਹਿਰ ਨੂੰ ਲਪੇਟ ਵਿਚ ਲੈ ਲਿਆ। ਅੱਗ ਦੀ ਰਫ਼ਤਾਰ 70 ਕਿੱਲੋਮੀਟਰ ਪ੍ਰਤੀ ਘੰਟਾ ਸੀ। ਉਨ੍ਹਾਂ ਦੌੜ ਕੇ ਇਕ ਵੱਡੇ ਗੰਦੇ ਪਾਣੀ ਵਾਲੇ ਤਲਾਬ ਨੁਮਾ ਖੇਤਰ ਵਿਚ ਪਨਾਹ ਲਈ ਅਤੇ ਸਾਰੀ ਰਾਤ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਇਸ ਅੱਗ ਦਾ ਸ਼ਿਕਾਰ ਹੁੰਦੇ ਪ੍ਰਤੱਖ ਦੇਖਿਆ। ਇਹ ਘਟਨਾ ਰੂਹ ਕੰਬਾਉਣ ਵਾਲੀ ਸੀ।

ਬੀਮਾ ਕੰਪਨੀ ਦੇ ਦਲਾਲ ਏਤਨ ਅਨੁਸਾਰ 2026 ਵਿਚ ਜਾਰੀ ਰਿਪੋਰਟ ਅਨੁਸਾਰ 2025 ਵਿਚ ਗਲੋਬਲ ਵਿਸ਼ਵ ਪੱਧਰ 'ਤੇ ਅਗਨੀਕਾਂਡਾਂ ਵਿਚ 42 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ। ਜਲਵਾਯੂ ਪਰਿਵਰਤਨ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਸਾਲ ਦੇ ਅੰਤ ਤੱਕ ਇਕ ਅਤਿਅੰਤ ਮਾਰੂ ਮੌਸਮ ਦੀ ਲਪੇਟ ਵਿਚ ਧਰਤੀ ਆ ਸਕਦੀ ਹੈ। ਹੁਣ ਤੱਕ 150 ਮਿਲੀਅਨ ਹੈਕਟੇਅਰ ਧਰਤੀ ਪਹਿਲਾਂ ਹੀ ਬਰਬਾਦ ਹੋ ਚੁੱਕੀ ਹੈ ਜੋ ਔਸਤ ਨਾਲੋਂ ਦੁੱਗਣੀ ਹੈ। ਖੋਜਕਰਤਾਵਾਂ ਅਨੁਸਾਰ ਅਲ ਨੀਨੋ ਮੌਸਮ ਪੈਟਰਨ ਸਾਲ 2026 ਨੂੰ ਰਿਕਾਰਡ ਪੱਧਰ 'ਤੇ ਗਰਮ ਸਾਲ ਬਣਾਉਣ ਵੱਲ ਵਧ ਰਿਹਾ ਹੈ। ਭਾਵੇਂ ਅਲ ਨੀਨੋ ਇਕ ਕੁਦਰਤੀ ਚੱਕਰ ਹੈ ਪਰ ਇਸ ਨੂੰ ਮਨੁੱਖ ਵੱਲੋਂ ਕੀਤਾ ਜਾ ਰਿਹਾ ਮੌਸਮ ਵਿਚ ਵਿਗਾੜ ਹੋਰ ਹਾਨੀਕਾਰਕ ਰੂਪ ਦੇਣ ਵਿਚ ਸਹਾਈ ਹੋ ਰਿਹਾ ਹੈ। ਇਸੇ ਕਰਕੇ ਸਾਇੰਸਦਾਨ ਇਸ ਸਾਲ ਨੂੰ ਅੱਗਾਂ ਲੱਗਣ ਅਤੇ ਗਰਮ ਰਹਿਣ ਦੇ ਰਿਕਾਰਡ ਤੋੜਨ ਵਾਲਾ ਬਲਾਸਟਰ ਸਾਲ ਕਹਿ ਰਹੇ ਹਨ। ਕੈਲੀਫੋਰਨੀਆ ਪਾਣੀ ਸਰੋਤ ਸੰਸਥਾ ਨਾਲ ਸਬੰਧਤ ਮੌਸਮ ਵਿਗਿਆਨੀ ਡਾ. ਡੈਨੀਅਲ ਸਵੇਨ ਨੇ ਨੋਟ ਕੀਤਾ ਹੈ ਕਿ ਅਲ ਨੀਨੋ ਵਰਤਾਰਾ ਮਾਨਵ ਇਤਿਹਾਸ ਵਿਚ ਪਹਿਲਾਂ ਇੰਨਾ ਤਿੱਖਾ ਨਹੀਂ ਵੇਖਿਆ ਗਿਆ।

ਅਲ ਨੀਨੋ ਪ੍ਰਭਾਵ ਕਰਕੇ ਜੰਗਲੀ ਅੱਗਾਂ ਵਧ ਰਹੀਆਂ ਹਨ ਜਿਨ੍ਹਾਂ ਕਰਕੇ ਅਮਰੀਕਾ, ਚਿੱਲੀ ਅਤੇ ਅਰਜਨਟੀਨਾ ਆਦਿ ਵਿਚ ਪ੍ਰਤੀ ਮਿੰਟ 25 ਏਕੜ ਜੰਗਲ ਬਰਬਾਦ ਹੁੰਦੇ ਪਾਏ ਜਾ ਰਹੇ ਹਨ। ਅਮਰੀਕਾ ਦੇ ਨੇਬਰਸੱਕਾ, ਫਲੋਰੀਡਾ ਤੇ ਜਾਰਜੀਆ ਵਿਚ ਇਤਿਹਾਸਕ ਅੱਗਾਂ ਦਾ ਪ੍ਰਕੋਪ ਵੇਖਣ ਨੂੰ ਮਿਲ ਰਿਹਾ ਹੈ।

ਭਾਰਤ ਵਿਚ ਇਸ ਸਾਲ ਇਸੇ ਕਰਕੇ ਮਾਰਚ ਮਹੀਨੇ ਵਿਚ 46 ਡਿਗਰੀ ਸੈਲਸੀਅਸ ਤਾਪਮਾਨ ਵੇਖਣ ਨੂੰ ਮਿਲਿਆ। ਯੂਰਪ ਵਿਚ ਇਸ ਸਮੇਂ ਬੁਰੀ ਤਰ੍ਹਾਂ ਪੈ ਰਹੀ ਗਰਮੀ ਨੇ ਵੱਖ-ਵੱਖ ਦੇਸ਼ਾਂ ਅੰਦਰ ਨਾਗਰਿਕਾਂ ਦੀਆਂ ਚੀਕਾਂ ਕਢਾ ਰੱਖੀਆਂ ਹਨ। ਪਿਛਲੇ ਐਤਵਾਰ ਤਾਪਮਾਨ 44.3 ਡਿਗਰੀ ਸੈਲਸੀਅਸ ਤੱਕ ਵਧਣ ਕਰਕੇ ਇੱਕੋ ਦਿਨ ਵਿਚ 1300 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ 1000 ਸਿਰਫ਼ ਫਰਾਂਸ ਵਿਚ ਹੋਈਆਂ। ਫਰਾਂਸ ਵਿਚ ਗਰਮੀ ਦਾ ਪ੍ਰਕੋਪ ਇੰਨਾ ਭਿਆਨਕ ਹੈ ਕਿ ਹਰ ਰੋਜ਼ 900 ਲੋਕ ਇਸ ਦੇ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਦਿਨਾਂ ਵਿਚ ਜਰਮਨੀ ਵਿਚ 12, ਸਪੇਨ ਵਿਚ 327 , ਯੂਕੇ ਵਿਚ 25 ਅਤੇ ਇਟਲੀ ਵਿਚ ਪੰਜ ਲੋਕ ਮਾਰੇ ਜਾਣ ਦੇ ਸਮਾਚਾਰ ਮਿਲੇ ਹਨ। ਯੂਰਪ ਵਿਚ ਗਰਮ ਮੌਸਮ ਦੀ ਮਾਰ ਸਿਰਫ਼ ਗਰਮੀਆਂ ਤੱਕ ਹੀ ਸੀਮਤ ਨਹੀਂ ਰਹੀ ਬਲਕਿ ਇਸ ਦਾ ਪ੍ਰਕੋਪ ਸਾਰਾ ਸਾਲ ਅਨੇਕ ਬਿਮਾਰੀਆਂ ਦੀ ਲਪੇਟ ਵਿਚ ਆਉਣ ਕਰਕੇ ਪਾਇਆ ਜਾਂਦਾ ਹੈ।

ਸੰਨ 2015 ਵਿਚ ਲਗਪਗ 200 ਦੇਸ਼ਾਂ ਨੇ ਯੂਐੱਨ ਦੇ ਮਾਧਿਅਮ ਨਾਲ ਫਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਇਕ ਜਲਵਾਯੂ ਸਬੰਧੀ ਸਮਝੌਤੇ 'ਤੇ ਦਸਤਖਤ ਕੀਤੇ ਸਨ ਜਿਸ ਅਨੁਸਾਰ ਇਸ ਗਲੋਬ 'ਤੇ ਸਨਅਤੀਕਰਨ ਤੋਂ ਪਹਿਲਾਂ ਵਾਲੇ ਤਾਪਮਾਨ ਤੋਂ 2 ਡਿਗਰੀ ਸੈਲਸੀਅਸ ਤਾਪਮਾਨ ਨਾ ਵਧਣ ਦੇਣ ਦਾ ਪ੍ਰਣ ਲਿਆ ਸੀ। ਭਾਵੇਂ ਇਹ ਇਕ ਕਾਨੂੰਨੀ ਦਸਤਾਵੇਜ਼ ਹੈ ਪਰ ਹੁਣ ਤੱਕ ਸਾਰੇ ਦੇ ਸਾਰੇ ਦੇਸ਼ ਇਸ ਤੋਂ ਭੱਜਦੇ ਨਜ਼ਰ ਆ ਰਹੇ ਹਨ। ਡੋਨਾਲਡ ਟਰੰਪ ਦੀ ਅਗਵਾਈ ਵਿਚ ਤਾਂ ਅਮਰੀਕਾ ਇਸ ਵਿੱਚੋਂ ਸ਼ਰਮਨਾਕ ਢੰਗ ਨਾਲ ਬਾਹਰ ਆ ਗਿਆ ਸੀ ਪਰ ਬਾਅਦ ਵਿਚ ਰਾਸ਼ਟਰਪਤੀ ਜੋਅ ਬਾਇਡਨ ਦੀ ਅਗਵਾਈ ਵਿਚ ਮੁੜ 2017 ਵਿਚ ਸ਼ਾਮਲ ਹੋ ਗਿਆ ਸੀ। ਯੂਐੱਨ ਨੇ ਗਲੋਬਲ ਵਾਰਮਿੰਗ ਨੂੰ ਘਟਾਉਣ ਲਈ ਵਿਆਪਕ ਯੋਜਨਾ ਬਣਾਈ ਹੈ ਜਿਸ ਰਾਹੀਂ ਵਿਕਾਸਸ਼ੀਲ ਦੇਸ਼ਾਂ ਨੂੰ 2030 ਤੱਕ ਸਾਲਾਨਾ 5.4 ਤੋਂ 1.17 ਟਰਿਲੀਅਨ ਪ੍ਰਤੀ ਸਾਲ ਅਤੇ ਬਾਅਦ ਵਿਚ ਦੋ ਦਹਾਕੇ 9.3 ਤੋਂ 12.2 ਟਰਿਲੀਅਨ ਡਾਲਰ ਰੱਖੇ ਜਾਣਗੇ। ਹਰ ਦੇਸ਼ ਨੂੰ ਆਲਮੀ ਤਪਸ਼ ਰੋਕਣ ਲਈ ਆਪੋ-ਆਪਣੇ ਪੱਧਰ 'ਤੇ ਵੀ ਸੰਜੀਦਾ ਯਤਨ ਕਰਨ ਦੀ ਲੋੜ ਹੈ।

# ਕੀ ਹੋਵੇਗੀ ਪੰਜਾਬ ਦੀ ਭਵਿੱਖੀ ਦਿਸ਼ਾ?



ਜਗਤਾਰ ਸਿੰਘ

ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਭਗਵੰਤ ਮਾਨ ਸਰਕਾਰ ਦੀ ਜਵਾਬਦੇਹੀ ਪੰਜਾਬ ਦੇ ਵਿਕਾਸ ਸਬੰਧੀ ਕਾਰਗੁਜ਼ਾਰੀ ਬਾਰੇ ਹੋਣੀ ਚਾਹੀਦੀ ਸੀ, ਪਰ ਸੂਬਾ ਇੱਕ ਵਾਰ ਫਿਰ ਧਰਮ ਦੀ ਸਿਆਸਤ 'ਚ ਉਲਝ ਗਿਆ ਹੈ। ਉਂਜ, ਪੰਜਾਬ ਦੇ ਵਿਕਾਸ ਸਬੰਧੀ ਕਾਰਗੁਜ਼ਾਰੀ ਦਾ ਬਿਰਤਾਂਤ ਕਿਸੇ ਵੀ ਧਿਰ ਨੂੰ ਭਾਉਂਦਾ ਨਹੀਂ ਜਾਪਦਾ। ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਛੱਡ ਕੇ ਪੰਜਾਬ ਦੇ ਸਾਰੇ ਸਿੱਖ ਵਿਧਾਇਕ ਅਤੇ ਮੰਤਰੀ ਸਿੱਖ ਧਰਮ ਦੀ ਸਰਬਉੱਚ ਸੰਸਥਾ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ। ਇਹ ਮਸਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਣਾਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ' ਦਾ ਸੀ। ਪੰਜਾਬ ਨੂੰ ਪਹਿਲੀ ਵਾਰ ਇਨ੍ਹਾਂ ਚੁਣੇ ਹੋਏ ਨੁਮਾਇੰਦਿਆਂ ਦੇ ਪੱਧਰ ਦਾ ਪਤਾ ਲੱਗਾ, ਹਾਲਾਂਕਿ ਇਨ੍ਹਾਂ ਨੂੰ ਵਿਧਾਨ ਸਭਾ ਵਿੱਚ ਰੌਲਾ ਪਾਉਂਦਿਆਂ ਅਕਸਰ ਦੇਖਿਆ-ਸੁਣਿਆ ਜਾਂਦਾ ਹੈ। ਇਹ ਦ੍ਰਿਸ਼ ਇੱਕ ਵਾਰ ਫਿਰ ਅਕਾਲ ਤਖ਼ਤ ਸਾਹਿਬ ਦੇ ਰੁਤਬੇ ਦੇ ਪ੍ਰਗਟਾਵੇ ਦਾ ਸੀ। ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਦੇ ਸਿੱਖ ਧਰਮ ਵਿੱਚ ਰੁਤਬੇ ਦਾ ਪ੍ਰਗਟਾਵਾ ਕਈ ਦਹਾਕਿਆਂ ਬਾਅਦ 2 ਦਸੰਬਰ 2024 ਨੂੰ ਹੋਇਆ ਸੀ, ਪਰ ਉਸ ਤੋਂ ਪਿੱਛੋਂ ਇਸ ਦੇ ਰੁਤਬੇ ਨੂੰ ਲਗਾਤਾਰ ਢਾਹ ਲੱਗੀ ਹੈ। ਪੰਜਾਬ ਵਿੱਚ ਵਿਧਾਨ ਸਭਾ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਪਹਿਲੀ ਵਾਰ ਇਸ ਦੇ ਮੈਂਬਰਾਂ ਨੂੰ ਪੇਸ਼ ਹੋਣ ਦਾ ਹੁਕਮ ਦੇਣਾ ਅਤੇ ਇਸ ਦੀ ਤਾਮੀਲ ਹੋਣ ਦਾ ਇਹ ਅਜਬ ਵਰਤਾਰਾ ਹੈ, ਜਿਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ।

ਪਹਿਲਾ ਸਵਾਲ ਅਕਾਲ ਤਖ਼ਤ ਅਤੇ ਸਟੇਟ ਦੇ ਆਪਸੀ ਸਬੰਧਾਂ ਦਾ ਹੈ। ਇਸ ਦੀ



ਤਹਿ ਤੱਕ ਜਾਣ ਲਈ ਅਕਾਲ ਤਖ਼ਤ ਸਾਹਿਬ ਬਾਰੇ ਮੁੱਢਲੀ ਜਾਣਕਾਰੀ ਹੋਣੀ ਜ਼ਰੂਰੀ ਹੈ। ਇਸ ਤਖ਼ਤ ਦੀ ਸਿਰਜਣਾ ਸਿੱਖਾਂ ਦੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤੀ ਅਤੇ ਉਨ੍ਹਾਂ ਦਾ ਸਿੱਖਾਂ ਨੂੰ ਪਹਿਲਾ ਆਦੇਸ਼ ਘੋੜੇ ਤੇ ਸ਼ਸਤਰ ਲਿਆਉਣ ਦਾ ਸੀ। ਇਸ ਤਰ੍ਹਾਂ ਇਹ ਸਿੱਖਾਂ ਦੀ ਰਾਜਸੱਤਾ ਦਾ ਕੇਂਦਰ ਬਿੰਦੂ ਬਣਿਆ। ਸਿੱਖ ਧਰਮ ਮੀਰੀ ਅਤੇ ਪੀਰੀ ਦਾ ਸੁਮੇਲ ਹੈ। ਸ੍ਰੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਿਰਫ਼ ਇਮਾਰਤਾਂ ਨਹੀਂ ਹਨ ਸਗੋਂ ਮਿਸਲਾਂ ਸਮੇਂ ਇਸ ਸੰਸਥਾ ਦਾ ਵਿਕਾਸ ਸਿੱਖ ਜਮਹੂਰੀਅਤ ਦੇ ਕੇਂਦਰ ਵਜੋਂ ਹੋਇਆ, ਜਿੱਥੇ ਆਮ ਰਾਏ ਨਾਲ ਲਏ ਗਏ ਫ਼ੈਸਲੇ ਸਿੱਖਾਂ ਲਈ ਸਰਬ-ਪ੍ਰਵਾਨਿਤ ਹੁੰਦੇ ਸਨ। ਸਿੱਖ ਜਮਹੂਰੀਅਤ ਦੀ ਜੜ੍ਹ ਪੰਜ ਪਿਆਰਿਆਂ ਦੀ ਸੰਸਥਾ ਵਿੱਚ ਹੈ। ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਨਹੀਂ, ਤਖ਼ਤ ਹੈ ਅਤੇ ਇਸ ਲਈ ਇਹ ਸਟੇਟ ਨਾਲ ਵਾਰ-ਵਾਰ ਟਕਰਾਇਆ ਹੈ। ਆਪਣੇ ਖ਼ਾਸੇ ਕਾਰਨ ਇਹ ਸਿੱਖ ਪ੍ਰਭੂਸੱਤਾ ਦਾ ਪ੍ਰਤੀਕ ਹੈ ਅਤੇ ਇਸ ਸੰਸਥਾ ਦਾ ਦਾਇਰਾ ਆਲਮੀ ਹੈ।

ਸਵਾਲ ਇਹ ਹੈ ਕਿ ਵਰਤਮਾਨ ਵਿੱਚ ਇਸ ਸੰਸਥਾ ਦੀ ਪ੍ਰਭੂਸੱਤਾ ਸਿੱਖ ਦਾਇਰੇ (ਡੋਮੇਨ) ਵਿੱਚ ਹੀ ਹੈ ਜਾਂ ਇਸ ਤੋਂ ਬਾਹਰ ਵੀ ਹੈ? ਵਿਧਾਇਕਾਂ ਅਤੇ ਮੰਤਰੀਆਂ ਦੀ ਪੇਸ਼ੀ ਤੋਂ ਇਹ ਅਰਥ ਲਿਆ ਜਾ ਸਕਦਾ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਅਧਿਕਾਰ ਖੇਤਰ ਸਟੇਟ ਤੋਂ ਉੱਪਰ ਹੈ। ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਨ੍ਹਾਂ ਵਿਧਾਇਕਾਂ ਰਾਹੀਂ ਮਾਨ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਸਤਿਕਾਰ ਐਕਟ ਵਿੱਚ ਇੱਕ ਮਹੀਨੇ ਦੇ ਅੰਦਰ-ਅੰਦਰ ਸੋਧ ਕੀਤੀ ਜਾਵੇ। ਸੋਧ ਲਈ ਸੁਝਾਅ ਜਥੇਦਾਰ ਵੱਲੋਂ ਦਿੱਤੇ ਜਾਣਗੇ। ਇਹ ਮਾਮਲਾ ਜਮਹੂਰੀ ਨਿਜ਼ਾਮ ਵਿੱਚ ਸਟੇਟ ਅਤੇ ਅਕਾਲ ਤਖ਼ਤ ਦੇ ਸਬੰਧਾਂ ਦਾ ਹੈ। ਉਦਾਹਰਣ ਵਜੋਂ ਮਹਾਰਾਜਾ ਰਣਜੀਤ ਸਿੰਘ ਤੋਂ ਲੈ ਕੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਅਤੇ ਮੁੱਖ ਮੰਤਰੀਆਂ ਵਿੱਚ ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਕੈਪਟਨ ਅਮਰਿੰਦਰ ਸਿੰਘ ਅਤੇ ਵਰਤਮਾਨ ਵਿੱਚ ਭਗਵੰਤ ਸਿੰਘ ਮਾਨ ਨੂੰ ਵੀ ਤਲਬ ਕੀਤਾ ਗਿਆ, ਪਰ ਸਰਕਾਰ ਨੂੰ ਇਸ ਤਰ੍ਹਾਂ ਦਾ ਆਦੇਸ਼ ਪਹਿਲੀ ਵਾਰ ਦਿੱਤਾ ਗਿਆ ਹੈ। ਇਸੇ ਕਾਰਨ ਅਕਾਲ ਤਖ਼ਤ ਅਤੇ ਸਟੇਟ ਦੇ ਸਬੰਧਾਂ ਦਾ ਮਸਲਾ ਉੱਠਿਆ ਹੈ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ, ਸਰਕਾਰ-ਏ-ਖ਼ਾਲਸਾ ਸੀ, ਜੋ ਇੱਕ ਅਹਿਮ ਪਹਿਲੂ ਹੈ। ਜ਼ਿਕਰਯੋਗ ਹੈ ਕਿ ਸਿੱਖ ਸਾਮਰਾਜ ਦਰਿਆ ਸਤਲੁਜ ਤੋਂ ਦੱਰਾ ਖ਼ੈਬਰ ਤੱਕ ਫੈਲਿਆ ਹੋਇਆ ਸੀ, ਜਿਸ ਵਿੱਚ ਸਿੱਖਾਂ ਦੀ ਗਿਣਤੀ ਸਿਰਫ਼ ਅੱਠ ਫ਼ੀਸਦੀ (ਪੰਜਾਬ ਵਿੱਚ 13 ਫ਼ੀਸਦੀ) ਸੀ, ਪਰ ਕਦੇ ਵੀ ਬੇਅਦਬੀ ਜਿਹੀ ਘਟਨਾ ਨਹੀਂ ਸੀ ਵਾਪਰੀ। ਇਸ ਵਰਤਾਰੇ ਦਾ ਦੂਜਾ ਅਹਿਮ ਪਹਿਲੂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਨਾਲ ਸਬੰਧਿਤ ਹੈ। ਰਿਕਾਰਡ ਅਨੁਸਾਰ ਤਾਂ ਇਹ ਨਿਯੁਕਤੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤੀ ਜਾਂਦੀ ਹੈ, ਪਰ ਇਸ ਦਾ ਕੋਈ ਵਿਧੀ-ਵਿਧਾਨ ਨਹੀਂ। ਕਈ ਜਥੇਦਾਰਾਂ ਨੇ ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਵੀ ਦਿੱਤੇ ਹਨ ਅਤੇ ਕਮੇਟੀਆਂ ਵੀ ਬਣੀਆਂ, ਪਰ ਨਤੀਜਾ ਕੁਝ ਨਹੀਂ ਨਿਕਲਿਆ। ਜਿਸ ਜਥੇਦਾਰ ਕੋਲ ਸਰਕਾਰ ਤਲਬ ਕਰਨ ਦੀ ਤਾਕਤ ਹੈ, ਉਸ ਦੀ ਅਚਾਨਕ ਹੀ ਛੁੱਟੀ ਕਰ ਦਿੱਤੀ ਜਾਂਦੀ ਹੈ ਅਤੇ ਇਹ ਵਾਰ-ਵਾਰ ਵਾਪਰਿਆ ਹੈ। ਦੋ ਦਸੰਬਰ 2024 ਦਾ ਹੁਕਮਨਾਮਾ ਜਾਰੀ ਕਰਨ ਵਾਲੇ ਜਥੇਦਾਰਾਂ ਦਾ ਹਾਲ ਸਭ ਦੇ ਸਾਹਮਣੇ ਹੈ। ਇਹ ਆਪਣੇ ਆਪ ਵਿੱਚ ਇੱਕ ਬਹੁਤ ਡੂੰਘਾ ਵਿਰੋਧਾਭਾਸ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ

(ਬਾਕੀ ਅਗਲੇ ਸਫੇ 'ਤੇ)

# ਪੰਜਾਬ 'ਚ ਮਾਵਾਂ-ਧੀਆਂ ਸਕੀਮ: ਕੀ ਕਹਿੰਦੀਆਂ ਨੇ ਪੰਜਾਬ ਦੀਆਂ ਔਰਤਾਂ

ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰ ਯੋਜਨਾ ਦਾ ਆਗਾਜ਼ ਹੋ ਚੁੱਕਿਆ ਹੈ। ਇਸ ਤਹਿਤ ਸੂਬੇ ਦੀਆਂ ਜਨਰਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀਆਂ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਦਿੱਤੇ ਜਾਣੇ ਸ਼ੁਰੂ ਹੋ ਗਏ ਹਨ। ਪੰਜਾਬ ਵਿੱਚ ਇਸ ਮੁਹਿੰਮ ਤਹਿਤ ਔਰਤਾਂ ਦੇ ਖਾਤਿਆਂ ਵਿੱਚ ਪੈਸੇ ਪਾਏ ਜਾਣ ਦੀ ਪ੍ਰਕਿਰਿਆ 1 ਜੁਲਾਈ 2026, ਦਿਨ ਬੁੱਧਵਾਰ ਤੋਂ ਸ਼ੁਰੂ ਹੋਈ ਸੀ। ਜਦਕਿ ਬਹੁਤ ਵੱਡੀ ਗਿਣਤੀ ਵਿੱਚ ਅਜਿਹੀਆਂ ਔਰਤਾਂ ਵੀ ਹਨ ਜਿਨ੍ਹਾਂ ਦੇ ਖਾਤਿਆਂ ਵਿੱਚ ਸ਼ੁੱਕਰਵਾਰ ਤੱਕ ਪੈਸੇ ਨਹੀਂ ਪਹੁੰਚੇ। ਹਾਲਾਂਕਿ, ਮੁਹਿੰਮ ਦੀ ਸ਼ੁਰੂਆਤ ਹੋਣ ਮਗਰੋਂ ਉਹਨਾਂ ਨੂੰ ਮੋਬਾਈਲ ਫੋਨ 'ਤੇ ਇੱਕ ਸੰਦੇਸ਼ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਅਗਲੇ 24 ਘੰਟਿਆਂ ਵਿਚ ਤੁਹਾਡੇ ਪੈਸੇ ਖਾਤੇ ਵਿੱਚ ਆ ਜਾਣਗੇ। ਪੰਜਾਬ ਸਰਕਾਰ ਮੁਤਾਬਕ, ਇਸ ਯੋਜਨਾ ਤਹਿਤ ਹੁਣ ਤੱਕ 40 ਲੱਖ ਤੋਂ ਵੱਧ ਔਰਤਾਂ ਦੀ ਰਜਿਸਟਰੇਸ਼ਨ ਹੋ ਚੁੱਕੀ ਹੈ। ਜਿਹੜੀਆਂ ਔਰਤਾਂ ਹਾਲੇ ਤੱਕ ਰਜਿਸਟ੍ਰੇਸ਼ਨ ਨਹੀਂ



ਕਰਵਾ ਸਕੀਆਂ, ਉਹ ਅੱਗੇ ਵੀ ਕਰਵਾ ਸਕਦੀਆਂ ਹਨ, ਤੇ ਸਕੀਮ ਤਹਿਤ ਰਾਸ਼ੀ ਦੀਆਂ ਹੱਕਦਾਰ ਹੋਣਗੀਆਂ। ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਦੀਆਂ ਤਕਰੀਬਨ 97 ਫ਼ੀਸਦੀ ਔਰਤਾਂ ਇਸ ਸਕੀਮ ਦਾ ਲਾਹਾ ਲੈ ਸਕਣਗੀਆਂ।

ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਖਾਤੇ ਵਿੱਚ ਆਏ ਤਿੰਨ ਹਜ਼ਾਰ ਰੁਪਏ ਦੀ ਖ਼ਬਰ ਸੁਣ 67 ਸਾਲਾ ਮਨਜੀਤ ਕੌਰ ਖੁਸ਼ ਹਨ, ਉਹ ਮੁਹਾਲੀ ਜ਼ਿਲ੍ਹੇ ਦੇ ਪਿੰਡ ਬਡਾਲੀ ਦੇ ਰਹਿਣ ਵਾਲੇ ਹਨ ਅਤੇ ਪੱਛੜੀ ਸ਼੍ਰੇਣੀ ਨਾਲ ਸੰਬੰਧਿਤ ਹਨ। ਬੀਤੀ ਇੱਕ ਜੁਲਾਈ ਨੂੰ ਉਹਨਾਂ ਦੇ ਖਾਤੇ ਵਿੱਚ ਪੰਜਾਬ ਸਰਕਾਰ ਵੱਲੋਂ ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਰਾਸ਼ੀ ਆਈ ਹੈ। ਉਹਨਾਂ ਦਾ ਘਰ ਕੱਚਾ ਹੈ, ਘਰ ਦੇ ਇੱਕ ਕਮਰੇ ਦੀ ਛੱਤ ਦੋ ਕੁ ਮਹੀਨੇ ਪਹਿਲਾਂ ਡਿੱਗ ਗਈ ਸੀ ਜੋ ਅੱਜ ਵੀ ਉਸੇ ਤਰ੍ਹਾਂ ਡਿੱਗੀ ਹੋਈ ਹੈ। ਮਨਜੀਤ ਕੌਰ ਦੇ ਦੋ ਪੁੱਤਰ ਹਨ ਤੇ ਦੋਵੇਂ ਉਹਨਾਂ ਤੋਂ ਵੱਖ ਰਹਿੰਦੇ ਹਨ।

ਹਾਲਾਂਕਿ ਉਹਨਾਂ ਨੂੰ ਹਰ ਮਹੀਨਾ 1500 ਰੁਪਏ ਬੁਢਾਪਾ ਪੈਨਸ਼ਨ ਵੀ ਮਿਲਦੀ ਹੈ, ਪਰ ਉਹ ਕਹਿੰਦੇ ਹਨ ਕਿ ਸਰਕਾਰ ਵੱਲੋਂ ਦਿੱਤੇ ਇਹ ਪੈਸੇ ਮਿਲਣ 'ਤੇ ਹੁਣ ਦਵਾਈ ਲੈਣੀ ਸੌਖੀ ਹੋ ਜਾਵੇਗੀ ਜਾਂ ਉਹ ਆਪਣੀ ਮਰਜ਼ੀ ਦਾ ਕੋਈ ਕੱਪੜਾ ਖਰੀਦ ਸਕਣਗੇ। ਮਨਜੀਤ ਕੌਰ ਦੱਸਦੇ ਹਨ, "ਸਾਰੀ ਉਮਰ ਮੈਂ ਕਦੇ ਆਪ ਸੂਟ ਲੈ ਕੇ ਨਹੀਂ ਦੇਖਿਆ ਜੋ ਪੇਕਿਆਂ ਨੇ ਦੇ ਦਿੱਤਾ ਉਹ ਪਾ ਲੈਣਾ, ਪਰ ਹੁਣ ਮੈਂ ਸੋਚਦੀ ਹਾਂ ਕਿ ਆਪਣੀ ਮਰਜ਼ੀ ਦਾ ਸੂਟ ਵੀ ਲੈ ਸਕਾਂਗੀ।"

ਹਾਲਾਂਕਿ ਉਹ ਸ਼ੂਗਰ ਦੇ ਮਰੀਜ਼ ਹਨ, ਉਹਨਾਂ ਮੁਤਾਬਕ ਹਰ ਮਹੀਨੇ ਉਹਨਾਂ ਦੀ ਤਿੰਨ ਹਜ਼ਾਰ ਤੱਕ ਦੀ ਦਵਾਈ ਆਉਂਦੀ ਹੈ। ਜਿਸਦੇ ਪੈਸੇ ਜਾਂ ਤਾਂ ਉਹ ਆਪਣੇ ਪੁੱਤਰਾਂ ਤੋਂ ਮੰਗਦੇ ਸਨ ਜਾਂ ਜੋ ਬੁਢਾਪਾ ਪੈਨਸ਼ਨ ਆਉਂਦੀ ਹੈ, ਉਸਦੇ ਵਿਚੋਂ ਖਰਚਦੇ ਸਨ।" ਹੁਣ ਕਹਿੰਦੇ ਹਨ, "ਹੁਣ ਜੇ ਟੈਸਟ ਕਰਾਉਣੇ ਹੋਣਗੇ ਤਾਂ ਕਿਸੇ ਤੋਂ ਪੈਸੇ ਮੰਗਣ ਦੀ ਲੋੜ ਨਹੀਂ ਪਵੇਗੀ। ਹੁਣ ਮੇਰੇ ਕੋਲ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਹੋ ਜਾਣਗੇ ਤਾਂ ਮੈਂ ਆਪਣੀ ਦਵਾਈ ਆਪ ਖਰੀਦ ਸਕਦੀ ਹਾਂ।"

ਉਹਨਾਂ ਦੇ ਪਤੀ ਦੇਵ ਸਿੰਘ ਪਹਿਲਾ ਪ੍ਰਾਈਵੇਟ ਨੌਕਰੀ ਕਰਦੇ ਸਨ ਪਰ ਹੁਣ ਬੁਢਾਪੇ ਕਾਰਨ ਉਹ ਵੀ ਘਰ ਹੀ ਰਹਿੰਦੇ ਹਨ। ਦੇਵ ਸਿੰਘ ਵੀ ਸਰਕਾਰ ਵੱਲੋਂ ਆਪਣੀ ਪਤਨੀ ਨੂੰ ਮਿਲੀ ਵਿੱਤੀ ਸਹਾਇਤਾ ਤੋਂ ਖੁਸ਼ ਹਨ। ਇਹਨਾਂ ਪੈਸਿਆਂ ਨੂੰ ਉਹ ਆਪਣੇ 'ਤੇ ਪਏ ਵਿੱਤੀ ਬੋਝ ਨੂੰ ਘੱਟ ਕਰਨ ਦਾ ਇੱਕ ਸਾਧਨ ਮੰਨਦੇ ਹਨ। ਉਹ ਕਹਿੰਦੇ ਹਨ, "ਹੋਰ ਕੁਝ ਨਹੀਂ ਤਾਂ ਇਸਦੀ ਦਵਾਈ ਦਾ ਖਰਚਾ ਹੀ ਹੁਣ ਅਸੀਂ ਆਪ ਕਰ ਲਿਆ ਕਰਾਂਗੇ। ਅੱਗੇ ਮੈਨੂੰ ਕਰਨਾ ਪੈਂਦਾ ਸੀ, ਹੁਣ ਮੇਰੀ ਪੈਨਸ਼ਨ, ਇਸਦੀ ਪੈਨਸ਼ਨ ਤੇ ਇਹ ਹਜ਼ਾਰ ਰੁਪਏ ਇਕੱਠੇ ਕਰਕੇ ਸਾਡੀ ਜ਼ਿੰਦਗੀ ਥੋੜ੍ਹੀ ਹੋਰ ਸੌਖੀ ਹੋ ਜਾਵੇਗੀ।"

ਇਸੇ ਤਰ੍ਹਾਂ ਮੁਹਾਲੀ ਨੇੜੇ ਇੱਕ ਪਿੰਡ ਵਿੱਚ ਰਹਿੰਦੇ ਇੱਕੋ ਪਰਿਵਾਰ ਦੀਆਂ ਦੋ ਔਰਤਾਂ ਜਸਵੀਰ ਕੌਰ (34 ਸਾਲ) ਅਤੇ ਹਰਪ੍ਰੀਤ ਕੌਰ (32 ਸਾਲ) ਦੇ ਖਾਤੇ ਵਿੱਚ 1 ਜੁਲਾਈ ਨੂੰ ਸਰਕਾਰ ਵੱਲੋਂ 4500-4500 ਰੁਪਏ ਪਾਏ ਗਏ।

ਉਹ ਕਹਿੰਦੇ ਹਨ ਕਿ ਉਹਨਾਂ ਨੇ 1 ਜੁਲਾਈ ਨੂੰ ਸਾਰਾ ਦਿਨ ਪੈਸਿਆਂ ਦਾ ਇੰਤਜ਼ਾਰ ਕੀਤਾ ਪਰ ਫੇਰ ਸ਼ਾਮ ਨੂੰ ਸਾਢੇ 7 ਵਜੇ ਦੇ ਕਰੀਬ ਉਹਨਾਂ ਦੇ ਖਾਤਿਆਂ ਵਿੱਚ ਪੈਸੇ ਆਏ, ਜਿਸ ਮਗਰੋਂ ਉਹਨਾਂ ਨੂੰ ਵੀ ਖੁਸ਼ੀ ਹੋਈ। ਹਰਪ੍ਰੀਤ ਕੌਰ ਕਹਿੰਦੇ ਹਨ, "ਇਹਨਾਂ ਪੈਸਿਆਂ ਨਾਲ ਹੁਣ ਬੱਚਿਆਂ ਲਈ ਕੁਝ ਖਰੀਦਣਾ ਤਾਂ ਘਰ ਵਾਲਿਆਂ ਤੋਂ ਪੈਸੇ ਮੰਗਣ ਦੀ ਲੋੜ ਨਹੀਂ ਪਵੇਗੀ। ਆਪਣੀ ਮਰਜ਼ੀ ਨਾਲ ਜੋ ਦਿਲ ਕਰੇਗਾ ਉਹ ਖਰੀਦ ਸਕਾਂਗੇ।"

ਇਸੇ ਤਰ੍ਹਾਂ ਜਸਵੀਰ ਕੌਰ ਮੰਨਦੇ ਹਨ ਕਿ ਸਰਕਾਰ ਵਲੋਂ ਦਿੱਤੇ ਇਹ ਪੈਸੇ ਖੁਸ਼ੀ ਦਿੰਦੇ ਹਨ। ਨੌਕਰੀ ਕਰਦੀਆਂ ਕੁੜੀਆਂ ਨੂੰ ਦੇਖਦੇ ਸੀ ਤਾਂ ਲੱਗਦਾ ਸੀ ਉਹਨਾਂ ਕੋਲ ਪੈਸੇ ਹਨ, ਹੁਣ ਸਾਡੇ ਕੋਲ ਵੀ ਪੈਸੇ ਹੋਇਆ ਕਰਨਗੇ।" ਪਰ ਇਸਦੇ ਉਲਟ ਬਹੁਤ ਸਾਰੀਆਂ ਔਰਤਾਂ ਨੇ ਗੱਲ ਕਰਦਿਆਂ ਸਰਕਾਰ ਦੀ ਇਸ ਸਕੀਮ ਦੀ ਨਿਖੇਧੀ ਵੀ ਕੀਤੀ।

"ਪੜਾਈ ਅਤੇ ਇਲਾਜ ਮੁਫ਼ਤ ਹੋਣੇ ਚਾਹੀਦੇ"

ਦਲਿਤ ਭਾਈਚਾਰੇ ਨਾਲ ਸੰਬੰਧਿਤ ਹਰਬੰਸ ਕੌਰ ਮੰਨਦੇ ਹਨ ਕਿ ਸਰਕਾਰ ਵੱਲੋਂ ਦਿੱਤੇ ਇਹਨਾਂ ਪੈਸਿਆਂ ਨਾਲ ਉਹਨਾਂ ਦੀ ਜ਼ਿੰਦਗੀ ਵਿੱਚ ਬਹੁਤ ਜ਼ਿਆਦਾ ਅਸਰ ਨਹੀਂ ਪਵੇਗਾ। ਸਰਕਾਰ ਨੂੰ ਸਿਹਤ ਸਹੂਲਤਾਂ ਦੇਣ ਵੱਲ ਧਿਆਨ ਦੇਣਾ ਚਾਹੀਦਾ ਹੈ। ਹਾਲਾਂਕਿ ਉਹਨਾਂ ਨੇ ਸਰਕਾਰ ਦੀ ਮਾਵਾਂ ਧੀਆਂ ਸਤਿਕਾਰ ਯੋਜਨਾ ਲਈ ਅਪਲਾਈ ਕੀਤਾ ਸੀ ਤੇ ਉਹਨਾਂ ਨੂੰ 4500 ਰੁਪਏ ਵੀ ਸਰਕਾਰ ਵੱਲੋਂ ਖਾਤੇ ਵਿੱਚ ਭੇਜੇ ਗਏ ਹਨ। ਉਹ ਕਹਿੰਦੇ ਹਨ, "ਕੱਪੜੇ ਤਾਂ ਅਸੀਂ ਪਹਿਲਾਂ ਵੀ ਪਾਉਂਦੇ ਹੀ ਸੀ, ਸਰਕਾਰ ਵੱਲੋਂ ਦਿੱਤੇ ਪੈਸਿਆਂ ਨਾਲ ਕੋਈ ਫਰਕ ਨਹੀਂ ਪੈਣਾ। ਸਰਕਾਰ ਨੇ ਕੁਝ ਕਰਨਾ ਤਾਂ ਬੱਚਿਆਂ ਦੀ ਪੜ੍ਹਾਈ ਸਸਤੀ ਕਰੇ ਤੇ ਲੋਕਾਂ ਦੇ ਇਲਾਜ 'ਤੇ ਆਉਣ ਵਾਲਾ ਖਰਚਾ ਘੱਟ ਜਾਂ ਮੁਫ਼ਤ ਕਰੇ।" ਉਹ ਦੱਸਦੇ ਹਨ ਕਿ ਖੁਦ ਦੇ ਮੈਡੀਕਲ ਟੈਸਟ ਕਰਵਾਉਣ ਲਈ ਉਹਨਾਂ ਨੂੰ ਬਹੁਤ ਖਰਚਾ ਕਰਨਾ ਪੈਂਦਾ ਹੈ। ਸਰਕਾਰੀ ਹਸਪਤਾਲਾਂ ਵਿੱਚ ਕੁਝ ਸਹੂਲਤਾਂ ਮੁਫ਼ਤ ਜਾਂ ਘੱਟ ਖਰਚੇ 'ਤੇ ਮਿਲ ਜਾਂਦੀਆਂ ਹਨ, ਪਰ ਮਹਿੰਗੇ ਟੈਸਟ ਅਤੇ ਦਵਾਈਆਂ ਲਈ ਲੋਕਾਂ ਨੂੰ ਨਿੱਜੀ ਅਦਾਰਿਆਂ ਵਿੱਚ ਜਾਣਾ ਪੈਂਦਾ ਹੈ , ਜੋ ਕਿ ਬਹੁਤ ਮਹਿੰਗੇ ਹੁੰਦੇ ਹਨ। "ਸਕੂਲ ਬਹੁਤ ਥੋੜੀ ਥਾਂ 'ਚ ਬਣਿਆ ਹੋਇਆ, ਪਖਾਨਿਆਂ ਕੋਲ ਹੀ ਮਿਡ ਦੇ ਮੀਲ ਦਾ ਭੋਜਨ ਬਣਦਾ ਹੈ, ਬੱਚਿਆਂ ਕੋਲ ਖੇਡਣ ਦਾ ਮੈਦਾਨ ਨਹੀਂ, ਅਸੀਂ ਤਿੰਨ ਮਹੀਨਿਆਂ ਤੋਂ ਇਹ ਮੰਗ ਕਰ ਰਹੇ ਹਾਂ ਕਿ ਸਕੂਲ ਖੁੱਲ੍ਹੀ ਥਾਂ 'ਚ ਬਣਾਇਆ ਜਾਵੇ, ਇਸ ਲਈ ਅਸੀਂ ਵਾਰ-ਵਾਰ ਧਰਨੇ ਵੀ ਲਗਾਉਂਦੇ ਰਹੇ ਪਰ ਕਿਸੇ ਨੇ ਸਾਡੀ ਕੋਈ ਗੱਲ ਨਹੀਂ ਸੁਣੀ।"

"ਸਰਕਾਰ ਰੁਜ਼ਗਾਰ ਦੇਵੇ, ਲਾਲਚ ਨਹੀਂ"

ਸੰਗਰੂਰ ਦੇ ਹੀ ਇੱਕ ਪਿੰਡ ਦੇ ਰਹਿਣ ਵਾਲੇ ਪਰਮਜੀਤ ਕੌਰ ਸਰਕਾਰ ਤੋਂ ਪੈਸੇ ਦੀ ਮਦਦ ਦੀ ਥਾਂ ਨੌਕਰੀ ਦੀ ਮੰਗ ਕਰਦੇ ਹਨ। ਉਹ ਇਹ ਵੀ ਮੰਨਦੇ ਹਨ ਕਿ ਜੇਕਰ ਅਜਿਹੀ ਸਹਾਇਤਾ ਪੈਨਸ਼ਨ ਵਰਗੀਆਂ ਯੋਜਨਾਵਾਂ ਨਾਲ ਜੁੜੇ ਰੂਪ ਵਿੱਚ ਮਿਲੇ, ਤਾਂ ਲੋਕਾਂ ਵਿੱਚ ਹੋਰ ਭਰੋਸਾ ਬਣ ਸਕਦਾ ਹੈ। ਉਹ



ਕਹਿੰਦੇ ਹਨ, "ਸਾਨੂੰ ਇਹਨਾਂ ਪੈਸਿਆਂ ਦੀ ਲੋੜ ਨਹੀਂ ਸੀ, ਸਾਨੂੰ ਲੋੜ ਨੌਕਰੀਆਂ ਦੀ ਸੀ। ਮੈਂ ਆਪਣੀਆਂ ਧੀਆਂ ਨੂੰ ਦਿਹਾੜੀ ਮਜ਼ਦੂਰੀ ਕਰਕੇ ਪੜ੍ਹਾਇਆ ਪਰ ਅੱਜ ਉਹ ਪ੍ਰਾਈਵੇਟ ਨੌਕਰੀ ਕਰਦੀਆਂ ਹਨ। ਸਰਕਾਰ ਚਾਹੁੰਦੀ ਤਾਂ ਨੌਜਵਾਨਾਂ ਨੂੰ ਨੌਕਰੀ ਦੇ ਸਕਦੀ ਸੀ ਤਾਂ ਜੋ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।

"ਇਹ ਤਾਂ ਸਰਕਾਰ ਵੋਟਾਂ ਤੋਂ ਪਹਿਲਾਂ ਲਾਲਚ ਦੇਣ ਦਾ ਕੰਮ ਕਰ ਰਹੀ ਹੈ, ਵੋਟਾਂ ਕਰਕੇ ਹੀ ਸਰਕਾਰ ਨੇ ਇਹ ਪੈਸੇ ਦਿੱਤੇ ਹਨ, ਇਸ ਨਾਲ ਅਸੀਂ ਕੋਈ ਬਹੁਤਾ ਖੁਸ਼ ਨਹੀਂ ਹਾਂ। ਮਨਰੇਗਾ ਸਰਕਾਰਾਂ ਨੇ ਖੋਹ ਲਿਆ। ਸਰਕਾਰ ਨੇ ਮਦਦ ਕਰਨੀ ਸੀ ਤਾਂ ਮਨਰੇਗਾ ਵਰਗੇ ਕੰਮ ਸਾਨੂੰ ਦੇਵੇ ਤਾਂ ਜੋ ਅਸੀਂ ਆਪਣਾ ਗੁਜ਼ਾਰਾ ਆਪ ਕਰ ਸਕੀਏ।"

"ਸਾਡੀ ਵੋਟ 1500 ਦੀ ਨਹੀਂ, ਬਹੁਤ ਕੀਮਤੀ ਹੈ"

ਮਜ਼ਦੂਰੀ ਕਰਦੇ ਜਸਪਾਲ ਕੌਰ ਵੀ ਸਰਕਾਰ ਦੀ ਇਸ ਵਿੱਤੀ ਮਦਦ ਤੋਂ ਖੁਸ਼ ਨਹੀਂ ਹਨ। ਉਹ ਕਹਿੰਦੇ ਹਨ ਕਿ ਬਜ਼ੁਰਗ ਔਰਤਾਂ ਨੂੰ ਪੈਸੇ ਦੀ ਮਦਦ ਦਿੱਤੀ ਜਾ ਸਕਦੀ ਹੈ ਪਰ ਅਸੀਂ ਜੋ ਕੰਮ ਕਰ ਸਕਦੇ ਹਾਂ, ਸਾਨੂੰ ਕੰਮ ਦਿੱਤਾ ਜਾਣਾ ਚਾਹੀਦਾ ਹੈ। ਤਾਂ ਜੋ ਅਸੀਂ ਆਪਣੇ ਹੱਥੀਂ ਪੈਸੇ ਕਮਾ ਸਕੀਏ।

"ਸਾਨੂੰ ਲੱਗਦਾ ਕਿ ਇਹ ਸਿਰਫ ਵੋਟਾਂ ਤੱਕ ਸਰਕਾਰ ਲਾਲਚ ਦੇ ਰਹੀ ਹੈ , ਵੋਟਾਂ ਤੋਂ ਬਾਅਦ ਸਰਕਾਰ ਇਹ ਸਕੀਮ ਖਤਮ ਕਰ ਦੇਵੇਗੀ। ਪਰ ਅਸੀਂ ਸਰਕਾਰ ਨੂੰ ਦੱਸਣਾ ਚਾਹੁੰਦੇ ਹਨ ਕਿ ਸਾਡੀ ਵੋਟ 1500 ਰੁਪਏ ਦੀ ਨਹੀਂ ਹੈ, ਸਾਡੀ ਵੋਟ ਬਹੁਤ ਕੀਮਤੀ ਹੈ। ਸਰਕਾਰ ਸਾਨੂੰ ਲਾਲਚ 'ਤੇ ਨਾ ਲਾਵੇ, ਪੈਸੇ ਕਮਾਉਣ ਵਿੱਚ ਲੋਕਾਂ ਦੀ ਮਦਦ ਕਰੇ।" ਖੈਰ, ਇਸ ਸਕੀਮ ਨੂੰ ਲੈ ਕੇ ਹਰ ਕਿਸੇ ਦੀ ਆਪੋ-ਆਪਣੀ ਰਾਏ ਹੈ। ਪਰ ਆਮ ਆਦਮੀ ਪਾਰਟੀ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਕੀਤਾ ਇਹ ਵਾਅਦਾ ਅਗਲੀਆਂ ਚੋਣਾਂ ਤੋਂ ਬਿਲਕੁਲ ਪਹਿਲਾਂ ਪੂਰਾ ਕਰਕੇ ਵੱਡਾ ਦਾਅ ਜ਼ਰੂਰ ਖੇਡਿਆ ਹੈ।

# ਇਰਾਨ ਦੇ ਰਿਹੈ ਅਮਰੀਕਾ ਨੂੰ ਬਦਲਾ ਲੈਣ ਦੀਆਂ ਧਮਕੀਆਂ

ਇਰਾਨ ਦੇ ਨਵੇਂ ਸੁਪਰੀਮ ਲੀਡਰ ਆਇਤੁੱਲਾ ਮੁਜਤਬਾ ਖਮੇਨੇਈ ਨੇ ਟੈਲੀਗ੍ਰਾਮ ਖਾਤੇ ਰਾਹੀਂ ਸੰਦੇਸ਼ ਜਾਰੀ ਕਰਦਿਆਂ ਐਲਾਨ ਕੀਤਾ ਕਿ ਸਾਬਕਾ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੇਈ ਦੀ ਮੌਤ ਦਾ ਬਦਲਾ ਲੈਣਾ ਪੂਰੇ ਰਾਸ਼ਟਰ ਦੀ ਮੰਗ ਹੈ ਅਤੇ ਇਹ ਕਾਰਵਾਈ ਯਕੀਨੀ ਤੌਰ 'ਤੇ ਕੀਤੀ ਜਾਵੇਗੀ। ਸਾਬਕਾ ਸੁਪਰੀਮ ਲੀਡਰ ਦੀ ਅੰਤਿਮ ਯਾਤਰਾ ਦੌਰਾਨ ਲੋਕਾਂ ਨੇ ਅਮਰੀਕਾ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਜਾਨੋਂ ਮਾਰਨ ਦੀ ਮੰਗ ਕੀਤੀ।



ਦੂਜੇ ਪਾਸੇ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ 'ਤੇ ਧਮਕੀ ਦਿੱਤੀ ਹੈ ਕਿ ਇਰਾਨ ਦੇ ਖ਼ਤਰੇ ਦਾ ਜਵਾਬ ਦੇਣ ਲਈ ਅਮਰੀਕਾ ਦੀਆਂ ਹਜ਼ਾਰ ਮਿਜ਼ਾਈਲਾਂ ਤਿਆਰ ਹਨ। ਟਰੰਪ ਨੇ ਕਿਹਾ ਕਿ ਜੇ ਇਰਾਨ ਨੇ ਕੋਈ ਕਾਰਵਾਈ ਕੀਤੀ ਤਾਂ ਉਸ ਦੇ ਖੇਤਰਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇਗਾ। ਇਸ ਦੌਰਾਨ ਇਰਾਨ ਨੇ ਅਮਰੀਕੀ ਮੰਗਾਂ ਨੂੰ ਖਾਰਜ ਕਰਦਿਆਂ ਹਰਮੁਜ਼ ਜਲ ਮਾਰਗ 'ਤੇ ਆਪਣਾ ਵਿਸ਼ੇਸ਼ ਕੰਟਰੋਲ ਹੋਣ ਦਾ ਦਾਅਵਾ ਕੀਤਾ ਹੈ। ਸੰਯੁਕਤ ਰਾਸ਼ਟਰ ਵਿੱਚ ਇਰਾਨ ਦੇ ਡਿਪਲੋਮੈਟ ਨੇ ਸਪੱਸ਼ਟ ਕੀਤਾ ਕਿ ਇਸ ਜਲ ਮਾਰਗ ਨੂੰ ਖੁੱਲ੍ਹਾ ਰੱਖਣ ਜਾਂ ਸੁਰੱਖਿਆ ਨਾਲ ਜੁੜੀ ਕੋਈ ਵੀ ਕਾਰਵਾਈ ਸਿਰਫ਼ ਇਰਾਨ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ।

ਤਹਿਰਾਨ ਨੇ ਇਸ ਕੌਮਾਂਤਰੀ ਜਲ ਮਾਰਗ ਤੋਂ ਲੰਘਣ ਵਾਲੇ ਵਪਾਰਕ ਜਹਾਜ਼ਾਂ 'ਤੇ ਹਮਲੇ ਨਾ ਕਰਨ ਦੀ ਅਮਰੀਕੀ ਸ਼ਰਤ ਮੰਨਣ ਤੋਂ ਇਨਕਾਰ ਕਰ ਦਿੱਤਾ ਤੇ ਜਹਾਜ਼ਾਂ ਤੋਂ ਟੈਕਸ ਵਸੂਲਣ ਦੀ ਗੱਲ 'ਤੇ ਅੜਿਆ ਰਿਹਾ।

# ਕੀ ਹੋਵੇਗੀ ਪੰਜਾਬ ਦੀ ਭਵਿੱਖੀ ਦਿਸ਼ਾ?

(ਸਫਾ 18 ਦੀ ਬਾਕੀ)

ਨੇ ਕਈ ਵਾਰ ਕਿਹਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਿਪਾਹੀ ਹੈ ਜਦੋਂਕਿ ਪਹਿਲੇ ਪ੍ਰਧਾਨ ਖੁਦ ਨੂੰ ਪੰਥ ਦੇ ਸੇਵਕ ਕਹਾਉਂਦੇ ਸਨ। ਇਸੇ ਵਿੱਚ ਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਬਰਖ਼ਾਸਤਗੀ ਫਸੀ ਹੋਈ ਹੈ। ਇੱਕ ਪਾਸੇ ਸਰਬਸ਼ਕਤੀਮਾਨਤਾ ਅਤੇ ਦੂਜੇ ਪਾਸੇ ਅਚਾਨਕ ਬਰਖਾਸਤਗੀ। ਇਹ ਸਾਰਾ ਬਿਰਤਾਂਤ ਆਗਾਮੀ ਵਿਧਾਨ ਸਭਾ ਚੋਣਾਂ ਨਾਲ ਵੀ ਅਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ।

ਇਸ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਸਿੱਖ ਸੰਗਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੂੰਹ ਨਾ ਲਾਉਣ ਦੇ ਆਦੇਸ਼ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਹਰ ਦਿਨ ਇਹ ਸਾਹਮਣੇ ਆ ਰਿਹਾ ਹੈ ਕਿ ਜ਼ਮੀਨੀ ਪੱਧਰ 'ਤੇ ਇਸ ਦਾ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ। ਉਦਾਹਰਣ ਵਜੋਂ, ਜੇ ਆਗਾਮੀ ਚੋਣਾਂ ਮਗਰੋਂ ਮਾਨ ਸਰਕਾਰ ਫਿਰ ਸੱਤਾ ਵਿੱਚ ਆ ਜਾਂਦੀ ਹੈ ਤਾਂ ਇਸ ਆਦੇਸ਼ ਨੂੰ ਕਿਵੇਂ ਸਮਝਿਆ ਜਾਵੇਗਾ? ਪੰਜਾਬ ਦਾ ਸਾਰਾ ਸਿਆਸੀ ਮਾਹੌਲ ਇਨ੍ਹਾਂ ਮਸਲਿਆਂ 'ਤੇ ਕੇਂਦਰਿਤ ਹੈ, ਨਾ ਕਿ ਸਰਕਾਰ ਦੀ ਕਾਰਗੁਜ਼ਾਰੀ 'ਤੇ। ਸਿਰਫ਼ ਸੱਤਾਧਾਰੀ ਧਿਰ ਲਈ ਹੀ ਇਹ ਵਰਤਾਰਾ ਕਾਰਗਰ ਨਹੀਂ ਹੁੰਦਾ, ਇਹ ਵਿਰੋਧੀ ਧਿਰਾਂ ਨੂੰ ਵੀ ਬਹੁਤ ਰਾਸ ਆਉਂਦਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਨੇ ਹੀ ਇੱਥੇ ਸਮੇਂ-ਸਮੇਂ 'ਤੇ ਰਾਜ ਕੀਤਾ ਹੈ। 1980 ਦੇ ਆਸ-ਪਾਸ ਪ੍ਰਤੀ ਜੀਅ ਆਮਦਨ ਵਿੱਚ ਪੰਜਾਬ ਦੇਸ਼ 'ਚੋਂ ਮੋਹਰੀ ਸੀ, ਪਰ ਹੁਣ ਸਭ ਤੋਂ ਪੱਛੜ ਗਿਆ ਹੈ। ਪੰਜਾਬ ਦਾ ਗਰਾਫ਼ ਹੇਠਾਂ ਲਿਜਾਣ ਵਿੱਚ ਸਮੇਂ ਸਮੇਂ ਦੇ ਸੱਤਾਧਾਰੀਆਂ ਦੀ ਭੂਮਿਕਾ ਹੈ। ਜਦੋਂ ਗੱਲ ਸੱਤਾਧਾਰੀਆਂ ਦੀ ਆਉਂਦੀ ਹੈ ਤਾਂ ਇਸ ਵਿੱਚ ਸਿਆਸੀ ਧਿਰਾਂ ਅਤੇ ਅਫ਼ਸਰਸ਼ਾਹੀ ਦੋਵੇਂ ਹੀ ਸ਼ਾਮਿਲ ਹਨ। ਸੂਬੇ 'ਚ ਲਗਾਤਾਰ ਆ ਰਹੇ ਨਿਘਾਰ ਬਾਰੇ 1997 ਤੋਂ ਲੈ ਕੇ ਅੱਜ ਤੱਕ ਕਦੇ ਵੀ ਵਿਧਾਨ ਸਭਾ ਵਿੱਚ ਨਿੱਠ ਕੇ ਘੰਟਾ-ਦੋ ਘੰਟੇ ਬਹਿਸ ਨਹੀਂ ਹੋਈ। ਉਧਰ, ਇਸ ਖੇਤੀ ਪ੍ਰਧਾਨ ਸੂਬੇ ਲਈ ਅੱਜ ਤੱਕ ਖੇਤੀ ਨੀਤੀ ਹੀ ਨਹੀਂ ਬਣੀ। ਮਾਨ ਸਰਕਾਰ ਨੇ ਇਸ ਮਾਮਲੇ 'ਤੇ ਪਹਿਲ ਕਰਕੇ ਇਹ ਨੀਤੀ ਬਣਾਈ, ਪਰ ਇਹ ਕਈ ਹੋਰ ਉਲਝਣਾਂ ਦਾ ਸ਼ਿਕਾਰ ਹੋ ਗਈ। ਪੰਜਾਬ ਫ਼ਸਲੀ ਵਿਭਿੰਨਤਾ ਦੇ ਪਹਿਲੇ ਪੜਾਅ ਦੇ ਬਿਰਤਾਂਤ ਵਿੱਚ ਫਸ ਗਿਆ ਹੈ। ਸੂਬੇ ਦੇ ਆਰਥਿਕ ਵਿਕਾਸ ਦੀ ਕਾਰਗਰ ਨੀਤੀ ਤੋਂ ਬਗ਼ੈਰ ਫ਼ਸਲੀ ਵਿਭਿੰਨਤਾ ਨਹੀਂ ਲਿਆਂਦੀ ਜਾ ਸਕਦੀ। ਜਿਹੜੀਆਂ ਨੀਤੀਆਂ ਬਣੀਆਂ ਉਨ੍ਹਾਂ ਨੇ ਪੰਜਾਬੀਆਂ ਨੂੰ ਮੰਗਤੇ ਬਣਾਉਣ ਦੇ ਰਾਹ ਪਾ ਦਿੱਤਾ। ਪੰਜਾਬ ਦੁਨੀਆ ਵਿੱਚ ਜਾਗਦੀ ਜ਼ਮੀਰ ਲਈ ਜਾਣਿਆ ਜਾਂਦਾ ਸੀ। ਸੋਸ਼ਲ ਸਕਿਉਰਿਟੀ ਅਤੇ ਮੁਫ਼ਤਖੋਰੀ ਵਿੱਚ ਫ਼ਰਕ ਹੁੰਦਾ ਹੈ। ਜ਼ਮੀਰ ਕਦੇ ਵੀ ਬੰਦੂਕ ਦੀ ਗੋਲੀ ਨਾਲ ਨਹੀਂ ਮਰਦੀ। ਪਿੱਛੇ ਜਿਹੇ ਤਾਮਿਲਨਾਡੂ ਵਿੱਚ ਵਿਧਾਨ ਸਭਾ ਚੋਣਾਂ ਹੋਈਆਂ। ਮੁਫ਼ਤ ਦੀਆਂ ਸੌਗਾਤਾਂ ਦੀ ਸਿਆਸਤ ਵਿੱਚ ਤਾਮਿਲਨਾਡੂ, ਮੁਲਕ ਵਿੱਚ ਮੋਹਰੀ ਸੀ ਅਤੇ ਰਾਜ ਵੀ ਵਾਰੋ-ਵਾਰੀ ਦੋ ਦ੍ਰਾਵਿੜ ਸਿਆਸੀ ਪਾਰਟੀਆਂ ਨੇ ਕੀਤਾ, ਪਰ ਐਤਕੀਂ ਲੋਕਾਂ ਨੇ ਇਸ ਸਿਆਸਤ ਨੂੰ ਹਰਾ ਕੇ ਇਤਿਹਾਸ ਸਿਰਜ ਦਿੱਤਾ। ਆਮਦਨ ਦੇ ਵੱਧ ਸਰੋਤ ਹੋਣ ਦੇ ਬਾਵਜੂਦ ਇਹ ਸੂਬਾ ਵੀ ਕਰਜ਼ਈ ਹੋ ਚੁੱਕਾ ਹੈ। ਮੁਫ਼ਤ ਦੀਆਂ ਸੌਗਾਤਾਂ ਦੀ ਸਿਆਸਤ ਜਨਤਾ ਨੇ ਨਕਾਰ ਦਿੱਤੀ ਹੈ। ਪੰਜਾਬ ਦੇ ਕਰਜ਼ੇ ਵਿੱਚ ਲਗਾਤਾਰ ਵਾਧਾ, ਨਸ਼ੇ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਬਿਮਾਰੀ ਦੇ ਲੱਛਣ ਹਨ। ਮਸਲਾ ਇਨ੍ਹਾਂ ਬਿਮਾਰੀਆਂ ਦੀ ਜੜ੍ਹ ਤੱਕ ਜਾਣ ਦਾ ਹੈ।

ਪੰਜਾਬ ਦੀ ਨੁਹਾਰ ਬਦਲਣ ਤੇ ਨਵੀਂ ਸੋਚ ਅਪਣਾਉਣ ਦੀ ਲੋੜ ਹੈ, ਨਾ ਕਿ ਦੂਸ਼ਣਬਾਜ਼ੀ ਦੀ ਸਿਆਸਤ ਦੀ। ਇਨ੍ਹਾਂ ਬਿਮਾਰੀਆਂ ਤੋਂ ਪੀੜਤ ਤਾਂ ਲੋਕਾਈ ਹੈ, ਪਰ ਸੱਤਾਧਾਰੀ ਧਿਰਾਂ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀਆਂ ਹਨ। ਦਰਅਸਲ, ਇਹ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਬਾਰੇ ਬਣੇ ਕਾਨੂੰਨ ਨੂੰ ਲੈ ਕੇ ਜਥੇਦਾਰ ਅਕਾਲ ਤਖ਼ਤ ਦੁਆਰਾ ਸੂਬੇ ਦੇ ਵਿਧਾਇਕਾਂ ਨੂੰ ਤਲਬ ਕਰ ਕੇ ਇਤਿਹਾਸ ਸਿਰਜਣ ਤੋਂ ਸ਼ੁਰੂ ਹੋਈ ਸੀ। ਇਤਿਹਾਸ ਸਿਰਜਣ ਦੀ ਇਹ ਕਵਾਇਦ ਕਿਹੜੀਆਂ ਨਵੀਆਂ ਪਿਰਤਾਂ ਪਾਵੇਗੀ? ਹੁਣ ਦੇਖਣਾ ਇਹ ਹੋਵੇਗਾ ਕਿ ਪੰਜਾਬ ਕਿਸ ਦਿਸ਼ਾ ਵੱਲ ਜਾ ਰਿਹਾ ਹੈ, ਦਸ਼ਾ ਦਾ ਤਾਂ ਖ਼ੈਰ ਪਤਾ ਹੀ ਹੈ।

# ਬੱਚਿਆਂ ’ਤੇ ਮੰਡਰਾ ਰਿਹਾ ਸਾਈਬਰ ਖ਼ਤਰਾ

**ਡਾ. ਵਿਸ਼ੇਸ਼ ਗੁਪਤਾ**

ਇੰਟਰਨੈੱਟ ਮੀਡੀਆ ਦੀ ਦੁਨੀਆ ਵਿਚ ਅੱਜ ਬੱਚਿਆਂ ਦਾ ਬਚਪਨ ਲਾਈਕਸ ਅਤੇ ਵਿਊਜ਼ ਦੇ ਵਿਚਕਾਰ ਪਲਣ ਲਈ ਮਜਬੂਰ ਹੈ। ਬੱਚੇ ਦੇ ਮੋਬਾਈਲ ਸਕ੍ਰੋਲਿੰਗ, ਚੈਟਿੰਗ, ਰੀਲਜ਼ ਦੇਖਣ ਦੇ ਨਾਲ-ਨਾਲ ਰੀਲਜ਼ ਬਣਾਉਣ ਵਿਚ ਮਾਂ-ਬਾਪ ਦੀ ਸਰਗਰਮੀ ਚਿੰਤਾ ਦਾ ਵਿਸ਼ਾ ਬਣ ਰਹੀ ਹੈ। ਇਸ ਕਾਰਨ 80 ਫ਼ੀਸਦੀ ਤੋਂ ਵੱਧ ਬੱਚਿਆਂ ਦੇ ਚਿੱਤਰ ਜਾਂ ਉਨ੍ਹਾਂ ਦੇ ਵੀਡੀ ਇੰਟਰਨੈੱਟ ’ਤੇ ਮੌਜੂਦ ਹਨ। ਇਸ ਦਾ ਮਤਲਬ ਹੈ ਕਿ ਖੇਡਣ, ਖਾਣ-ਪੀਣ, ਪੜ੍ਹਨ ਅਤੇ ਕੁਝ ਰਚਨਾਤਮਕ ਕੰਮ ਕਰਨ ਦੀ ਉਮਰ ਵਿਚ ਅਸੀਂ ਆਪ ਹੀ ਉਨ੍ਹਾਂ ਨੂੰ ਸਾਈਬਰ ਬੁਲਿੰਗ, ਆਨਲਾਈਨ ਸ਼ੋਸ਼ਣ, ਡਿਜੀਟਲ ਲਤ ਦੇ ਨਾਲ-ਨਾਲ ਨਿੱਜਤਾ ਦੇ ਹਨਨ ਅਤੇ ਅਣਚਾਹੇ ਮਾਨਸਿਕ ਦਬਾਅ ਵੱਲ ਧੱਕ ਰਹੇ ਹਾਂ। ਦੁਨੀਆ ਵਿਚ ਅੱਜ ਕਰੀਬ 40 ਕਰੋੜ ਬੱਚੇ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਭਾਰਤ ਵਿਚ 9 ਤੋਂ 13 ਸਾਲ ਦੇ ਲਗਪਗ 76 ਫ਼ੀਸਦੀ ਬੱਚੇ ਫੇਸਬੁੱਕ, ਇੰਸਟਾਗ੍ਰਾਮ ਅਤੇ ਯੂ-ਟਿਊਬ ਵਰਗੇ ਇੰਟਰਨੈੱਟ ਮੀਡੀਆ ਦੀ ਵਰਤੋਂ ਸਿਰਫ਼ ਸਮਾਂ ਬਿਤਾਉਣ ਲਈ ਹੀ ਨਹੀਂ ਕਰ ਰਹੇ, ਸਗੋਂ ਉਹ ਕਿਡਜ਼ ਇਨਫਲੂਐਂਸਰ ਬਣਨ ਦੀ ਦਿਸ਼ਾ ਵਿਚ ਵੀ ਅੱਗੇ ਵਧ ਰਹੇ ਹਨ। ਅੱਜ ਸਿਰਫ਼ ਇੰਸਟਾਗ੍ਰਾਮ ’ਤੇ 83 ਹਜ਼ਾਰ ਤੋਂ ਵੱਧ ਕਿਡਜ਼ ਇਨਫਲੂਐਂਸਰ ਸਰਗਰਮ ਹਨ। ਹਾਲੀਆ ਸਾਲਾਂ ਵਿਚ ਇਨ੍ਹਾਂ ਦੀ ਗਿਣਤੀ ਵਿਚ 41 ਫ਼ੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ।

ਇੰਟਰਨੈੱਟ ਮੀਡੀਆ ਨਾਲ ਜੁੜੇ ਬੱਚੇ ਹੁਣ ਸਿਰਫ਼ ਰੀਲਜ਼ ਜਾਂ ਵੀਡੀ ਦੇਖਣ ਵਾਲੇ ਹੀ ਨਹੀਂ ਰਹੇ, ਸਗੋਂ ਸਮੱਗਰੀ ਨਿਰਮਾਤਾ ਅਤੇ ਪ੍ਰਮੋਸ਼ਨ ਲਈ ਬ੍ਰਾਂਡ ਵੀ ਬਣ ਰਹੇ ਹਨ। ਲੱਖਾਂ-ਕਰੋੜਾਂ ਫਾਲੋਅਰਾਂ ਦੇ ਬਲਬੂਤੇ ਸਮੱਗਰੀ ਨਿਰਮਾਣ ਕਰ ਕੇ ਇਹ ਲੱਖਾਂ ਰੁਪਏ ਵੀ ਕਮਾਉਂਦੇ ਹਨ। ਸਰਵੇਖਣ ਦੱਸਦੇ ਹਨ ਕਿ 2010 ਤੋਂ ਬਾਅਦ ਪੈਦਾ ਹੋਏ 37 ਫ਼ੀਸਦੀ ਬੱਚੇ ਇੰਟਰਨੈੱਟ ਮੀਡੀਆ ਦੇ ਖੇਤਰ ਵਿਚ ਇਨਫਲੂਐਂਸਰ ਬਣਨਾ ਚਾਹੁੰਦੇ ਹਨ। ਇਨ੍ਹਾਂ ਬੱਚਿਆਂ ਦੇ ਖਾਤੇ, ਉਨ੍ਹਾਂ ਦੀਆਂ ਵੀਡੀ ਜ਼ ਸ਼ੂਟਿੰਗ, ਉਨ੍ਹਾਂ ਦਾ ਸੰਪਾਦਨ ਅਤੇ ਇੰਟਰਨੈੱਟ ਮੀਡੀਆ ’ਤੇ ਅਪਲੋਡ ਕਰਨ ਦੇ ਸਾਰੇ ਕੰਮ ਇਨ੍ਹਾਂ ਦੇ ਮਾਂ-ਬਾਪ ਸੰਭਾਲਦੇ ਹਨ। ਇਹ ਕਿਡਜ਼ ਡਿਜੀਟਲ ਅਰਥਵਿਵਸਥਾ ਸਿਰਫ਼ ਇਕ ਆਰਥਿਕ ਧਾਰਨਾ ਹੀ ਨਹੀਂ ਹੈ, ਸਗੋਂ ਇਹ ਬਾਲ ਅਧਿਕਾਰਾਂ, ਸੁਰੱਖਿਆ, ਗੋਪਨੀਅਤਾ ਅਤੇ ਨੈਤਿਕਤਾ ਨਾਲ ਜੁੜਿਆ ਮਸਲਾ ਵੀ ਹੈ। ਜਦੋਂ ਕੋਈ ਬੱਚਾ ਇੰਟਰਨੈੱਟ ਮੀਡੀਆ ’ਤੇ



ਸਰਗਰਮ ਹੁੰਦਾ ਹੈ ਜਾਂ ਵੀਡੀ ਦੇਖਦਾ ਜਾਂ ਗੇਮ ਖੇਡਦਾ ਹੈ ਤਾਂ ਉਹ ਸਿਰਫ਼ ਮਨੋਰੰਜਨ ਹੀ ਨਹੀਂ, ਸਗੋਂ ਡਾਟਾ ਵੀ ਪੈਦਾ ਕਰ ਰਿਹਾ ਹੁੰਦਾ ਹੈ। ਅਜਿਹੇ ਸਮੇਂ ਵਿਚ ਉਸ ਦਾ ਵਿਵਹਾਰ, ਆਦਤਾਂ, ਪਸੰਦ-ਨਾਪਸੰਦ, ਰੁਚੀਆਂ ਅਤੇ ਉਸ ਦੇ ਮਨੋਵਿਗਿਆਨਕ ਪੈਟਰਨ ਤੱਕ ਇਨ੍ਹਾਂ ਡਿਜੀਟਲ ਕੰਪਨੀਆਂ ਲਈ ਇਕ ਆਰਥਿਕ ਵੈਲਿਊ ਲਈ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਜਦੋਂ ਕੋਈ ਬੱਚਾ ਵੀਡੀ ਦੇਖਦਾ ਹੈ, ਕੋਈ ਐਪ ਡਾਊਨਲੋਡ ਕਰਦਾ ਹੈ, ਗੇਮ ਖੇਡਦਾ ਹੈ ਜਾਂ ਆਨਲਾਈਨ ਕਲਾਸ ਵਿਚ ਹਿੱਸਾ ਲੈਂਦਾ ਹੈ ਤਾਂ ਉਸ ਸਮੇਂ ਉਸ ਦੀ ਸਥਿਤੀ, ਉਸ ਦਾ ਵਿਵਹਾਰ ਅਤੇ ਉਸ ਦੀਆਂ ਰੁਚੀਆਂ ਨਾਲ ਜੁੜੇ ਅੰਕੜੇ ਇਕੱਠੇ ਕੀਤੇ ਜਾਂਦੇ ਹਨ। ਡਿਜੀਟਲ ਕੰਪਨੀਆਂ ਇਨ੍ਹਾਂ ਅੰਕੜਿਆਂ ਦਾ ਇਸਤੇਮਾਲ ਮਾਰਕੀਟ ਰਿਸਰਚ, ਵਿਗਿਆਪਨ, ਵਪਾਰਕ ਰਣਨੀਤੀਆਂ ਦੇ ਨਿਰਮਾਣ ਅਤੇ ਐਲਗੋਰਿਦਮਿਕ ਸੁਝਾਵਾਂ ਲਈ ਕਰਦੀਆਂ ਹਨ। ਇਹੀ ਕਾਰਨ ਹੈ ਕਿ ਬੱਚਿਆਂ ਨਾਲ ਜੁੜੇ ਡਾਟਾ ਦੀ ਸੁਰੱਖਿਆ ਅੱਜ ਗੰਭੀਰ ਚਿੰਤਾ ਦਾ ਵਿਸ਼ਾ ਬਣ ਰਹੀ ਹੈ।

ਇਹ ਡਿਜੀਟਲ ਅਰਥਵਿਵਸਥਾ ਬੱਚਿਆਂ ਨੂੰ ਸਿੱਖਿਆ, ਇਨੋਵੇਸ਼ਨ, ਉੱਦਮੀਅਤਾ ਅਤੇ ਨਵੇਂ ਆਲਮੀ ਮੌਕਿਆਂ ਨਾਲ ਜੋੜ ਸਕਦੀ ਹੈ ਪਰ ਜੇਕਰ ਇਸ ਲਾਲਚ ਵਿਚ ਅਸੀਂ ਉਨ੍ਹਾਂ ਦੀ ਡਿਜੀਟਲ ਸੁਰੱਖਿਆ, ਗੋਪਨੀਅਤਾ ਅਤੇ ਮਾਨਸਿਕ ਸਿਹਤ ਦੀ ਅਣਦੇਖੀ ਕੀਤੀ ਤਾਂ ਇਹ ਗੰਭੀਰ ਚੁਣੌਤੀ ਵੀ ਬਣ ਸਕਦੀ ਹੈ। ਵਰਤਮਾਨ ਵਿਚ ਇਸ ਦੇ ਸੰਕੇਤ ਸਾਹਮਣੇ ਆਉਣ ਵੀ ਲੱਗੇ ਹਨ। ਅੱਜ ਜਦੋਂ ਡਿਜੀਟਲ ਕ੍ਰਾਂਤੀ ਦੀ ਰਫ਼ਤਾਰ ਤੇਜ਼ ਹੈ, ਅਜਿਹੇ ਵਿਚ ਸੰਪੂਰਨ ਦੁਨੀਆ ਵਿਚ ਇਹ ਬਹਿਸ ਤੇਜ਼ ਹੋ ਰਹੀ ਹੈ ਕਿ ਅਸੀਂ ਕਿਤੇ ਬੱਚਿਆਂ ਨੂੰ ਡਿਜੀਟਲ ਬਾਲ ਕਿਰਤੀ ਤਾਂ ਨਹੀਂ ਬਣਾ ਰਹੇ। ਇਸ ਡਿਜੀਟਲ ਯੁੱਗ ਵਿਚ ਫੈਕਟਰੀਆਂ ਦੀ ਜਗ੍ਹਾ ਸਮਾਰਟਫੋਨ ਅਤੇ ਮਸ਼ੀਨਾਂ ਦੀ ਜਗ੍ਹਾ ਐਲਗੋਰਿਦਮ ਨੇ ਲੈ ਲਈ ਹੈ। ਭਾਰਤ ਸਮੇਤ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿਚ ਬੱਚਿਆਂ ’ਤੇ ਇੰਟਰਨੈੱਟ ਮੀਡੀਆ ਦੇ ਵਧਦੇ ਮਾੜੇ ਪ੍ਰਭਾਵ ਨੂੰ ਦੇਖਦਿਆਂ ਪਿਛਲੇ ਦਿਨਾਂ ਵਿਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਨੇ ਬੱਚਿਆਂ ਦੀ ਆਨਲਾਈਨ ਪਲੇਟਫਾਰਮ ’ਤੇ ਸੁਰੱਖਿਆ ਯਕੀਨੀ ਬਣਾਉਣ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਆਸਟ੍ਰੇਲੀਆ ਨੇ ਆਪਣੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈੱਟ ਮੀਡੀਆ ਨੂੰ ਰੋਕ ਦਿੱਤਾ ਹੈ। ਫਰਾਂਸ, ਸਪੇਨ, ਡੈਨਮਾਰਕ, ਯੂਨਾਨ, ਇੰਡੋਨੇਸ਼ੀਆ ਅਤੇ ਮਲੇਸ਼ੀਆ ਨੇ ਵੀ ਕਿਸ਼ੋਰਾਂ ਦੀ ਆਨਲਾਈਨ ਸੁਰੱਖਿਆ ਲਈ ਸਖ਼ਤ ਕਦਮ ਚੁੱਕੇ ਹਨ। ਬ੍ਰਿਟੇਨ ਵੀ ਇਸੇ ਤਰ੍ਹਾਂ ਦੀ ਯੋਜਨਾ ਬਣਾ ਰਿਹਾ ਹੈ। ਇਸ ਨੂੰ ਦੇਖਦਿਆਂ ਭਾਰਤ ਵਿਚ ਵੀ 16 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ ਲਈ ਇੰਟਰਨੈੱਟ ਮੀਡੀਆ ਦੀ ਵਰਤੋਂ ’ਤੇ ਪਾਬੰਦੀ ਲਗਾਉਣ ਦੀ ਬਹਿਸ ਤੇਜ਼ ਹੋ ਰਹੀ ਹੈ। ਬੱਚਿਆਂ ਦੇ 5-6 ਘੰਟੇ ਇੰਟਰਨੈੱਟ ਮੀਡੀਆ ਪਲੇਟਫਾਰਮਾਂ ’ਤੇ ਰਹਿਣ ਨਾਲ ਉਨ੍ਹਾਂ ਵਿਚ ਭਾਵਨਾਤਮਕ ਕਮਜ਼ੋਰੀ ਦੇ ਨਾਲ-ਨਾਲ ਉਨ੍ਹਾਂ ਦੀ ਸੋਚਣ-ਸਮਝਣ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਵੀ ਲਗਾਤਾਰ ਘਟ ਰਹੀ ਹੈ। ਆਨਲਾਈਨ ਸੁਰੱਖਿਆ ਨਾਲ ਜੁੜੇ ਕਾਨੂੰਨ ਬੱਚਿਆਂ ’ਤੇ ਮੰਡਰਾਉਂਦੇ ਸਾਈਬਰ ਖ਼ਤਰੇ ’ਤੇ ਕਾਬੂ ਤਾਂ ਪਾ ਸਕਦੇ ਹਨ ਪਰ ਉਹ ਸਮਾਜ ਨੂੰ ਸਾਵਧਾਨ ਕਰਨ ਦਾ ਕੰਮ ਨਹੀਂ ਕਰ ਸਕਦੇ। ਇਸ ਲਈ ਸਮਾਜ ਵਿਚ ਵੱਡੀ ਪੱਧਰ ’ਤੇ ਵਿਚਾਰ-ਚਰਚਾ ਦੀ ਲੋੜ ਹੈ। ਮਾਤਾ-ਪਿਤਾ ਅਤੇ ਸਰਪ੍ਰਸਤਾਂ ਨੂੰ ਸਮਝਣਾ ਪਵੇਗਾ ਕਿ ਬੱਚਿਆਂ ਦੀ ਸਫਲਤਾ ਡਿਜੀਟਲ ਦੁਨੀਆ ਵਿਚ ਉਨ੍ਹਾਂ ਦੇ ਲਾਈਕਸ, ਵਿਊਜ਼ ਅਤੇ ਸਮੱਗਰੀ ਦੇ ਨਿਰਮਾਣ ਨਾਲ ਨਹੀਂ ਮਾਪੀ ਜਾ ਸਕਦੀ। ਹਕੀਕੀ ਸਫਲਤਾ ਤਾਂ ਸਿੱਖਿਆ ਅਤੇ ਸਮਾਜ ਜ਼ਰੀਏ ਉਨ੍ਹਾਂ ਦੀ ਸ਼ਖ਼ਸੀਅਤ ਦਾ ਸੰਪੂਰਨ ਵਿਕਾਸ ਹੈ। ਇਸ ਲਈ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਡਿਜੀਟਲ ਸਾਖ਼ਰਤਾ ਪ੍ਰੋਗਰਾਮ ਦਾ ਹਿੱਸਾ ਬਣਾਉਣਾ ਪਵੇਗਾ। ਬਾਲ ਅਧਿਕਾਰਾਂ ਨੂੰ ਡਿਜੀਟਲ ਅਧਿਕਾਰਾਂ ਨਾਲ ਜੋੜਦਿਆਂ ਡਿਜੀਟਲ ਕੰਪਨੀਆਂ ਦੀ ਵੀ ਜਵਾਬਦੇਹੀ ਨਿਰਧਾਰਤ ਕਰਨੀ ਪਵੇਗੀ। ਸਰਕਾਰ, ਤਕਨੀਕੀ ਕੰਪਨੀਆਂ, ਸਕੂਲ, ਮਾਪੇ ਅਤੇ ਸਮਾਜ ਦੇ ਸਾਰੇ ਹਿੱਸੇ ਆਪਸ ਵਿਚ ਤਾਲਮੇਲ ਬਣਾ ਕੇ ਇਕ ਅਜਿਹੀ ਡਿਜੀਟਲ ਅਰਥਵਿਵਸਥਾ ਦਾ ਨਿਰਮਾਣ ਕਰਨ, ਜਿੱਥੇ ਬੱਚੇ ਸਿਰਫ਼ ਡਿਜੀਟਲ ਉਪਭੋਗਤਾ ਜਾਂ ਕਿਰਤੀ ਨਾ ਬਣਨ, ਸਗੋਂ ਇਕ ਸੁਰੱਖਿਅਤ, ਆਦਰਸ਼ ਅਤੇ ਸ਼ਕਤੀਸ਼ਾਲੀ ਡਿਜੀਟਲ ਨਾਗਰਿਕ ਬਣ ਸਕਣ।

# ਜਦੋਂ ਘਰ ਦੇ ਥੱਲੇ ਲਗਭਗ 40,000 ਲੋਕਾਂ ਦੀਆਂ ਹੱਡੀਆਂ ਮਿਲੀਆਂ

8 ਜਨਵਰੀ 1996 ਨੂੰ ਤਿੰਨ ਬੱਚਿਆਂ ਦੀ ਮਾਂ ਮੇਰਸੇਦ ਗੁਇਮਾਰਾਇਸ ਡੋਸ ਆਂਜੋਸ ਆਪਣੇ 1866 ਵਿੱਚ ਬਣੇ ਘਰ ਵਿੱਚ ਵਾਧੂ ਹਿੱਸਾ ਬਣਾਉਣ ਦੇ ਕੰਮ ਨੂੰ ਉਤਸ਼ਾਹ ਨਾਲ ਦੇਖ ਰਹੀ ਸੀ। ਇਹ ਉਨ੍ਹਾਂ ਦਾ ਪਹਿਲਾ ਆਪਣਾ ਘਰ ਸੀ, ਜਿਸ ਨੂੰ ਖਰੀਦਣ ਲਈ ਉਨ੍ਹਾਂ ਨੇ 6 ਸਾਲਾਂ ਤੱਕ ਪੈਸੇ ਜੋੜੇ ਸਨ। ਇਹ ਘਰ ਬ੍ਰਾਜ਼ੀਲ ਦੇ ਸ਼ਹਿਰ ਰੀ ਡੇ ਜਨੇਰੀ ਦੇ ਇੱਕ ਬੰਦਰਗਾਹ ਇਲਾਕੇ ਵਿੱਚ ਸਥਿਤ ਹੈ। ਪਰ ਕੁਝ ਹੀ ਘੰਟਿਆਂ ਵਿੱਚ ਮੁਰੰਮਤ ਦੌਰਾਨ ਇੱਕ ਅਜਿਹੀ ਚੀਜ਼ ਸਾਹਮਣੇ ਆ ਗਈ ਜਿਸ ਦੀ ਕਿਸੇ ਨੂੰ ਉਮੀਦ ਨਹੀਂ ਸੀ – ਇਹ ਸੀ ਹੱਡੀਆਂ। ਮਜ਼ਦੂਰਾਂ ਨੇ ਪਹਿਲਾਂ ਸੋਚਿਆ ਕਿ ਇਹ ਕਿਸੇ ਜਾਨਵਰ ਦੀਆਂ ਹੱਡੀਆਂ ਹੋ ਸਕਦੀਆਂ ਹਨ ਪਰ ਮੇਰਸੇਦ ਨੂੰ ਇਸ 'ਤੇ ਸ਼ੱਕ ਸੀ। ਮਲਬੇ ਨੂੰ ਫਰੋਲਦਿਆਂ ਉਨ੍ਹਾਂ ਨੂੰ ਇੱਕ ਬਾਲਗ ਦੇ ਪੂਰੇ ਦੰਦ ਮਿਲੇ। ਮੇਰਸੇਦ ਨੇ ਦੱਸਿਆ, "ਮੈਂ ਬਿਲਡਰ ਨੂੰ ਕਿਹਾ, 'ਇਹ ਕਿਸੇ ਕੁੱਤੇ ਦੇ ਨਹੀਂ ਹਨ, ਇਹ ਮਨੁੱਖ ਦੇ ਹਨ, ਇਹ ਸੁਣਦੇ ਹੀ ਉਸ ਨੇ ਸਲੀਬ ਦਾ ਨਿਸ਼ਾਨ ਬਣਾਇਆ।'" ਕੁਝ ਪਲਾਂ ਬਾਅਦ ਮੇਰਸੇਦ ਨੂੰ ਇੱਕ ਹੋਰ ਛੋਟੇ ਦੰਦਾਂ ਦਾ ਸੈੱਟ ਮਿਲਿਆ।

ਉਨ੍ਹਾਂ ਨੇ ਅੱਗੇ ਦੱਸਿਆ, "ਮੈਂ ਉਸ ਨੂੰ ਕਿਹਾ, 'ਇਹ ਕਿਸੇ ਬੱਚੇ ਦੇ ਹਨ' ਇਹ ਸੁਣ ਕੇ ਉਹ ਰੋਣ ਲੱਗ ਪਿਆ, ਉੱਥੇ ਮੌਜੂਦ ਹਰ ਕੋਈ ਸੁੰਨ ਰਹਿ ਗਿਆ।" ਮੇਰਸੇਦ ਅੱਜ ਵੀ ਉਸੇ ਘਰ ਵਿੱਚ ਰਹਿੰਦੇ ਹਨ ਅਤੇ ਉੱਥੇ ਹੀ ਕੰਮ ਕਰਦੇ ਹਨ।

ਜਿਵੇਂ-ਜਿਵੇਂ ਹੋਰ ਹੱਡੀਆਂ ਮਿਲਦੀਆਂ ਗਈਆਂ ਜਿਨ੍ਹਾਂ ਵਿੱਚੋਂ ਕਈ ਟੁੱਟੀਆਂ ਹੋਈਆਂ ਸਨ, ਮੇਰਸੇਦ ਨੇ ਉਨ੍ਹਾਂ ਨੂੰ ਇਕੱਠਾ ਕਰਕੇ ਵੱਖ-ਵੱਖ ਡੱਬਿਆਂ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਕਈ ਤਰ੍ਹਾਂ ਦੀਆਂ ਅਟਕਲਾਂ ਵੀ ਲੱਗਣ ਲੱਗੀਆਂ। ਉਹ ਕਹਿੰਦੇ ਹਨ, "ਸਾਡੇ ਮਨ ਵਿੱਚ ਹਜ਼ਾਰਾਂ ਗੱਲਾਂ ਆਈਆਂ। ਲੱਗਿਆ ਕਿ ਸ਼ਾਇਦ ਪਹਿਲਾਂ ਵਾਲੇ ਘਰ ਮਾਲਕਾਂ ਨੇ ਲੋਕਾਂ ਦਾ ਕਤਲ ਕਰਕੇ ਉਨ੍ਹਾਂ ਨੂੰ ਇੱਥੇ ਦੱਬ ਦਿੱਤਾ ਹੋਵੇ ਜਾਂ ਇਹ ਕਿਸੇ ਸੀਰੀਅਲ ਕਿਲਰ ਦਾ ਕੰਮ ਹੋ ਸਕਦਾ ਹੈ।"

ਪਰ ਜਵਾਬ ਛੇਤੀ ਮਿਲ ਗਿਆ। ਇਲਾਕੇ ਦੇ ਇਤਿਹਾਸ ਦਾ ਜਾਣਕਾਰ ਇੱਕ ਗੁਆਂਢੀ ਪੁਰਾਣਾ ਨਕਸ਼ਾ ਲੈ ਕੇ ਆਇਆ। ਮੇਰਸੇਦ ਦੱਸਦੇ ਹਨ, "ਉਸ ਨੇ ਮੇਰੇ ਵੱਲ ਦੇਖ ਕੇ ਕਿਹਾ, 'ਤੂੰ ਇੱਕ ਕਬਰਿਸਤਾਨ ਦੇ ਉੱਪਰ ਰਹਿ ਰਹੀ ਹੈਂ। ਇੱਥੇ ਗ਼ੁਲਾਮ ਬਣਾਏ ਗਏ ਲੋਕਾਂ ਨੂੰ ਦਫ਼ਨਾਇਆ ਜਾਂਦਾ ਸੀ।'"

ਮੇਰਸੇਦ ਨੂੰ ਪਤਾ ਲੱਗਿਆ ਕਿ ਉਨ੍ਹਾ ਨੇ ਅਣਜਾਣੇ ਵਿੱਚ ਚਿਰਾਂ ਤੋਂ ਗਵਾਚੇ 'ਨਿਊ ਬਲੈਕਸ' ਦੇ ਕਬਰਸਤਾਨ ਨੂੰ ਲੱਭ ਲਿਆ ਹੈ। ਇਸ ਦੀ ਵਰਤੋਂ ਲਗਭਗ 1770 ਤੋਂ 1830 ਤੱਕ ਕੀਤੀ ਗਈ ਸੀ। ਉਨ੍ਹਾਂ ਦੇ ਅੰਦਾਜ਼ੇ ਮੁਤਾਬਕ ਇੱਥੇ ਕਰੀਬ 40,000 ਲੋਕਾਂ ਨੂੰ ਦਫ਼ਨਾਇਆ ਗਿਆ ਸੀ। ਇਤਿਹਾਸਕਾਰਾਂ ਨੂੰ ਚਰਚ ਦੇ ਰਿਕਾਰਡਾਂ ਤੋਂ ਇਸ ਕਬਰਸਤਾਨ ਦੀ ਮੌਜੂਦਗੀ ਦਾ ਪਤਾ ਤਾਂ ਸੀ, ਪਰ ਸ਼ਹਿਰ ਦੇ ਫੈਲਾਅ ਨਾਲ ਇਸ ਦੀ ਸਹੀ ਥਾਂ ਗੁੰਮ ਹੋ ਗਿਆ ਸੀ। 'ਨਿਊ ਬਲੈਕਸ' ਸ਼ਬਦ ਉਨ੍ਹਾਂ ਅਫ਼ਰੀਕੀ ਲੋਕਾਂ ਲਈ ਵਰਤਿਆ ਜਾਂਦਾ ਸੀ ਜਿਨ੍ਹਾਂ ਨੂੰ ਗ਼ੁਲਾਮ ਬਣਾ ਕੇ ਨਵੇਂ-ਨਵੇਂ ਬ੍ਰਾਜ਼ੀਲ ਲਿਆਂਦਾ ਗਿਆ ਸੀ ਅਤੇ ਜਿਨ੍ਹਾਂ ਨੂੰ ਅਜੇ ਪੁਰਤਗਾਲੀ ਭਾਸ਼ਾ ਨਹੀਂ ਆਉਂਦੀ ਸੀ।

ਮੇਰਸੇਦ ਕਹਿੰਦੇ ਹਨ "ਮੈਨੂੰ ਇੱਥੇ ਇੱਕ ਹੋਲੋਕਾਸਟ ਮਿਲਿਆ। ਸਿਆਹਫਾਮ ਲੋਕਾਂ ਦਾ ਹੋਲੋਕਾਸਟ।" ਉਹ ਬਹੁਤ ਹੈਰਾਨ ਹੋਏ ਜਦੋਂ ਉਨ੍ਹਾਂ ਨੂੰ ਆਪਣੇ ਘਰ ਦੇ ਫਰਸ਼ ਹੇਠਾਂ ਹੱਡੀਆਂ ਮਿਲੀਆਂ, ਜਿਨ੍ਹਾਂ ਵਿੱਚ ਅਜਿਹੇ ਬੱਚਿਆਂ ਦੇ ਅਵਸ਼ੇਸ਼ ਵੀ ਸਨ ਜਿਨ੍ਹਾਂ ਦੇ ਦੰਦ ਵੀ ਪੂਰੀ ਤਰ੍ਹਾਂ ਨਹੀਂ ਬਣੇ ਸਨ। ਉਹ ਦੱਸਦੇ, "ਸਾਨੂੰ ਕੁਝ ਵੀ ਪਤਾ ਨਹੀਂ ਸੀ। ਕਿਸੇ ਨੇ ਕਦੇ ਨਹੀਂ ਦੱਸਿਆ ਕਿ ਇਹ ਉਹ ਥਾਂ ਹੈ ਜਿੱਥੇ ਲੋਕਾਂ ਨੂੰ ਵੇਚਿਆ ਜਾਂਦਾ ਸੀ ਅਤੇ ਦਫ਼ਨਾਇਆ ਜਾਂਦਾ ਸੀ। ਇਸ ਇਤਿਹਾਸ ਨੂੰ ਲੁਕਾ ਕੇ ਰੱਖਿਆ ਗਿਆ ਸੀ।"

ਇਸ ਦੇ ਨੇੜੇ ਹੀ ਵਾਲੋਂਗੋ ਘਾਟ ਸੀ, ਜਿੱਥੇ ਗ਼ੁਲਾਮ ਬਣਾਏ ਗਏ ਲੋਕਾਂ ਨੂੰ ਲੈ ਕੇ ਆਉਣ ਵਾਲੇ ਜਹਾਜ਼ ਲੱਗਦੇ ਸਨ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੇਸਕੋ ਮੁਤਾਬਕ, 18ਵੀਂ ਸਦੀ ਦੇ ਅਖੀਰ ਤੋਂ ਲੈ ਕੇ 1831 ਵਿੱਚ ਇਸ ਦੇ ਬੰਦ ਹੋਣ ਤੱਕ ਲਗਭਗ 9 ਲੱਖ ਅਫ਼ਰੀਕੀ ਲੋਕਾਂ ਦੀ ਇਸ ਥਾਂ ਰਾਹੀਂ ਤਸਕਰੀ ਕੀਤੀ ਗਈ।

ਰੀ ਡੇ ਜੇਨੇਰੀ ਵਿੱਚ ਬ੍ਰਾਜ਼ੀਲ ਦੇ ਕਿਸੇ ਵੀ ਹੋਰ ਸ਼ਹਿਰ ਨਾਲੋਂ ਵੱਧ ਗਿਣਤੀ ਵਿੱਚ ਅਫ਼ਰੀਕੀ ਲੋਕਾਂ ਨੂੰ ਗ਼ੁਲਾਮ ਬਣਾ ਕੇ ਲਿਆਂਦਾ ਗਿਆ। ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਦੇ ਟ੍ਰਾਂਸ-ਐਟਲਾਂਟਿਕ ਸਲੇਵ ਟਰੇਡ ਡੇਟਾਬੇਸ ਦੇ ਮੁਤਾਬਕ, ਤਿੰਨ ਸਦੀਆਂ ਤੋਂ ਵੱਧ ਸਮੇਂ ਦੌਰਾਨ ਲਗਭਗ 48 ਲੱਖ ਅਫ਼ਰੀਕੀ ਲੋਕਾਂ ਨੂੰ ਜ਼ਬਰਦਸਤੀ ਬ੍ਰਾਜ਼ੀਲ ਲਿਆਂਦਾ ਗਿਆ, ਜੋ ਅਮਰੀਕੀ ਮਹਾਂਦੀਪ ਦੇ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਸੀ।

ਅਮਰੀਕਾ ਦੀ ਐਮੋਰੀ ਯੂਨੀਵਰਸਿਟੀ ਦੀ ਰਿਚਰਚ ਮੁਤਾਬਕ, ਲਗਭਗ ਤਿੰਨ ਲੱਖ ਲੋਕਾਂ ਦੀ ਤਾਂ ਕੰਢੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਗਈ ਸੀ। ਹੋਰ ਕਈ ਲੋਕ ਬਿਮਾਰੀਆਂ ਜਾਂ ਥਕਾਵਟ ਕਾਰਨ ਬੰਦਰਗਾਹ 'ਤੇ ਪਹੁੰਚਣ ਤੋਂ ਬਾਅਦ ਉਨ੍ਹਾਂ ਗੋਦਾਮਾਂ ਵਿੱਚ ਮਰ ਗਏ, ਜਿੱਥੇ ਉਨ੍ਹਾਂ ਨੂੰ ਰੱਖਿਆ ਅਤੇ ਵੇਚਿਆ ਜਾਂਦਾ ਸੀ। ਜਿਹੜੇ ਲੋਕ ਨਹੀਂ ਬਚੇ, ਉਨ੍ਹਾਂ ਵਿੱਚੋਂ ਕਈਆਂ ਨੂੰ ਉਸੇ ਕਬਰਸਤਾਨ ਵਿੱਚ ਦਫ਼ਨਾਇਆ ਗਿਆ, ਜੋ ਅੱਜ ਮੇਰਸੇਦ ਦੇ ਘਰ ਹੇਠਾਂ ਮੌਜੂਦ ਹੈ।

### 'ਇੱਕ ਇਤਿਹਾਸਕ ਵਿਰਾਸਤ'

ਬ੍ਰਾਜ਼ੀਲ ਪੱਛਮੀ ਦੁਨੀਆਂ ਦਾ ਆਖ਼ਰੀ ਦੇਸ਼ ਸੀ ਜਿਸ ਨੇ 1888 ਵਿੱਚ ਗ਼ੁਲਾਮੀ ਖ਼ਤਮ ਕੀਤੀ। ਇਸ ਦੇ ਬਾਵਜੂਦ, ਕਈ ਦਹਾਕਿਆਂ ਤੱਕ ਇਸ ਇਲਾਕੇ ਦੇ ਇਸ ਦਰਦਨਾਕ ਇਤਿਹਾਸ ਬਾਰੇ ਖੁੱਲ੍ਹ ਕੇ ਗੱਲ ਨਹੀਂ ਕੀਤੀ ਗਈ। ਜਦੋਂ 1990 ਦੇ ਦਹਾਕੇ ਵਿੱਚ ਮੇਰਸੇਦ ਨੂੰ ਇਹ ਖੋਜ ਮਿਲੀ, ਉਸ ਵੇਲੇ ਅਕਾਦਮਿਕ ਜਗਤ ਤੋਂ ਬਾਹਰ ਬਹੁਤ ਘੱਟ ਲੋਕਾਂ ਨੂੰ ਇਸ ਇਤਿਹਾਸ ਬਾਰੇ ਜਾਣਕਾਰੀ ਸੀ। ਇਹ ਸਥਿਤੀ 2011 ਵਿੱਚ ਬਦਲਣੀ ਸ਼ੁਰੂ ਹੋਈ, ਜਦੋਂ ਲੰਪਿਕ ਖੇਡਾਂ ਤੋਂ ਪਹਿਲਾਂ ਵਿਕਾਸ ਕਾਰਜਾਂ ਦੌਰਾਨ ਵਾਲੋਂਗੋ ਘਾਟ ਮੁੜ ਸਾਹਮਣੇ ਆਇਆ। ਬਾਅਦ ਵਿੱਚ ਇਸ ਨੂੰ ਯੂਨੇਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਅਤੇ ਇਸ ਖੇਤਰ ਦੇ ਇਤਿਹਾਸ ਵੱਲ ਦੁਨੀਆਂ ਦਾ ਧਿਆਨ ਗਿਆ। ਮੇਰਸੇਦ ਨੂੰ ਪਤਾ ਸੀ ਕਿ ਉਸ ਦੇ ਘਰ ਵਿੱਚ "ਇੱਕ ਇਤਿਹਾਸਕ ਧਰੋਹਰ" ਹੈ, ਪਰ ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਇਸ ਦਾ ਕੀ ਕੀਤਾ ਜਾਵੇ। ਸ਼ੁਰੂ ਵਿੱਚ ਉਹ ਸਿਰਫ਼ ਕੁਝ ਖ਼ਾਸ ਦਿਨਾਂ, ਜਿਵੇਂ 'ਬਲੈਕ ਕਾਨਸ਼ਿਅਸਨੈਸ ਡੇਅ' ਅਤੇ 'ਅਬੋਲਿਸ਼ਨ ਡੇਅ' ਮੌਕੇ ਹੀ ਲੋਕਾਂ ਲਈ ਆਪਣਾ ਘਰ ਖੋਲ੍ਹਦੇ ਸਨ। ਉਹ ਦੱਸਦੇ ਹਨ, "ਇਹ ਬਹੁਤ ਔਖਾ ਸੀ। ਆਖ਼ਿਰ ਕੌਣ ਕਬਰਸਤਾਨ ਦੇਖਣ ਆਉਣਾ ਚਾਹੇਗਾ?"

ਪਰ ਹੌਲੀ-ਹੌਲੀ ਲੋਕਾਂ ਦੀ ਦਿਲਚਸਪੀ ਵਧੀ ਅਤੇ ਸਮਾਜਿਕ ਕਾਰਕੁਨਾਂ ਨੇ ਇਸ ਥਾਂ ਨੂੰ ਸੰਭਾਲ ਕੇ ਰੱਖਣ ਲਈ ਉਸ ਨੂੰ ਹੌਂਸਲਾ ਦਿੱਤਾ। ਸਾਲ 2005 ਵਿੱਚ ਮੇਰਸੇਦ ਅਤੇ ਉਸ ਦੇ ਸਾਥੀਆਂ ਨੇ ਇੰਸਟੀਚਿਊਟ ਫਾਰ ਰਿਸਰਚ ਐਂਡ ਮੈਮੋਰੀ ਆਫ਼ ਪ੍ਰੇਟੋਸ ਨੋਵੋਸ (IPN) ਦੀ ਸਥਾਪਨਾ ਕੀਤੀ। ਸਮੇਂ ਦੇ ਨਾਲ ਇਹ ਥਾਂ ਵਿਕਸਤ ਹੁੰਦੀ ਗਈ। ਗੈਰਾਜ ਨੂੰ ਯਾਦਗਾਰ ਵਿੱਚ ਬਦਲ ਦਿੱਤਾ ਗਿਆ, ਜਿੱਥੇ ਸਥਾਈ ਪ੍ਰਦਰਸ਼ਨੀ ਲਗਾਈ ਗਈ। ਪਿਛਲੇ ਹਿੱਸੇ ਵਿੱਚ ਜਿੱਥੇ ਸਵਿਮਿੰਗ ਪੂਲ ਬਣਾਉਣ ਦੀ ਯੋਜਨਾ ਸੀ ਉੱਥੇ ਹੁਣ ਇੱਕ ਕੈਫੇ, ਛੋਟੀ ਦੁਕਾਨ ਅਤੇ ਅਟਲਾਂਟਿਕ ਸਲੇਵ ਟਰੇਡ ਅਤੇ ਅਫ਼ਰੀਕੀ ਮੂਲ ਦੇ ਲੋਕਾਂ ਦੇ ਇਤਿਹਾਸ ਨਾਲ ਸੰਬੰਧਿਤ ਵਿਸ਼ੇਸ਼ ਲਾਇਬ੍ਰੇਰੀ ਹੈ। ਫਰਸ਼ ਵਿੱਚ ਲੱਗੇ ਕੱਚ ਦੇ ਪੈਨਲ ਰਾਹੀਂ ਲੋਕ ਹੇਠਾਂ ਪੁਰਾਤੱਤਵ ਅਵਸ਼ੇਸ਼ ਦੇਖ ਸਕਦੇ ਹਨ। ਲਾਲੀ ਮਾਰਦੀ ਮਿੱਟੀ ਵਿੱਚ ਬੇਸ਼ੁਮਾਰ ਹੱਡੀਆਂ ਦੇ ਟੁਕੜੇ ਦਿਖਦੇ ਹਨ। ਮੇਰਸੇਦ ਕਹਿੰਦੇ ਹਨ ਕਿ ਇਸ ਨੂੰ ਕਬਰਸਤਾਨ ਕਹਿਣਾ ਸਹੀ ਨਹੀਂ ਹੈ। ਉਹ ਕਹਿੰਦੇ ਹੈ, "ਇਹ ਉਹ ਟੋਏ ਸਨ ਜਿੱਥੇ ਲਾਸ਼ਾਂ ਸੁੱਟੀਆਂ ਜਾਂਦੀਆਂ ਸਨ। ਬਦਬੂ ਕਾਰਨ ਕੁਝ ਲਾਸ਼ਾਂ ਨੂੰ ਸਾੜ ਵੀ ਦਿੱਤਾ ਜਾਂਦਾ ਸੀ। ਟੋਏ ਇੰਨੇ ਭਰ ਜਾਂਦੇ ਸਨ ਕਿ ਉੱਪਰ ਸੁੱਟੀਆਂ ਗਈਆਂ ਲਾਸ਼ਾਂ ਹੇਠਾਂ ਵਾਲੀਆਂ ਨੂੰ ਦੱਬ ਦਿੰਦੀਆਂ ਸਨ।"

ਚਰਚ ਦੇ ਰਿਕਾਰਡ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਹ ਕੋਈ ਗੁਪਤ ਥਾਂ ਨਹੀਂ ਸੀ। ਮੌਤਾਂ ਦਾ ਸਰਕਾਰੀ ਰਿਕਾਰਡ ਰੱਖਿਆ ਜਾਂਦਾ ਸੀ, ਪਰ ਜ਼ਿਆਦਾਤਰ ਮ੍ਰਿਤਕਾਂ ਦੇ ਨਾਮ ਦਰਜ ਨਹੀਂ ਸਨ। ਉਨ੍ਹਾਂ ਦੀ ਪਛਾਣ ਸਿਰਫ਼ ਤਰੀਕ, ਜਹਾਜ਼ ਜਾਂ ਉਨ੍ਹਾਂ ਦੇ ਮੂਲ ਸਥਾਨ ਦੇ ਆਧਾਰ 'ਤੇ ਕੀਤੀ ਜਾਂਦੀ ਸੀ। ਜਿੱਥੇ ਨਾਮ ਦਰਜ ਹਨ, ਉੱਥੇ ਵੀ ਅਕਸਰ ਗ਼ੁਲਾਮ ਬਣਾਉਣ ਵਾਲਿਆਂ ਦੇ ਨਾਮ ਹਨ। ਮੇਰਸੇਦ ਕਹਿੰਦੇ ਹਨ, "ਇਹ ਕਬਰਸਤਾਨ ਚਾਰ ਘਰਾਂ ਦੇ ਹੇਠਾਂ ਫੈਲਿਆ ਹੋਇਆ ਹੈ।

ਇੱਥੇ ਨਵਜੰਮੇ ਬੱਚੇ, ਛੋਟੇ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਅੰਗੋਲਾ, ਕਾਂਗੋ ਅਤੇ ਮੋਜ਼ਾਮਬੀਕ ਤੋਂ ਲਿਆਂਦੇ ਗਏ ਲੋਕ ਦਫ਼ਨ ਹਨ।" ਹੁਣ 69 ਸਾਲ ਦੀ ਹੋ ਚੁੱਕੇ ਮੇਰਸੇਦ ਅਜੇ ਵੀ ਉਸੇ ਘਰ ਵਿੱਚ ਰਹਿੰਦੇ ਹਨ। ਉਹ ਯਾਦਗਾਰ ਦੇ ਨਾਲ ਲੱਗਦੇ ਘਰ ਵਿੱਚ ਰਹਿ ਕੇ ਹਰ ਰੋਜ਼ ਉੱਥੇ ਕੰਮ ਕਰਦੇ ਹਨ। ਉਹ ਕਹਿੰਦੇ ਹਨ, "ਜਿਵੇਂ ਹੀ ਤੁਸੀਂ ਫਰਸ਼ ਤੋੜਦੇ ਹੋ, ਥੋੜ੍ਹੀ ਹੀ ਗਹਿਰਾਈ 'ਤੇ ਹੱਡੀਆਂ ਮਿਲ ਜਾਂਦੀਆਂ ਹਨ।"

ਹੁਣ ਤੱਕ ਲਗਭਗ ਤਿੰਨ ਲੱਖ ਲੋਕ ਇਸ ਸੰਸਥਾ ਦਾ ਦੌਰਾ ਕਰ ਚੁੱਕੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕ ਆਲੇ-ਦੁਆਲੇ ਦੇ ਉਸ ਇਲਾਕੇ ਦੀਆਂ ਗਾਈਡਿਡ ਯਾਤਰਾਵਾਂ ਵੀ ਕਰਦੇ ਹਨ, ਜਿਸ ਨੂੰ ਹੁਣ 'ਅਫ਼ਰੀਕਨ ਹੈਰੀਟੇਜ ਸਰਕਿਟ' ਕਿਹਾ ਜਾਂਦਾ ਹੈ। ਸੰਸਥਾ ਦੀ 21ਵੀਂ ਵਰ੍ਹੇਗੰਢ ਮੌਕੇ ਨੇੜੇ ਹੀ ਇੱਕ ਨਵੇਂ ਸੱਭਿਆਚਾਰਕ ਕੇਂਦਰ ਦਾ ਉਦਘਾਟਨ ਕੀਤਾ ਗਿਆ। ਮੇਰਸੇਦ ਦੱਸਦੇ ਹਨ ਕਿ ਇੱਥੇ ਕਵਿਤਾ ਸਮਾਗਮ, ਸਾਂਬਾ ਪ੍ਰੋਗਰਾਮ, ਕਲਾ ਪ੍ਰਦਰਸ਼ਨੀਆਂ, ਵਰਕਸ਼ਾਪਾਂ, ਕਿਤਾਬਾਂ ਦੇ ਲੋਕ ਅਰਪਣ ਸਮਾਗਮ ਅਤੇ ਖ਼ਾਸ ਕਰਕੇ ਸਕੂਲੀ ਬੱਚਿਆਂ ਲਈ ਰੀਡਿੰਗ ਕਲੱਬ ਕਰਵਾਏ ਜਾਣਗੇ। ਇਹ ਸਾਰੀਆਂ ਗਤੀਵਿਧੀਆਂ ਆਈਪੀਐੱਨ ਪਹਿਲਾਂ ਵੀ ਕਰਦਾ ਸੀ, ਪਰ ਥਾਂ ਦੀ ਕਮੀ ਸੀ।

ਹੁਣ ਉਹ ਇਮਾਰਤ ਦੀ ਦੂਜੀ ਮੰਜ਼ਿਲ ਦੀ ਮੁਰੰਮਤ ਲਈ ਫੰਡ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਕਹਿੰਦੇ ਹੈ, "ਅਸੀਂ ਹਰ ਕਿਸੇ ਕੋਲ ਮਦਦ ਦੀ ਅਪੀਲ ਕਰ ਰਹੇ ਹਾਂ।" ਪਰ ਉਨ੍ਹਾਂ ਦਾ ਕੰਮ ਅਜੇ ਮੁੱਕਿਆ ਨਹੀਂ। ਮੇਰਸੇਦ ਕਹਿੰਦੇ ਹੈ, "ਇਹ ਬਹੁਤ ਨਾਜ਼ੁਕ ਵਿਰਾਸਤ ਹੈ। ਜੇ ਅਸੀਂ ਇੱਕ ਵੀ ਦਿਨ ਇਸ ਬਾਰੇ ਗੱਲ ਨਾ ਕਰੀਏ ਤਾਂ ਇਸ ਦੀ ਯਾਦ ਧੁੰਦਲੀ ਹੋ ਜਾਵੇਗੀ।ਇਹ ਕੋਈ ਆਮ ਥਾਂ ਨਹੀਂ ਹੈ। ਇਹ ਇੱਕ ਵਿਲੱਖਣ ਥਾਂ ਹੈ।ਕਿਸੇ ਨਾ ਕਿਸੇ ਤਰੀਕੇ ਨਾਲ ਉਨ੍ਹਾਂ ਨੇ, ਜੋ ਅਫ਼ਰੀਕਾ ਤੋਂ ਲਿਆਂਦੇ ਗਏ ਸਨ, ਮੈਨੂੰ ਕਿਹਾ ਹੈ ਕਿ ਮੈਂ ਉਨ੍ਹਾਂ ਨੂੰ ਭੁੱਲਣ ਨਾ ਦਿਆਂ।"

# ਫ਼ੋਨ ਦੀ ਵੱਧ ਵਰਤੋ ਸਰੀਰ 'ਤੇ ਕੀ-ਕੀ ਅਸਰ ਪਾ ਸਕਦੀ ਹੈ

ਤੁਹਾਡੇ ਡਿਵਾਈਸ ਤੁਹਾਡੇ ਸਰੀਰ ਨੂੰ ਅਜਿਹੇ ਤਰੀਕਿਆਂ ਨਾਲ ਬਦਲ ਰਹੇ ਹਨ, ਜਿਨ੍ਹਾਂ ਬਾਰੇ ਸ਼ਾਇਦ ਤੁਹਾਨੂੰ ਪਤਾ ਵੀ ਨਾ ਹੋਵੇ। ਪਰ ਅਜੇ ਵੀ ਦੇਰ ਨਹੀਂ ਹੋਈ ਹੈ ਅਤੇ ਤੁਸੀਂ ਇਸ ਬਾਰੇ ਬਹੁਤ ਕੁਝ ਕਰ ਸਕਦੇ ਹੋ। ਜਦੋਂ ਅਸੀਂ ਇਸ ਗੱਲ ਦੀ ਚਿੰਤਾ ਕਰਦੇ ਹਾਂ ਕਿ ਸਾਡੇ ਸਕ੍ਰੀਨ ਟਾਈਮ ਦਾ ਸਾਡੇ ਉੱਤੇ ਕੀ ਅਸਰ ਪੈ ਸਕਦਾ ਹੈ, ਤਾਂ ਅਸੀਂ ਦਿਮਾਗ਼ ਉੱਤੇ ਧਿਆਨ ਦਿੰਦੇ ਹਾਂ। ਪਰ ਹਾਲ ਹੀ ਵਿੱਚ, ਮੈਂ ਹੇਠਾਂ ਦੇਖਿਆ ਤਾਂ ਆਪਣੀ ਛੋਟੀ ਉਂਗਲ 'ਤੇ ਇੱਕ ਛੋਟਾ ਜਿਹਾ ਸਖ਼ਤ ਜਿਹਾ ਉਭਾਰ ਦੇਖਿਆ। ਇਹ ਬਿਲਕੁਲ ਉਸੇ ਥਾਂ 'ਤੇ ਹੈ ਜਿੱਥੇ ਮੈਂ ਆਪਣਾ ਫ਼ੋਨ ਟਿਕਾਉਂਦਾ ਹਾਂ। ਇਸਨੂੰ ਦੇਖ ਕੇ ਮੈਂ ਸੋਚਣ ਲੱਗ ਪਿਆ ਕਿ ਆਖਿਰ ਮੇਰਾ ਫ਼ੋਨ ਦਿਮਾਗ ਤੋਂ ਇਲਾਵਾ ਮੇਰੇ ਬਾਕੀ ਦੇ ਸਰੀਰ ਨਾਲ ਕੀ ਕਰ ਰਿਹਾ ਹੈ?

ਇਹ ਪਤਾ ਲਗਾਉਣ ਲਈ ਮੈਂ ਕੁਝ ਮਾਹਿਰਾਂ ਨਾਲ ਗੱਲ ਕੀਤੀ। ਉਨ੍ਹਾਂ ਦਾ ਜਵਾਬ ਚੰਗਾ ਨਹੀਂ ਹੈ - ਸ਼ਾਇਦ ਤੁਸੀਂ ਪਹਿਲਾਂ ਹੀ ਇਸ ਦਾ ਅੰਦਾਜ਼ਾ ਲਾ ਲਿਆ ਹੋਵੇ ਕਿ ਜਵਾਬ ਕੁਝ ਅਜਿਹਾ ਹੀ ਹੋਵੇਗਾ। ਆਧੁਨਿਕ ਵਿਗਿਆਨ ਦੱਸਦਾ ਹੈ ਕਿ ਤੁਹਾਡਾ ਫ਼ੋਨ ਅਤੇ ਉਸ ਦੇ ਡਿਜੀਟਲ ਸਾਥੀ ਤੁਹਾਡੀ ਗਰਦਨ ਦੀ ਦਿੱਖ ਬਦਲ ਸਕਦੇ ਹਨ, ਤੁਹਾਡੀ ਨਜ਼ਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਤੁਹਾਡੇ ਮੋਟਰ ਸਕਿੱਲਜ਼ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਤੁਹਾਡੀਆਂ ਮਾਸਪੇਸ਼ੀਆਂ ਦੀ ਤਾਕਤ ਘਟਾ ਸਕਦੇ ਹਨ। ਲੋਕ ਤਾਂ ਇਹ ਵੀ ਚਿੰਤਾ ਕਰ ਰਹੇ ਹਨ ਕਿ ਸਾਡੀ ਟੈਕਨਾਲੋਜੀ-ਆਧਾਰਿਤ ਜ਼ਿੰਦਗੀ ਕਾਰਨ ਸਾਡੀ ਚਮੜੀ 'ਤੇ ਝੁਰੜੀਆਂ ਵੀ ਵਧ ਰਹੀਆਂ ਹਨ। ਅਤੇ ਇਨ੍ਹਾਂ ਵਿੱਚੋਂ ਕੁਝ ਸਰੀਰਕ ਸਮੱਸਿਆਵਾਂ ਅੱਗੇ ਚੱਲ ਕੇ ਮਾਨਸਿਕ ਸਮਰੱਥਾ ਵਿੱਚ ਕਮੀ ਜਾਂ ਹੋਰ ਵੱਧ ਗੰਭੀਰ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੀਆਂ ਹਨ। ਮੈਨੂੰ ਤੁਹਾਡੇ ਬਾਰੇ ਤਾਂ ਨਹੀਂ ਪਤਾ, ਪਰ ਮੈਂ ਇੰਨਾ ਜ਼ਿਆਦਾ ਬੈਠੇ ਰਹਿਣ ਲਈ ਤਿਆਰ ਨਹੀਂ ਹਾਂ (ਖ਼ਾਸ ਕਰਕੇ ਇਸ ਲਈ ਕਿਉਂਕਿ ਇੰਨਾ ਜ਼ਿਆਦਾ ਬੈਠਣਾ ਹੀ ਸਮੱਸਿਆ ਦਾ ਇੱਕ ਹਿੱਸਾ ਹੈ)। ਚੰਗੀ ਗੱਲ ਇਹ ਹੈ ਕਿ ਜੇ ਤੁਸੀਂ ਨਹੀਂ ਚਾਹੁੰਦੇ ਕਿ ਟੈਕਨਾਲੋਜੀ ਤੁਹਾਡੇ ਸਰੀਰ ਨੂੰ ਨੁਕਸਾਨ ਪਹੁੰਚਾਏ, ਤਾਂ ਤੁਸੀਂ ਇਸ ਬਾਰੇ ਕੁਝ ਕਦਮ ਚੁੱਕ ਸਕਦੇ ਹੋ।



ਰੀੜ੍ਹ ਦੀ ਹੱਡੀ ਦਾ ਟੇਢਾਪਣ

ਜੇ ਤੁਸੀਂ ਇਹ ਰਿਪੋਰਟ ਆਪਣੇ ਫ਼ੋਨ 'ਤੇ ਪੜ੍ਹ ਰਹੇ ਹੋ, ਤਾਂ ਹੋ ਸਕਦਾ ਹੈ ਕਿ ਤੁਸੀਂ ਇਸ ਨੂੰ ਦੇਖਣ ਲਈ ਆਪਣਾ ਸਿਰ ਹੇਠਾਂ ਵੱਲ ਝੁਕਾਇਆ ਹੋਇਆ ਹੋਵੇ। ਇਹ "ਅੱਗੇ ਵੱਲ ਸਿਰ ਝੁਕਾਉਣ ਵਾਲੀ ਪੋਜ਼ੀਸ਼ਨ" ਤੁਹਾਡੀ ਗਰਦਨ 'ਤੇ 60 ਪੌਂਡ (27 ਕਿਲੋਗ੍ਰਾਮ) ਤੱਕ ਦਾ ਦਬਾਅ ਪਾ ਸਕਦੀ ਹੈ। ਸਮੇਂ ਦੇ ਨਾਲ-ਨਾਲ, ਇਸ ਨਾਲ ਤੁਹਾਡੀ ਰੀੜ੍ਹ ਦੀਆਂ ਡਿਸਕਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ, ਜੋੜ ਅਤੇ ਮਾਸਪੇਸ਼ੀਆਂ ਖ਼ਰਾਬ ਹੋ ਸਕਦੀਆਂ ਹਨ ਅਤੇ ਤੁਹਾਡੇ ਫੇਫੜਿਆਂ ਦੀ ਸਮਰੱਥਾ ਵੀ ਘਟ ਸਕਦੀ ਹੈ। ਇਸ ਸਮੱਸਿਆ ਦਾ ਇੱਕ ਨਾਮ ਵੀ ਹੈ: "ਟੈਕ ਨੈਕ"। ਇਹ ਤੁਹਾਡੇ ਸਰੀਰ ਦੀ ਦਿੱਖ ਨੂੰ ਵੀ ਹਮੇਸ਼ਾ ਲਈ ਬਦਲ ਸਕਦਾ ਹੈ। ਡਾਕਟਰ ਦੀ ਸਲਾਹ ਨਾਲ ਕੀਤੀਆਂ ਜਾਣ ਵਾਲੀਆਂ ਖ਼ਾਸ ਕਸਰਤਾਂ ਇਸ ਸਮੱਸਿਆ ਨੂੰ ਠੀਕ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਪਰ ਕੁਝ ਆਸਾਨ ਬਦਲਾਅ ਹਨ, ਜੋ ਤੁਸੀਂ ਹੁਣੇ ਸ਼ੁਰੂ ਕਰ ਸਕਦੇ ਹੋ, ਜਿਵੇਂ- ਆਪਣੇ ਫ਼ੋਨ ਨੂੰ ਦੇਖਦੇ ਸਮੇਂ ਇਸਨੂੰ ਹੋਰ ਉੱਚਾ ਰੱਖੋ।

ਸਕ੍ਰੀਨ ਨੂੰ ਆਪਣੀਆਂ ਅੱਖਾਂ ਦੇ ਬਰਾਬਰ ਰੱਖੋ ਅਤੇ ਬਿਹਤਰ ਹੋਵੇਗਾ ਕਿ ਇਸ ਨੂੰ ਆਪਣੇ ਚਿਹਰੇ ਤੋਂ ਲਗਭਗ ਇੱਕ ਬਾਂਹ ਦੀ ਦੂਰੀ 'ਤੇ ਰੱਖੋ। ਇਹੀ ਸਲਾਹ ਕੰਪਿਊਟਰ ਮਾਨੀਟਰ ਲਈ ਵੀ ਲਾਗੂ ਹੁੰਦੀ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਸਕ੍ਰੀਨ ਤੋਂ ਬ੍ਰੇਕ ਲੈਣਾ ਵੀ ਮਦਦਗਾਰ ਹੋ ਸਕਦਾ ਹੈ। ਹਰ ਅੱਧੇ ਘੰਟੇ ਬਾਅਦ 20 ਮਿੰਟ ਦਾ ਬ੍ਰੇਕ ਲੈਣ ਦੀ ਕੋਸ਼ਿਸ਼ ਕਰੋ।

ਚਮੜੀ 'ਤੇ ਜਲਣ ਅਤੇ ਗਰਦਨ 'ਤੇ ਝੁਰੜੀਆਂ?

ਹਾਲ ਹੀ ਵਿੱਚ ਇੱਕ ਨਵੀਂ ਚਿੰਤਾ ਸਾਹਮਣੇ ਆਈ ਹੈ - ਕੀ ਟੈਕ ਨੈਕ ਕਾਰਨ ਗਰਦਨ 'ਤੇ ਝੁਰੜੀਆਂ ਪੈ ਰਹੀਆਂ ਹਨ? ਯੂਕੇ ਵਿੱਚ ਰੌਇਲ ਕਾਲਜ ਆਫ਼ ਫ਼ਿਜ਼ੀਸ਼ੀਅਨਜ਼ ਦੇ ਫੈਲੋ ਅਤੇ ਕੰਸਲਟੈਂਟ ਡਰਮੈਟੋਲੋਜਿਸਟ ਜਸਟਿਨ ਹੇਕਸਟਾਲ ਕਹਿੰਦੇ ਹਨ, "ਥਿਊਰੀ ਦੇ ਹਿਸਾਬ ਨਾਲ ਇਹ ਗੱਲ ਸਹੀ ਹੈ।" ਉਹ ਕਹਿੰਦੇ ਹਨ ਕਿ ਵਾਰ-ਵਾਰ ਪੈਣ ਵਾਲਾ ਦਬਾਅ ਝੁਰੜੀਆਂ ਦਾ ਕਾਰਨ ਬਣਦਾ ਹੈ, ਇਸ ਲਈ ਹਰ ਸਮੇਂ ਅੱਗੇ ਵੱਲ ਝੁਕਣਾ ਅਤੇ ਗਰਦਨ ਨੂੰ ਉੱਪਰ ਵੱਲ ਮੋੜਨਾ ਇੱਕ ਸਮੱਸਿਆ ਹੋ ਸਕਦੀ ਹੈ। ਪਰ ਹੇਕਸਟਾਲ ਕਹਿੰਦੇ ਹਨ ਕਿ ਇਸ ਸਬੰਧ ਨੂੰ ਸਾਬਿਤ ਕਰਨ ਵਾਲਾ ਕੋਈ ਮਜ਼ਬੂਤ ਅਧਿਐਨ ਨਹੀਂ ਹੋਇਆ ਹੈ। ਉਹ ਆਨਲਾਈਨ ਵਿਕਣ ਵਾਲੇ ਕਿਸੇ ਵੀ ਵਿਸ਼ੇਸ਼ "ਟੈਕ ਨੈਕ" ਸਕਿਨ ਪ੍ਰੋਡਕਟ ਨੂੰ ਨਾ ਖਰੀਦਣ ਦੀ ਸਲਾਹ ਦਿੰਦੇ ਹਨ। ਹਾਲਾਂਕਿ, ਚਮੜੀ ਨਾਲ ਜੁੜੀਆਂ ਹੋਰ ਸਮੱਸਿਆਵਾਂ ਵੀ ਹਨ, ਜਿਨ੍ਹਾਂ ਬਾਰੇ ਚਿੰਤਾ ਕਰਨੀ ਚਾਹੀਦੀ ਹੈ, ਖ਼ਾਸ ਕਰਕੇ ਉਨ੍ਹਾਂ ਲੋਕਾਂ ਲਈ ਜੋ ਸਮਾਰਟਵਾਚ ਦੇ ਇੰਨੇ ਆਦੀ ਹਨ ਕਿ ਉਸ ਨੂੰ ਕਦੇ ਨਹੀਂ ਉਤਾਰਦੇ।

ਉਹ ਕਹਿੰਦੇ ਹਨ, "ਇੱਕ ਹਨ੍ਹੇਰਾ ਅਤੇ ਨਮੀ ਵਾਲਾ ਮਾਹੌਲ .ਜਿਵੇਂ ਤੁਹਾਡੀ ਘੜੀ ਦੇ ਹੇਠਾਂ ਵਾਲਾ ਹਿੱਸਾ॥ ਫੰਗਸ (ਖ਼ਮੀਰ) ਲਈ ਬਹੁਤ ਵਧੀਆ ਹੁੰਦਾ ਹੈ, ਇਸ ਲਈ ਤੁਹਾਨੂੰ ਜਲਣ ਜਾਂ ਐਕਜ਼ੀਮਾ ਵੀ ਹੋ ਸਕਦਾ ਹੈ।" ਅਤੇ ਕਿਉਂਕਿ ਇਸ ਨਾਲ ਚਮੜੀ ਦੀ ਸੁਰੱਖਿਆ ਪਰਤ ਨੂੰ ਨੁਕਸਾਨ ਪਹੁੰਚ ਸਕਦਾ ਹੈ, ਹੇਕਸਟਾਲ ਦਾ ਕਹਿਣਾ ਹੈ ਕਿ ਇਸ ਨਾਲ ਟੈਕ ਪ੍ਰੋਡਕਟਾਂ ਵਿੱਚ ਮੌਜੂਦ ਕੁਝ ਤੱਤਾਂ, ਜਿਵੇਂ ਨਿੱਕਲ, ਰਬੜ, ਲੈਟੈਕਸ ਅਤੇ ਐਕ੍ਰਿਲੇਟਸ ਨਾਮ ਦੇ ਰਸਾਇਣਾਂ ਦੇ ਸਮੂਹ ਪ੍ਰਤੀ ਸੰਵੇਦਨਸ਼ੀਲਤਾ ਵੀ ਵਧ ਸਕਦੀ ਹੈ। ਇਸ ਦਾ ਹੱਲ ਸੌਖਾ ਹੈ- ਆਪਣੀ ਸਮਾਰਟਵਾਚ ਨੂੰ ਵੱਧ ਵਾਰ ਉਤਾਰੋ ਅਤੇ ਆਪਣੀ ਚਮੜੀ ਨੂੰ ਧੋਵੋ। ਜੇ ਤੁਸੀਂ ਸਾਰਾ ਦਿਨ ਘੜੀ ਪਹਿਨਣੀ ਹੈ, ਤਾਂ ਉਹ ਬੈਰੀਅਰ ਕ੍ਰੀਮ ਲਗਾਉਣ ਦੀ ਵੀ ਸਲਾਹ ਦਿੰਦੇ ਹਨ।

**ਘੱਟਦੀ ਨਜ਼ਰ**

ਮਾਇ ਪੀਆ (ਨੇੜੇ ਦੀ ਨਜ਼ਰ ਕਮਜ਼ੋਰ ਹੋਣਾ) ਦੀ ਦਰ ਦਹਾਕਿਆਂ ਤੋਂ ਤੇਜ਼ੀ ਨਾਲ ਵਧ ਰਹੀ ਹੈ। ਜੇ ਤੁਸੀਂ ਸੋਚੋ ਕਿ ਕੀ ਬਦਲਿਆ ਹੈ, ਤਾਂ ਟੈਕਨਾਲੋਜੀ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਣਾ ਆਸਾਨ ਹੈ। ਅਮਰੀਕਾ ਵਿੱਚ ਓਹਾਇਓ ਸਟੇਟ ਯੂਨੀਵਰਸਿਟੀ ਵਿੱਚ ਆਪਟੋਮੈਟਰੀ ਦੇ ਪ੍ਰੋਫੈਸਰ ਡੌਨਲਡ ਮੱਟੀ ਦੇ ਅਨੁਸਾਰ, ਇਹ ਸੱਚ ਹੋ ਸਕਦਾ ਹੈ, ਪਰ ਉਸ ਤਰ੍ਹਾਂ ਨਹੀਂ ਜਿਵੇਂ ਤੁਸੀਂ ਸੋਚਦੇ ਹੋਵੋ। ਮੱਟੀ ਕਹਿੰਦੇ ਹਨ, "ਅਸੀਂ ਬੱਚਿਆਂ ਦੀਆਂ ਅੱਖਾਂ ਦੇ ਵਿਕਾਸ 'ਤੇ 20 ਸਾਲ ਤੋਂ ਵੱਧ ਸਮੇਂ ਤੱਕ, ਲੰਬੇ ਸਮੇਂ ਵਾਲਾ ਅਧਿਐਨ ਕੀਤਾ। ਜਿਸ ਵਿੱਚ ਮਾਇ ਪੀਆ ਦੀ ਸ਼ੁਰੂਆਤ ਅਤੇ ਇਸ ਦੇ ਵਧਣ ਦੇ ਜੋਖ਼ਮ ਕਾਰਕਾਂ ਨੂੰ ਦੇਖਿਆ ਗਿਆ।" ਇੱਕ ਮਹੱਤਵਪੂਰਨ ਸਵਾਲ ਇਹ ਸੀ ਕਿ ਕੀ ਮਾਇ ਪੀਆ ਅਤੇ "ਨੇੜੇ ਤੋਂ ਕੀਤੇ ਜਾਣ ਵਾਲੇ ਕੰਮ" ਵਿਚਕਾਰ ਕੋਈ ਸਬੰਧ ਹੈ, ਜਿਵੇਂ ਉਹ ਕੰਮ ਜਿਨ੍ਹਾਂ ਵਿੱਚ ਤੁਹਾਡਾ ਧਿਆਨ ਫ਼ੋਨ ਵਰਗੀ ਕਿਸੇ ਚੀਜ਼ 'ਤੇ ਕੇਂਦਰਿਤ ਰਹਿੰਦਾ ਹੈ। ਉਹ ਕਹਿੰਦੇ ਹਨ, "ਜਵਾਬ ਸੀ- 'ਅਸਲ ਵਿੱਚ ਨਹੀਂ'।" ਪਰ ਅਧਿਐਨ ਤੋਂ ਇੱਕ ਹੋਰ ਗੱਲ ਵੀ ਸਾਹਮਣੇ ਆਈ - ਬਾਹਰ ਖੁੱਲ੍ਹੇ ਵਿੱਚ ਬਿਤਾਇਆ ਗਿਆ ਸਮਾਂ ਇੱਕ ਸੁਰੱਖਿਆਤਮਕ ਅਸਰ ਦਿਖਾਉਂਦਾ ਹੈ।

ਮੱਟੀ ਕਹਿੰਦੇ ਹਨ, "ਵਿਚਾਰ ਇਹ ਹੈ ਕਿ ਬਾਹਰ ਦੀ ਤੇਜ਼ ਰੌਸ਼ਨੀ ਰੈਟੀਨਾ ਤੋਂ ਡੋਪਾਮਾਈਨ ਨਿਕਲਣ ਵਿੱਚ ਮਦਦ ਕਰਦੀ ਹੈ," ਅਤੇ ਅਜਿਹਾ ਲੱਗਦਾ ਹੈ ਕਿ ਇਹ ਤੁਹਾਡੀਆਂ ਅੱਖਾਂ ਦੇ ਵਿਕਸਿਤ ਹੋਣ ਦੇ ਤਰੀਕੇ 'ਤੇ ਅਸਰ ਪਾ ਸਕਦੀ ਹੈ। ਦੁਨੀਆ ਬਦਲ ਰਹੀ ਹੈ ਅਤੇ ਟੈਕਨਾਲੋਜੀ ਇਸ ਬਦਲਦੀ ਦੁਨੀਆਂ ਦਾ ਇੱਕ ਹਿੱਸਾ ਹੈ। ਇਸ ਬਦਲਦੀ ਦੁਨੀਆਂ ਅਤੇ ਟੈਕਨਾਲੋਜੀ ਕਾਰਨ ਅਸੀਂ ਆਪਣਾ ਜ਼ਿਆਦਾਤਰ ਸਮਾਂ ਘਰਾਂ ਦੇ ਅੰਦਰ ਬਿਤਾ ਰਹੇ ਹਾਂ। ਮੱਟੀ ਦਾ ਮੰਨਣਾ ਹੈ ਕਿ ਇਸ ਹਿਸਾਬ ਨਾਲ ਤੁਹਾਡੇ ਡਿਵਾਈਸ ਤੁਹਾਡੀਆਂ ਅੱਖਾਂ 'ਤੇ ਅਸਿੱਧਾ ਨਕਾਰਾਤਮਕ ਅਸਰ ਪਾ ਸਕਦੇ ਹਨ।

ਮੱਟੀ ਕਹਿੰਦੇ ਹਨ ਕਿ ਇਸ ਦਾ ਹੱਲ ਆਸਾਨ ਹੈ - ਤੁਹਾਨੂੰ ਸਿਰਫ਼ ਬਾਹਰ ਹੋਰ ਵੱਧ ਸਮਾਂ ਬਿਤਾਉਣ ਦੀ ਲੋੜ ਹੈ। ਇਹ ਨਾ ਸਿਰਫ਼ ਤੁਹਾਡੀਆਂ ਅੱਖਾਂ ਲਈ ਚੰਗਾ ਹੈ, ਸਗੋਂ ਇਸ ਨਾਲ ਤੁਹਾਨੂੰ ਬਿਹਤਰ ਨੀਂਦ ਲੈਣ ਵਿੱਚ ਵੀ ਮਦਦ ਮਿਲ ਸਕਦੀ ਹੈ। ਬਸ ਇਹ ਯਕੀਨੀ ਬਣਾ ਕਿ ਧੁੱਪ ਦੇ ਨੁਕਸਾਨਦੇਹ ਪ੍ਰਭਾਵ ਤੋਂ ਬਚਣ ਲਈ ਸਨਸਕ੍ਰੀਨ ਅਤੇ ਸਨਗਲਾਸ ਪਹਿਨੋ। (ਮੇਰੇ ਸਹਿਕਰਮੀ ਜੈਸਿਕਾ ਬ੍ਰੈਡਲੇ ਦੇ ਇਸ ਲੇਖ ਵਿੱਚ ਜਾਣੋ ਕਿ ਕੀ ਤੁਸੀਂ ਸਨਸਕ੍ਰੀਨ ਸਹੀ ਤਰੀਕੇ ਨਾਲ ਲਗਾ ਰਹੇ ਹੋ ਜਾਂ ਨਹੀਂ।)

ਕਮਜ਼ੋਰ ਹੱਥ

ਪਕੜ ਦੀ ਮਜ਼ਬੂਤੀ (ਗ੍ਰਿਪ ਸਟ੍ਰੈਂਥ) ਨੂੰ ਹੁਣ ਤੁਹਾਡੀ ਸਿਹਤ ਦਾ ਇੱਕ ਮਹੱਤਵਪੂਰਨ ਮਾਪਦੰਡ ਮੰਨਿਆ ਜਾ ਰਿਹਾ ਹੈ। ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਇਹ ਸਮੇਂ ਤੋਂ ਪਹਿਲਾਂ ਹੋਣ ਵਾਲੀ ਮੌਤ ਦੇ ਮਾਮਲਿਆਂ ਵਿੱਚ ਬਲੱਡ ਪ੍ਰੈਸ਼ਰ ਦੇ ਮੁਕਾਬਲੇ ਬਿਹਤਰ ਸੰਕੇਤ ਦਿੰਦੀ ਹੈ। ਅਤੇ ਕਈ ਦੇਸ਼ਾਂ ਵਿੱਚ, ਖ਼ਾਸ ਕਰਕੇ ਨੌਜਵਾਨਾਂ ਵਿੱਚ ਪਕੜ ਦੀ ਮਜ਼ਬੂਤੀ ਘੱਟ ਰਹੀ ਹੈ।

ਜਰਮਨੀ ਦੀ ਮੈਡੀਕਲ ਯੂਨੀਵਰਸਿਟੀ ਆਫ਼ ਲਾਊਜ਼ਿਟਜ਼ ਵਿੱਚ ਮੈਡੀਕਲ ਸੋਸ਼ਿ ਲੋਜੀ ਦੇ ਪ੍ਰੋਫੈਸਰ ਜੋਹਾਨਸ ਬੈਲਰ ਕਹਿੰਦੇ ਹਨ, "ਪੀੜ੍ਹੀਆਂ ਵਿੱਚ ਆਈ ਇਹ ਗਿਰਾਵਟ ਸਿਰਫ਼ ਕਮਜ਼ੋਰ ਹੱਥਾਂ ਦੀ ਗੱਲ ਨਹੀਂ ਹੈ, ਇਹ ਨੌਜਵਾਨਾਂ ਦੀ ਭਵਿੱਖ ਦੀ ਸਿਹਤ ਬਾਰੇ ਇੱਕ ਸ਼ੁਰੂਆਤੀ ਚੇਤਾਵਨੀ ਦਾ ਸੰਕੇਤ ਹੋ ਸਕਦੀ ਹੈ।" "ਇਸ ਗੱਲ ਦੀ ਕਾਫ਼ੀ ਸੰਭਾਵਨਾ ਹੈ ਕਿ ਕੰਪਿਊਟਰ-ਆਧਾਰਿਤ, ਬੈਠ ਕੇ ਕੀਤੇ ਜਾਣ ਵਾਲੇ ਕੰਮ ਸਰੀਰਕ ਤੰਦਰੁਸਤੀ ਵਿੱਚ ਕਮੀ ਲਿਆ ਰਹੇ ਹਨ" ਅਤੇ ਇਹ ਵੀ ਸੰਭਵ ਹੈ ਕਿ ਇਸ ਦਾ ਅਸਰ ਪਕੜ ਦੀ ਮਜ਼ਬੂਤੀ 'ਤੇ ਵੀ ਪੈ ਰਿਹਾ ਹੋਵੇ। ਤੁਹਾਨੂੰ ਟੈਨਿਸ ਦੀ ਗੇਂਦ ਨੂੰ ਜਿੰਨੀ ਜ਼ੋਰ ਨਾਲ ਹੋ ਸਕੇ ਦਬਾਉਣਾ ਚਾਹੀਦਾ ਹੈ ਅਤੇ 15 ਤੋਂ 30 ਸਕਿੰਟ ਤੱਕ ਦਬਾ ਕੇ ਰੱਖਣਾ ਚਾਹੀਦਾ ਹੈ। ਜੇ ਤੁਸੀਂ ਅਜਿਹਾ ਨਹੀਂ ਕਰ ਸਕਦੇ, ਤਾਂ ਮੇਰੇ ਸਹਿਯੋਗੀ ਡੇਵਿਡ ਕਾਕਸ ਦੇ ਇਸ ਲੇਖ ਵਿੱਚ ਖ਼ਾਸ ਰਿਸਟ ਕਰਲਜ਼ (ਕਲਾਈ ਦੀ ਕਸਰਤ) ਬਾਰੇ ਸਲਾਹ ਦਿੱਤੀ ਗਈ ਹੈ। ਪਰ ਇਹ ਸਿਰਫ਼ ਪਕੜ ਦੀ ਗੱਲ ਨਹੀਂ ਹੈ, ਸਗੋਂ ਤੁਹਾਡੀ ਸਮੁੱਚੀ ਸਰੀਰਕ ਤੰਦਰੁਸਤੀ ਨੂੰ ਬਿਹਤਰ ਬਣਾਉਣ ਬਾਰੇ ਵੀ ਹੈ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ - ਜਿਮ ਜਾ ਅਤੇ ਕਸਰਤ ਕਰੋ।

ਹੱਥਾਂ ਅਤੇ ਅੱਖਾਂ ਦਾ ਤਾਲਮੇਲ

ਅਜਿਹਾ ਲੱਗਦਾ ਹੈ ਕਿ ਟੈਕਨਾਲੋਜੀ ਮੋਟਰ ਸਕਿੱਲਜ਼ (ਸਰੀਰਕ ਗਤੀਵਿਧੀਆਂ ਲਈ ਦਿਮਾਗ ਅਤੇ ਸਰੀਰ ਦੇ ਤਾਲਮੇਲ ਦੀ ਸਮਰੱਥਾ) 'ਤੇ ਅਸਰ ਪਾਉਂਦੀ ਹੈ। ਜਰਮਨੀ ਦੀ ਰੇਗੇਨਸਬਰਗ ਯੂਨੀਵਰਸਿਟੀ ਵਿੱਚ ਡਿਵੈਲਪਮੈਂਟਲ ਸਾਈਕੋਲੋਜੀ ਅਤੇ ਐਜੂਕੇਸ਼ਨ ਦੇ ਪ੍ਰੋਫੈਸਰ ਸੇਬੇਸਟੀਅਨ ਸੁਗੇਟ ਕਹਿੰਦੇ ਹਨ ਕਿ ਇਸ ਨਾਲ ਤੁਸੀਂ ਕਲਿੱਕ ਕਰਨ ਅਤੇ ਸਵਾਈਪ ਕਰਨ ਵਰਗੇ ਕੰਮਾਂ ਵਿੱਚ ਬਿਹਤਰ ਹੋ ਸਕਦੇ ਹੋ। "ਪਰ ਜੇ ਤੁਸੀਂ ਵਿਆਪਕ ਮੋਟਰ ਸਕਿੱਲਜ਼ ਦੇ ਵਿਕਾਸ, ਖ਼ਾਸ ਕਰਕੇ ਫ਼ਾਈਨ ਮੋਟਰ ਸਕਿੱਲਜ਼ ਦੇ ਵਿਕਾਸ ਨੂੰ ਦੇਖੋ, ਤਾਂ ਸਬੂਤ ਨਕਾਰਾਤਮਕ ਅਸਰ ਵੱਲ ਇਸ਼ਾਰਾ ਕਰਦੇ ਹਨ।"

ਸੌਖੇ ਸ਼ਬਦਾਂ ਵਿੱਚ, ਇਸ ਨਾਲ ਭਾਵੇਂ ਤੁਸੀਂ ਮੋਬਾਈਲ ਜਾਂ ਕੰਪਿਊਟਰ ਚਲਾਉਣ ਵਿੱਚ ਹੋਰ ਤੇਜ਼ ਹੋ ਜਾਵੋ, ਪਰ ਇਸ ਨਾਲ ਇਹ ਲਾਜ਼ਮੀ ਨਹੀਂ ਕਿ ਤੁਹਾਡੇ ਹੱਥਾਂ ਦੇ ਹੋਰ ਮਹੱਤਵਪੂਰਨ ਅਤੇ ਬਾਰੀਕ ਹੁਨਰ ਵੀ ਉਨ੍ਹਾਂ ਹੀ ਚੰਗੇ ਤਰੀਕੇ ਨਾਲ ਵਿਕਸਿਤ ਹੋਣ। ਸਾਨੂੰ ਬਾਲਗਾਂ ਦੇ ਮੁਕਾਬਲੇ ਬੱਚਿਆਂ 'ਤੇ ਪੈਣ ਵਾਲੇ ਅਸਰਾਂ ਬਾਰੇ ਵੱਧ ਜਾਣਕਾਰੀ ਹੈ। ਸੁਗੇਟ ਦੀ ਆਪਣੀ ਖੋਜ ਤੋਂ ਪਤਾ ਲੱਗਦਾ ਹੈ ਕਿ ਵੱਧ ਸਕ੍ਰੀਨ ਟਾਈਮ ਅਤੇ ਕਮਜ਼ੋਰ ਮੋਟਰ ਸਕਿੱਲਜ਼ ਵਿਚਕਾਰ ਸਬੰਧ ਹੈ। ਇਹ ਗੱਲ ਇਸ ਲਈ ਵੀ ਚਿੰਤਾਜਨਕ ਹੈ ਕਿਉਂਕਿ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਮੋਟਰ ਸਕਿੱਲਜ਼ ਅਤੇ ਬੋਧਾਤਮਕ (ਕੌਗਨਿਟਿਵ) ਅਤੇ ਅਕਾਦਮਿਕ ਵਿਕਾਸ ਵਿਚਕਾਰ ਸਬੰਧ ਹੁੰਦਾ ਹੈ।

ਹਾਲਾਂਕਿ ਉਹ ਕਹਿੰਦੇ ਹਨ ਇਸ ਨੂੰ ਲੈਕੇ ਘਬਰਾਉਣ ਜਾਂ ਸਕ੍ਰੀਨ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਰੋਕ ਲਗਾਉਣ ਦੀ ਜ਼ਰੂਰਤ ਨਹੀਂ। ਇਸ ਦੀ ਬਜਾਏ, ਰੋਜ਼ਾਨਾ ਦੀ ਜ਼ਿੰਦਗੀ ਵਿੱਚ ਅਜਿਹੇ ਕੰਮ ਸ਼ਾਮਲ ਕਰੋ ਜਿਨ੍ਹਾਂ ਵਿੱਚ ਤੁਹਾਡੇ ਹੱਥਾਂ ਦਾ ਵੱਧ ਤੋਂ ਵੱਧ ਇਸਤੇਮਾਲ ਹੋਵੇ। ਨਿਯਮਿਤ ਤੌਰ 'ਤੇ ਹੱਥਾਂ ਨਾਲ ਕੀਤੇ ਜਾਣ ਵਾਲੇ ਕੰਮ, ਜਿਵੇਂ ਖਾਣਾ ਬਣਾਉਣਾ ਜਾਂ ਕਲਾ ਅਤੇ ਸ਼ਿਲਪ (ਆਰਟਸ ਐਂਡ ਕਰਾਫ਼ਟਸ) ਮਦਦਗਾਰ ਹੋ ਸਕਦੇ ਹਨ। ਸੁਗੇਟ ਲੱਕੜ ਦਾ ਕੰਮ ਕਰਦੇ ਹਨ, ਪਰ ਤੁਸੀਂ ਕੋਈ ਸੰਗੀਤਕ ਸਾਜ਼ ਵਜਾਉਣਾ ਸਿੱਖ ਸਕਦੇ ਹੋ ਜਾਂ ਹੱਥ ਨਾਲ ਲਿਖਣ ਦੀ ਆਦਤ ਵੀ ਪਾ ਸਕਦੇ ਹੋ।

ਸੁਗੇਟ ਕਹਿੰਦੇ ਹਨ, "ਇਹ ਦੁਨੀਆ ਦਾ ਅੰਤ ਨਹੀਂ ਹੈ। ਇਹ ਮਾਮੂਲੀ ਅਸਰ ਹਨ। ਪਰ ਭਾਵੇਂ ਵਿਅਕਤੀਗਤ ਪੱਧਰ 'ਤੇ ਇਸ ਦਾ ਅਸਰ ਘੱਟ ਜਾਂ ਦਰਮਿਆਨਾ ਹੋਵੇ, ਫਿਰ ਵੀ ਸਮੂਹਿਕ ਤੌਰ 'ਤੇ ਅਤੇ ਪੀੜ੍ਹੀਆਂ ਦੇ ਦੌਰਾਨ, ਅਸੀਂ ਅਜਿਹੇ ਸਮਾਜ ਦੀ ਗੱਲ ਕਰ ਰਹੇ ਹਾਂ ਜੋ ਸੰਭਾਵੀ ਤੌਰ 'ਤੇ ਘੱਟ ਸਮਝਦਾਰ ਹੋ ਸਕਦਾ ਹੈ ਅਤੇ ਅਸਲੀਅਤ ਨੂੰ ਸਮਝਣ ਵਿੱਚ ਘੱਟ ਸਮਰੱਥ ਹੋ ਸਕਦਾ ਹੈ, ਕਿਉਂਕਿ ਦੁਨੀਆ ਨਾਲ ਜੁੜਨ ਲਈ ਸਾਡੇ ਹੱਥ ਹੀ ਸੰਪਰਕ ਦਾ ਮੁੱਖ ਸਾਧਨ ਹੁੰਦੇ ਹਨ।" ਸੌਖੇ ਸ਼ਬਦਾਂ ਵਿੱਚ ਉਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਭਾਵੇਂ ਵਿਅਕਤੀ ਵਿਸ਼ੇਸ਼ 'ਤੇ ਤਕਨੀਕ ਦੇ ਪ੍ਰਭਾਵ ਘੱਟ ਜਾਂ ਦਰਮਿਆਨੇ ਹੋਣ ਪਰ ਸਮੂਹਿਕ ਪੱਧਰ 'ਤੇ ਜਾਂ ਪੀੜ੍ਹੀਆਂ 'ਤੇ ਇਸਦਾ ਅਸਰ ਵੱਡਾ ਹੁੰਦਾ ਹੈ ਅਤੇ ਲੰਬੇ ਸਮੇਂ ਵਿੱਚ ਇਸ ਦਾ ਅਸਰ ਸਮਾਜ ਦੀ ਸਮੁੱਚੀ ਸੋਚਣ ਅਤੇ ਸਿੱਖਣ ਦੀ ਸਮਰੱਥਾ 'ਤੇ ਪੈ ਸਕਦਾ ਹੈ।

# ਲਾਹੌਰ ਵਿੱਚ 6ਵੇਂ ਗੁਰੂ ਦੀ ਯਾਦ ਵਿਚ ਇਤਿਹਾਸਕ ਗੁਰਦੁਆਰਾ 79 ਸਾਲਾਂ ਬਾਅਦ ਮੁੜ ਖੁੱਲ੍ਹਿਆ

ਲਾਹੌਰ ਵਿੱਚ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਇੱਕ ਇਤਿਹਾਸਕ ਗੁਰਦੁਆਰੇ ਨੂੰ 79 ਸਾਲਾਂ ਬਾਅਦ ਸੰਗਤ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਸਾਲ 1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਇਹ ਅਸਥਾਨ ਬੰਦ ਪਿਆ ਸੀ। ਲਾਹੌਰ-ਕਸੂਰ ਰੋਡ 'ਤੇ ਸਥਿਤ ਇਤਿਹਾਸਕ ਪਿੰਡ ਅਮਰ ਸਿੱਧੂ (ਜੋ ਹੁਣ ਲਾਹੌਰ ਸ਼ਹਿਰ ਦਾ ਹਿੱਸਾ ਬਣ ਚੁੱਕਾ ਹੈ) ਵਿਖੇ ਸਥਿਤ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਦਾ ਨਵੀਨੀਕਰਨ ਕਰਨ ਤੋਂ ਬਾਅਦ ਇਸ ਨੂੰ ਰਸਮੀ ਤੌਰ 'ਤੇ ਖੋਲ੍ਹਿਆ ਗਿਆ ਹੈ। ਇਸ ਖ਼ਾਸ ਮੌਕੇ 'ਤੇ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ



ਸ਼ਨਿਚਰਵਾਰ ਨੂੰ ਇਕੱਠੇ ਹੋ ਕੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ।

ਇਹ ਪਵਿੱਤਰ ਅਸਥਾਨ ਲਾਹੌਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਨਾਲ ਸਬੰਧਤ ਤਿੰਨ ਇਤਿਹਾਸਕ ਗੁਰਦੁਆਰਿਆਂ ਵਿੱਚੋਂ ਇੱਕ ਹੈ। ਇਤਿਹਾਸਕ ਹਵਾਲਿਆਂ ਅਨੁਸਾਰ ਛੇਵੇਂ ਗੁਰੂ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਅੰਮ੍ਰਿਤਸਰ ਜਾਣ ਤੋਂ ਪਹਿਲਾਂ ਇਸ ਅਸਥਾਨ 'ਤੇ ਰੁਕੇ ਸਨ। ਇਹ ਅਸਥਾਨ ਬੀਬੀ ਕੌਲਾਂ ਜੀ ਨਾਲ ਵੀ ਜੁੜਿਆ ਹੋਇਆ ਹੈ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਸਿੱਖ ਸੰਗਤ ਨਾਲ ਗੁਰੂ ਸਾਹਿਬ ਦੀ ਇਸ ਯਾਤਰਾ ਦੌਰਾਨ ਉਨ੍ਹਾਂ ਦੇ ਨਾਲ ਸਨ।

'ਗੁਰਦੁਆਰਾ ਪੀਡੀਆ' ਪੋਰਟਲ ਦੇ ਸੰਪਾਦਕ ਦਵਿੰਦਰ ਸਿੰਘ ਢਿੱਲੋਂ ਮੁਤਾਬਕ ਸ਼ੁਰੂਆਤ ਵਿੱਚ ਇਸ ਜਗ੍ਹਾ 'ਤੇ ਇੱਕ ਸਾਧਾਰਨ ਯਾਦਗਾਰ ਬਣੀ ਹੋਈ ਸੀ। ਸਾਲ 1923 ਵਿੱਚ ਲਾਹੌਰ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਭਾਈ ਮੋਹਨ ਸਿੰਘ ਅਕਾਲੀ (ਨਿਹੰਗ) ਦੇ ਯਤਨਾਂ ਸਦਕਾ ਇੱਥੇ ਗੁਰਦੁਆਰੇ ਦਾ ਨਿਰਮਾਣ ਕੀਤਾ ਗਿਆ। ਬ੍ਰਿਟਿਸ਼ ਕਾਲ ਦੌਰਾਨ ਅਣਵੰਡੇ ਪੰਜਾਬ ਵਿੱਚ ਕਈ ਇਤਿਹਾਸਕ ਇਮਾਰਤਾਂ ਦਾ ਨਕਸ਼ਾ ਤਿਆਰ ਕਰਨ ਵਾਲੇ ਉੱਘੇ ਸਿਵਲ ਇੰਜਨੀਅਰ ਸਰ ਗੰਗਾ ਰਾਮ ਨੇ ਇਸ ਇਮਾਰਤ ਦੀ ਉਸਾਰੀ ਵਿੱਚ ਅਹਿਮ ਯੋਗਦਾਨ ਪਾਇਆ ਸੀ। ਢਿੱਲੋਂ ਨੇ ਦੱਸਿਆ ਕਿ ਇਸ ਗੁਰਦੁਆਰਾ ਕੰਪਲੈਕਸ ਕੋਲ ਲਗਪਗ 17 ਕਨਾਲ ਜ਼ਮੀਨ ਸੀ, ਜਿਸ ਵਿੱਚ ਲੰਗਰ ਹਾਲ ਅਤੇ ਸ਼ਰਧਾਲੂਆਂ ਦੇ ਰਹਿਣ ਲਈ ਰਿਹਾਇਸ਼ੀ ਕਮਰੇ ਬਣੇ ਹੋਏ ਸਨ। ਵੰਡ ਤੋਂ ਪਹਿਲਾਂ ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ-ਰੇਖ ਹੇਠ ਸਥਾਨਕ ਸਿੱਖ ਸੰਗਤ ਵੱਲੋਂ ਚਲਾਇਆ ਜਾਂਦਾ ਸੀ। ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਜਿਸ ਅਸਥਾਨ (ਥੜ੍ਹੇ) 'ਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਰਾਮ ਕੀਤਾ ਸੀ, ਉਸ ਦੇ ਆਲੇ-ਦੁਆਲੇ 1923 ਵਿੱਚ ਇੱਕ ਬਾਗ਼ ਦੇ ਵਿਚਕਾਰ ਪੱਕਾ ਢਾਂਚਾ ਬਣਾਇਆ ਗਿਆ ਸੀ। ਇਸ ਇਮਾਰਤ 'ਤੇ ਇੱਕ ਸ਼ਾਨਦਾਰ ਗੁੰਬਦ, ਚਾਰ-ਚੁਫੇਰੇ ਵਰਾਂਡੇ ਅਤੇ ਸੰਗਮਰਮਰ ਦਾ ਫ਼ਰਸ਼ ਲੱਗਿਆ ਹੋਇਆ ਸੀ, ਜਿਸ ਉੱਤੇ ਗੁਰਮੁਖੀ ਅਤੇ ਸ਼ਾਹਮੁਖੀ ਦੋਵਾਂ ਲਿਪੀਆਂ ਵਿੱਚ

**(ਬਾਕੀ ਅਗਲੇ ਸਫੇ 'ਤੇ)**

# ਕੀੜੀਆਂ ਮਿੱਠੀਆਂ ਚੀਜ਼ਾਂ ਦਾ ਸਹੀ ਪਤਾ ਕਿਵੇਂ ਲਗਾਉਂਦੀਆਂ ਹਨ?

ਰਸੋਈ 'ਚ ਚਾਹ ਬਣਾਉਂਦੇ ਸਮੇਂ ਖੰਡ ਦੇ ਕੁਝ ਦਾਣੇ ਚੁੱਲ੍ਹੇ ਹੇਠਾਂ ਡਿੱਗ ਜਾਂਦੇ ਹਨ। ਕਿਸੇ ਸ਼ੁਭ ਦਿਹਾੜੇ ਮੌਕੇ ਤਿਆਰ ਕੀਤੀ ਖੀਰ ਦੀਆਂ ਕੁਝ ਬੂੰਦਾਂ ਕਮਰੇ ਦੇ ਕਿਸੇ ਕੋਨੇ ਵਿੱਚ ਡੁੱਲ ਜਾਂਦੀਆਂ ਹਨ। ਜਿਸ ਲੱਡੂ ਦਾ ਤੁਸੀਂ ਆਨੰਦ ਮਾਣ ਰਹੇ ਹੁੰਦੇ ਹੋ, ਉਸਦਾ ਕੁਝ ਹਿੱਸਾ ਟੁੱਟ ਕੇ ਮੇਜ਼ ਦੇ ਹੇਠਾਂ ਡਿੱਗ ਜਾਂਦਾ ਹੈ।

ਸਾਡੇ ਲਈ ਖਾਣੇ ਦੀ ਇਹ ਥੋੜ੍ਹੀ ਜਿਹੀ ਬਰਬਾਦੀ ਹੈ ਜਿਸ ਬਾਰੇ ਕਿਸੇ ਨੂੰ ਪਤਾ ਨਹੀਂ ਲੱਗਦਾ। ਸਾਨੂੰ ਲੱਗਦਾ ਹੈ ਕਿ ਇਸ ਤੋਂ ਬਾਅਦ ਘਰ ਵਿੱਚ ਸਭ ਕੁਝ ਸ਼ਾਂਤ ਹੈ। ਪਰ ਅਸਲ ਵਿੱਚ ਘਰ ਇੰਨਾ ਸ਼ਾਂਤ ਨਹੀਂ ਹੁੰਦਾ।

ਕਿਤੇ ਨਾ ਕਿਤੇ ਫਰਸ਼ ਦੀਆਂ ਦਰਾਰਾਂ ਵਿੱਚੋਂ, ਦਰਵਾਜ਼ੇ ਦੀ ਚੌਖਟ ਹੇਠੋਂ ਜਾਂ ਕੰਧਾਂ ਦੇ ਨਮੀ ਵਾਲੇ ਕੋਨਿਆਂ ਵਿੱਚੋਂ ਕੁਝ ਕੀੜੀਆਂ ਤੁਹਾਡੇ ਵੱਲੋਂ ਡਿੱਗੀ ਖੰਡ ਅਤੇ ਮਿੱਠੇ ਭੋਜਨ ਦੇ ਟੁੱਕੜਿਆਂ ਵੱਲ ਰਵਾਨਾ ਹੋ ਜਾਂਦੀਆਂ ਹਨ।

ਉਹ ਆਪਣੇ ਐਂਟੀਨਾ ਨਾਲ ਘਰ ਦੀ ਸਤ੍ਹਾ ਨੂੰ ਮਹਿਸੂਸ ਕਰਦੀਆਂ ਹਨ, ਅਜਿਹੀ ਖ਼ੁਸ਼ਬੂ ਅਤੇ ਰਸਾਇਣਿਕ ਸੰਕੇਤਾਂ ਨੂੰ ਪਛਾਣਦੀਆਂ ਹਨ ਜਿਨ੍ਹਾਂ ਨੂੰ ਇਨਸਾਨ ਮਹਿਸੂਸ ਨਹੀਂ ਕਰ ਸਕਦੇ ਅਤੇ ਬਹੁਤ ਹੀ ਸਟੀਕ ਢੰਗ ਨਾਲ ਤੁਹਾਡੇ ਵੱਲੋਂ ਸੁੱਟੇ ਭੋਜਨ ਤੱਕ ਪਹੁੰਚ ਜਾਂਦੀਆਂ ਹਨ।

ਅਗਲੀ ਸਵੇਰ ਤੱਕ ਅਸੀਂ ਅਕਸਰ ਦੇਖਦੇ ਹਾਂ ਕਿ ਮਿੱਠੇ ਭੋਜਨ ਦੇ ਆਲੇ-ਦੁਆਲੇ ਕੀੜੀਆਂ ਦੀ ਲੰਬੀ ਕਤਾਰ ਲੱਗੀ ਹੁੰਦੀ ਹੈ ਅਤੇ ਉਹ ਝੁੰਡ ਵਿੱਚ ਉੱਥੇ ਇਕੱਠੀਆਂ ਹੋ ਜਾਂਦੀਆਂ ਹਨ।

ਆਖਰ ਕੀੜੀਆਂ ਇੰਨੇ ਸਟੀਕ ਤਰੀਕੇ ਨਾਲ ਮਿੱਠਾ ਭੋਜਨ ਕਿਵੇਂ ਲੱਭ ਲੈਂਦੀਆਂ ਹਨ ? ਉਹ ਖੰਡ ਦੇ ਦਾਣਿਆਂ ਜਾਂ ਲੱਡੂ ਦੇ ਟੁੱਕੜਿਆਂ ਤੱਕ ਅਚਾਨਕ ਕਿਵੇਂ ਪਹੁੰਚ ਜਾਂਦੀਆਂ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਪਹਿਲਾਂ ਘਰ ਵਿੱਚ ਕਦੇ ਨਹੀਂ ਦੇਖਿਆ ਹੁੰਦਾ ?

**ਕੀੜੀਆਂ ਖੰਡ ਕਿਵੇਂ ਲੱਭਦੀਆਂ ਹਨ?**

ਇਸ ਦਾ ਜਵਾਬ ਇਹ ਨਹੀਂ ਕਿ ਤੁਹਾਡੇ ਘਰ ਤੋਂ ਕਾਫ਼ੀ ਦੂਰ ਬੈਠੀ ਕਿਸੇ ਕੀੜੀ ਨੇ ਪੂਰੀ ਰਸੋਈ ਦੀ ਖ਼ੁਸ਼ਬੂ ਸੁੰਘ ਲਈ ਹੋਵੇ। ਇਸ ਦੇ ਪਿੱਛੇ ਇੱਕ ਬਹੁਤ ਹੀ ਦਿਲਚਸਪ, ਹੈਰਾਨੀਜਨਕ ਅਤੇ ਬੇਹੱਦ ਪ੍ਰਭਾਵਸ਼ਾਲੀ ਪ੍ਰਨਾਲੀ ਕੰਮ ਕਰਦੀ ਹੈ। ਕੀੜੀਆਂ ਆਪਣੇ ਸਰੀਰ ਵਿੱਚ ਕੁਦਰਤ ਦੇ ਸਭ ਤੋਂ ਪੁਰਾਣੇ "ਸਰਚ ਇੰਜਨਾਂ" ਵਿੱਚੋਂ ਇੱਕ ਦਾ ਸੰਚਾਲਨ ਕਰਦੀਆਂ ਹਨ। ਇਹ ਸਰਚ ਇੰਜਨ ਰਸਾਇਣਿਕ ਸੰਕੇਤਾਂ, ਯਾਦਦਾਸ਼ਤ ਅਤੇ ਸਮੂਹਿਕ ਫ਼ੈਸਲੇ ਲੈਣ ਦੀ ਸਮਰੱਥਾ 'ਤੇ ਆਧਾਰਿਤ ਇੱਕ ਜੀਵਿਤ ਨੈੱਟਵਰਕ ਵਾਂਗ ਕੰਮ ਕਰਦਾ ਹੈ।

ਸਾਲ 2016 ਵਿੱਚ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਖੋਜਕਾਰ ਹਿਮੇਂਦਰ ਭਾਰਤੀ ਨੇ ਚੀਨ ਅਤੇ ਜਾਪਾਨ ਦੇ ਤਿੰਨ ਹੋਰ ਖੋਜਕਾਰਾਂ ਨਾਲ ਮਿਲ ਕੇ ਭਾਰਤ ਵਿੱਚ ਮਿਲਣ ਵਾਲੀਆਂ ਕੀੜੀਆਂ ਦੀਆਂ ਪ੍ਰਜਾਤੀਆਂ ਦੀ ਸੂਚੀ ਤਿਆਰ ਕੀਤੀ ਸੀ।

ਉਨ੍ਹਾਂ ਦੀ ਖੋਜ ਮੁਤਾਬਕ ਭਾਰਤ ਵਿੱਚ ਕੀੜੀਆਂ ਦੀਆਂ ਕੁੱਲ 828 ਪ੍ਰਜਾਤੀਆਂ ਅਤੇ ਉਨ੍ਹਾਂ ਦੀਆਂ ਉਪ-ਪ੍ਰਜਾਤੀਆਂ ਨੂੰ ਦਰਜ ਕੀਤਾ ਗਿਆ।

ਤਾਮਿਲਨਾਡੂ ਦੇ ਤਿਰੂਵੱਲੂਰ ਜ਼ਿਲ੍ਹੇ ਵਿੱਚ ਸਾਲ 2024 ਵਿੱਚ ਹੋਏ ਇੱਕ ਅਧਿਐਨ ਦੌਰਾਨ ਰਿਹਾਇਸ਼ੀ ਇਲਾਕਿਆਂ ਸਮੇਤ ਵੱਖ-ਵੱਖ ਵਾਤਾਵਰਨਾਂ ਵਿੱਚ ਕੀੜੀਆਂ ਦੀਆਂ 34 ਪ੍ਰਜਾਤੀਆਂ ਦੀ ਮੌਜੂਦਗੀ ਦਰਜ ਕੀਤੀ ਗਈ।

ਇਸ ਲਈ ਤੁਹਾਡੀ ਰਸੋਈ ਵਿੱਚ ਦਾਖ਼ਲ ਹੋਣ ਵਾਲੀ ਕੀੜੀ ਕਿਸੇ ਇੱਕ ਖ਼ਾਸ ਪ੍ਰਜਾਤੀ ਦੀ ਨਹੀਂ ਹੁੰਦੀ। ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਲਗਭਗ ਸਾਰੀਆਂ ਕੀੜੀਆਂ ਦੀ ਜੀਵਨਸ਼ੈਲੀ ਇੱਕੋ ਜਿਹੀ ਹੁੰਦੀ ਹੈ।

ਕੀੜੀਆਂ ਵੱਲੋਂ ਭੋਜਨ ਲੱਭਣ ਦੀ ਪ੍ਰਕਿਰਿਆ ਵਿੱਚ ਕਈ ਪੜਾਅ ਸ਼ਾਮਿਲ ਹੁੰਦੇ ਹਨ। ਪਹਿਲਾ ਪੜਾਅ ਹੁੰਦਾ ਹੈ ਖੋਜ ਕਰਨਾ।

ਹਰ ਵੇਲੇ ਕੁਝ ਮਜ਼ਦੂਰ ਕੀੜੀਆਂ ਕੰਧਾਂ ਦੀਆਂ ਤਰੇੜਾਂ, ਖਿੜਕੀਆਂ ਦੇ ਫਰੇਮਾਂ, ਪਾਈਪਾਂ ਦੇ ਛੇਕਾਂ ਅਤੇ ਫਰਸ਼ ਦੇ ਕਿਨਾਰਿਆਂ ਦੇ ਆਲੇ-ਦੁਆਲੇ ਘੁੰਮਦੀਆਂ ਰਹਿੰਦੀਆਂ ਹਨ। ਉਨ੍ਹਾਂ ਦਾ ਕੰਮ ਆਪਣੇ ਆਲੇ-ਦੁਆਲੇ ਦੇ ਹਰ ਕੋਨੇ ਦੀ ਜਾਂਚ ਕਰਨਾ ਹੁੰਦਾ ਹੈ।



ਇਸ ਕੰਮ ਲਈ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਸਾਧਨ ਉਨ੍ਹਾਂ ਦੇ ਐਂਟੀਨਾ ਹੁੰਦੇ ਹਨ। ਸੂਖਮ ਜੀਵ ਵਿਗਿਆਨ (ਮਾਈਕ੍ਰੋਬਾਇਓਲੋਜੀ) ਦੀ ਦੁਨੀਆ ਵਿੱਚ ਆਮ ਤੌਰ 'ਤੇ ਕੀੜੀਆਂ ਨੂੰ ਅਜਿਹੇ ਜੀਵ ਮੰਨਿਆ ਜਾਂਦਾ ਹੈ ਜੋ ਇੱਕ ਵਿਲੱਖਣ ਰਸਾਇਣਿਕ ਸੰਸਾਰ ਵਿੱਚ ਰਹਿੰਦੀਆਂ ਹਨ।

ਸ਼ੌਨ ਕੇ. ਮੈਕੇਂਜ਼ੀ ਦੀ ਅਗਵਾਈ ਵਿੱਚ ਕੀਤੇ ਗਏ ਇੱਕ ਅਨੁਵੰਸ਼ਿਕ ਅਧਿਐਨ, ਜੋ ਨਵੰਬਰ 2018 ਵਿੱਚ ਜੀਨੋਮ ਰਿਸਰਚ ਨਾਮੀ ਮੈਗਜ਼ੀਨ 'ਚ ਪ੍ਰਕਾਸ਼ਿਤ ਹੋਇਆ ਸੀ, ਵਿੱਚ ਪਾਇਆ ਗਿਆ ਕਿ 'ਕੀੜੀ ਦੇ ਜੀਨੋਮ 'ਚ ਗੰਧ ਨੂੰ ਪਛਾਨਣ ਵਾਲੇ ਰਿਸੈਪਟਰ ਜੀਨ ਦੀ ਗਿਣਤੀ ਕਾਫ਼ੀ ਵੱਧ ਹੈ।'

ਸਾਲ 2012 ਵਿੱਚ ਵੈਂਡਰਬਿਲਟ ਯੂਨੀਵਰਸਿਟੀ ਦੇ ਖੋਜਕਾਰਾਂ ਵੱਲੋਂ ਪੀਐਲਓਐਸ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ 'ਕੀੜੀਆਂ ਵਿੱਚ ਹੋਰਨਾਂ ਵੱਖ-ਵੱਖ ਕੀਟ ਪ੍ਰਜਾਤੀਆਂ ਦੀ ਤੁਲਨਾ ਵਿੱਚ ਚਾਰ ਤੋਂ ਪੰਜ ਗੁਣਾ ਵੱਧ ਗੰਧ ਪਛਾਣਨ ਵਾਲੇ ਰਿਸੈਪਟਰ ਹੁੰਦੇ ਹਨ।'

ਆਸਾਨ ਸ਼ਬਦਾਂ ਵਿੱਚ ਕਹੀਏ ਤਾਂ ਇੱਕ ਕੀੜੀ ਲਈ ਰਸੋਈ ਕੋਈ ਖਾਲੀ ਥਾਂ ਨਹੀਂ ਹੁੰਦੀ। ਉਸ ਦੀਆਂ ਅੱਖਾਂ ਲਈ ਇਹ ਅਣਗਿਣਤ ਰਸਾਇਣਿਕ ਸੰਕੇਤਾਂ ਨਾਲ ਭਰੀ ਹੁੰਦੀ ਹੈ, ਜੋ ਸਾਡੀਆਂ ਅੱਖਾਂ ਨੂੰ ਦਿਖਾਈ ਨਹੀਂ ਦਿੰਦੇ ਹਨ।

ਰਸੋਈ ਵਿੱਚ ਕੀੜੀਆਂ ਦੀਆਂ ਬਹੁਤ ਸਾਰੀਆਂ ਖੋਜਾਂ ਉਸ ਵੇਲੇ ਸ਼ੁਰੂ ਹੁੰਦੀਆਂ ਹਨ ਜਦੋਂ ਉਹ ਚਾਸ਼ਨੀ ਦੀਆਂ ਚਿਪਚਿਪੀ ਬੂੰਦਾਂ, ਗੁੜ ਦੇ ਕਣ, ਦੁੱਧ ਤੋਂ ਬਣੀਆਂ ਮਠਿਆਈਆਂ ਦੇ ਟੁੱਕੜੇ, ਚਾਹ ਦੀਆਂ ਡਿੱਗੀਆਂ ਬੂੰਦਾਂ, ਚਮਚ 'ਤੇ ਲੱਗੇ ਘਿਓ ਦੇ ਨਿਸ਼ਾਨ ਜਾਂ ਸਿੰਕ ਦੇ ਆਲੇ-ਦੁਆਲੇ ਮੌਜੂਦ ਨਮੀ ਦਾ ਸਾਹਮਣਾ ਕਰਦੀਆਂ ਹਨ।

ਸਾਲ 2021 ਵਿੱਚ ਡਾ। ਵਸੀਮ ਜਲੀਲ ਦੀ ਅਗਵਾਈ ਹੇਠ ਫਾਇਰ ਐਂਟਸ 'ਤੇ ਕੀਤੇ ਇੱਕ ਅਧਿਐਨ ਦੇ ਨਤੀਜੇ ਨੈਸ਼ਨਲ ਲਾਇਬ੍ਰੇਰੀ ਆਫ ਮੈਡੀਸਨ ਨਾਮੀ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੋਏ ਸਨ।

ਇਸ ਅਧਿਐਨ ਵਿੱਚ ਕੀੜੀਆਂ ਦੇ ਮਿੱਠਾ ਖਾਣ ਦੇ ਵਿਹਾਰ ਅਤੇ ਉਨ੍ਹਾਂ ਦੇ ਐਂਟੀਨਾ ਅਤੇ ਅਗਲੀਆਂ ਲੱਤਾਂ 'ਤੇ ਮੌਜੂਦ ਸਵਾਦ ਮਹਿਸੂਸ ਕਰਨ ਵਾਲੇ ਰਿਸੈਪਟਰਾਂ ਵਿਚਕਾਰ ਸਬੰਧ ਸਾਹਮਣੇ ਆਇਆ। ਖੋਜ ਪੱਤਰ ਮੁਤਾਬਕ, ਇਹ ਰਿਸੈਪਟਰ ਕੀੜੀਆਂ ਨੂੰ ਸਿਰਫ਼ ਛੂਹ ਕੇ ਹੀ ਇਹ ਸਮਝਣ ਵਿੱਚ ਮਦਦ ਕਰਦੇ ਹਨ ਕਿ ਸਾਹਮਣੇ ਵਾਲੀ ਚੀਜ਼ ਵਿੱਚ ਮਿੱਠੀ ਹੈ ਜਾਂ ਨਹੀਂ।

ਇਸੇ ਕਰਕੇ ਕਿਸੇ ਕੋਨੇ ਵਿੱਚ ਪਏ ਮਿੱਠੇ ਦੇ ਬਹੁਤ ਹੀ ਛੋਟੇ ਟੁੱਕੜੇ, ਚਾਹ ਜਾਂ ਮਿੱਠੇ ਪੇਅ ਪਦਾਰਥ ਦੇ ਸੁੱਕ ਚੁੱਕੇ ਦਾਗ ਵੀ ਕੀੜੀਆਂ ਲਈ ਭੋਜਨ ਲੱਭਣ ਦੇ ਮਹੱਤਵਪੂਰਨ ਸੰਕੇਤ ਬਣ ਜਾਂਦੇ ਹਨ।

ਮਾਹਿਰ ਇਨ੍ਹਾਂ ਸਵਾਦ ਮਹਿਸੂਸ ਕਰਨ ਵਾਲੇ ਰਿਸੈਪਟਰਾਂ ਨੂੰ ਕੁਦਰਤੀ "ਸਰਚ ਇੰਜਨ" ਦੱਸਦੇ ਹਨ। ਪਰ ਜਿਵੇਂ ਅਸੀਂ ਪਹਿਲਾਂ ਵੇਖਿਆ, ਭੋਜਨ ਦੀ ਖੋਜ ਵਿੱਚ ਨਿਕਲੀਆਂ ਕੁਝ ਕੀੜੀਆਂ ਸਿਰਫ਼ ਇਹ ਭੋਜਨ ਲੱਭ ਕੇ ਅਤੇ ਖਾ ਕੇ ਵਾਪਸ ਨਹੀਂ ਚਲੀਆਂ ਜਾਂਦੀਆਂ।

**ਰਸਾਇਣਿਕ ਮਾਰਗ ਜੋ 'ਗੂਗਲ ਮੈਪਸ' ਵਾਂਗ ਕੰਮ ਕਰਦੇ ਹਨ**

ਅਮਰੀਕਾ ਦੇ ਖੇਤੀਬਾੜੀ ਵਿਭਾਗ ਦੀ ਖੇਤੀਬਾੜੀ ਰਿਸਰਚ ਸਰਵਿਸ ਵੱਲੋਂ ਇਕੱਠੀ ਕੀਤੀ ਗਈ ਜਾਣਕਾਰੀ ਅਨੁਸਾਰ, ਕੀੜੀਆਂ ਆਪਣੇ ਫਿਰੋਮੋਨਸ ਦੀ ਮਦਦ ਨਾਲ ਭੋਜਨ ਤੱਕ ਜਾਣ ਵਾਲੇ ਰਸਤੇ ਨੂੰ ਨਿਸ਼ਾਨਬੱਧ ਕਰਦੀਆਂ ਹਨ।

ਭਾਵ, ਜਿਹੜੀ ਕੀੜੀ ਸਭ ਤੋਂ ਪਹਿਲਾਂ ਭੋਜਨ ਲੱਭਦੀ ਹੈ, ਉਹ ਆਪਣੇ ਘਰ ਵਾਪਸ ਜਾਂਦੇ ਸਮੇਂ ਰਸਤੇ ਵਿੱਚ ਰਸਾਇਣਿਕ ਨਿਸ਼ਾਨ ਛੱਡਦੀ ਜਾਂਦੀ ਹੈ ਤਾਂ ਜੋ ਬਾਕੀ ਕੀੜੀਆਂ ਵੀ ਉਸੇ ਰਸਤੇ ਦਾ ਪਾਲਣ ਕਰਦੀਆਂ ਹੋਈਆਂ ਆਸਾਨੀ ਨਾਲ ਭੋਜਨ ਤੱਕ ਪਹੁੰਚ ਸਕਣ।

ਸਾਲ 2009 ਵਿੱਚ ਫਿਜ਼ਿਓਲੋਜੀਕਲ ਐਂਟੋਮੋਲੋਜੀ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਈ। ਡੇਵਿਡ ਮੋਰਗਨ ਦੀ ਅਗਵਾਈ ਵਿੱਚ ਕੀਤੇ ਅਧਿਐਨ ਵਿੱਚ ਇਸ ਪ੍ਰਕਿਰਿਆ ਨੂੰ ਵਿਸਥਾਰ ਨਾਲ ਸਮਝਾਇਆ ਗਿਆ ਹੈ।

ਉਨ੍ਹਾਂ ਦੇ ਅਨੁਸਾਰ, "ਜਦੋਂ ਭੋਜਨ ਦੀ ਭਾਲ ਕਰ ਰਹੀ ਕੋਈ ਕੀੜੀ ਖਾਣਾ ਲੱਭ ਲੈਂਦੀ ਹੈ ਤਾਂ ਉਹ ਆਪਣੇ ਘਰ ਵਾਪਸ ਜਾਂਦੇ ਹੋਏ ਰਸਤੇ ਵਿੱਚ ਫਿਰੋਮੋਨਸ ਦੀ ਇੱਕ ਲੜੀ ਛੱਡਦੀ ਜਾਂਦੀ ਹੈ।

ਬਾਅਦ ਵਿੱਚ ਇਹੀ ਫਿਰੋਮੋਨਸ ਉਸ ਲਈ ਅਤੇ ਉਸ ਦੀ ਬਸਤੀ ਦੀਆਂ ਹੋਰ ਕੀੜੀਆਂ ਲਈ ਗੂਗਲ ਮੈਪ ਵਾਂਗ ਕੰਮ ਕਰਦੇ ਹਨ ਅਤੇ ਉਨ੍ਹਾਂ ਨੂੰ ਭੋਜਨ ਤੱਕ ਪਹੁੰਚਣ ਦਾ ਰਸਤਾ ਦਿਖਾਉਂਦੇ ਹਨ।"

ਇਸੇ ਤਰ੍ਹਾਂ ਕੁਝ ਹੀ ਮਿੰਟਾਂ ਵਿੱਚ ਇੱਕ ਇਕੱਲੀ ਕੀੜੀ ਜਾਂ ਕੀੜੀਆਂ ਦਾ ਇੱਕ ਛੋਟਾ ਜਿਹਾ ਸਮੂਹ ਭੋਜਨ ਦਾ ਸਰੋਤ ਲੱਭ ਲੈਂਦਾ ਹੈ। ਫਿਰ ਉਹ ਰਸਾਇਣਿਕ ਨਿਸ਼ਾਨਾਂ ਦਾ ਇੱਕ ਰਸਤਾ ਬਣਾਉਂਦੀਆਂ ਹਨ, ਜਿਸ ਦੀ ਪਾਲਣਾ ਕਰਦਿਆਂ ਹੋਰ ਕੀੜੀਆਂ ਵੀ ਉੱਥੇ ਪਹੁੰਚ ਜਾਂਦੀਆਂ ਹਨ ਅਤੇ ਮਿਲ ਕੇ ਭੋਜਨ ਨੂੰ ਆਪਣੇ ਘਰ ਤੱਕ ਲਿਜਾਣ ਲੱਗ ਪੈਂਦੀਆਂ ਹਨ।

ਇਸ ਪੂਰੀ ਪ੍ਰਕਿਰਿਆ ਵਿੱਚ ਕੀੜੀਆਂ ਦੇ ਐਂਟੀਨਾ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗੋਆ ਸਥਿਤ ਅਰਣਿਆ ਇਨਵਾਇਰਨਮੈਂਟਲ ਰਿਸਰਚ ਸੈਂਟਰ ਦੇ ਕੀਟ-ਵਿਗਿਆਨੀ ਡਾ। ਪ੍ਰੋਨੋਏ ਬੈਥਿਆ ਦਾ ਕਹਿਣਾ ਹੈ ਕਿ ਜਿਨ੍ਹਾਂ ਕੀੜੀਆਂ ਦੇ ਐਂਟੀਨਾ ਨੁਕਸਾਨੇ ਜਾਂਦੇ ਹਨ, ਉਨ੍ਹਾਂ ਲਈ ਜਿਉਂਦੇ ਰਹਿਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਉਹ ਦੱਸਦੇ ਹਨ, "ਕੀੜੀਆਂ ਦੀ ਆਪਸੀ ਸੰਚਾਰ ਪ੍ਰਣਾਲੀ ਰਸਾਇਣ ਵਿਗਿਆਨ 'ਤੇ ਆਧਾਰਿਤ ਹੈ। ਉਹ ਆਪਣੇ ਸਰੀਰ ਵਿੱਚੋਂ ਫਿਰੋਮੋਨਸ ਨਾਮ ਦਾ ਇੱਕ ਰਸਾਇਣ ਛੱਡਦੀਆਂ ਹਨ।

ਇਨ੍ਹਾਂ ਰਸਾਇਣਿਕ ਸੰਕੇਤਾਂ ਨੂੰ ਮਹਿਸੂਸ ਕਰਕੇ ਹੀ ਕੀੜੀਆਂ ਆਪਣੇ ਆਲੇ-ਦੁਆਲੇ ਦੇ ਮਾਹੌਲ ਨੂੰ ਸਮਝਦੀਆਂ ਹਨ, ਭੋਜਨ ਦੀ ਭਾਲ ਕਰਦੀਆਂ ਹਨ, ਇੱਕ-ਦੂਜੇ ਨਾਲ ਸੰਚਾਰ ਕਰਦੀਆਂ ਹਨ ਅਤੇ ਆਪਣੀ ਬਸਤੀ ਦੀਆਂ ਹੋਰ ਕੀੜੀਆਂ ਦੀ ਪਛਾਣ ਕਰਦੀਆਂ ਹਨ।"

ਉਦਾਹਰਨ ਲਈ, ਜੇ ਭੋਜਨ ਦੀ ਭਾਲ ਕਰਦੀ ਹੋਈ ਕਿਸੇ ਕੀੜੀ ਨੂੰ ਖਾਣੇ ਦਾ ਅਜਿਹਾ ਵੱਡਾ ਢੇਰ ਮਿਲ ਜਾਂਦਾ ਹੈ ਜਿਸ ਨੂੰ ਉਹ ਇਕੱਲੀ ਨਹੀਂ ਚੁੱਕ ਸਕਦੀ ਤਾਂ ਉਹ ਉਸ ਥਾਂ ਨੂੰ ਆਪਣੇ ਫਿਰੋਮੋਨਸ ਨਾਲ ਨਿਸ਼ਾਨਬੱਧ ਕਰਦੀ ਹੈ। ਇਸ ਦਾ ਮਤਲਬ ਹੈ ਕਿ ਉਹ ਉਸ ਥਾਂ ਤੋਂ ਆਪਣੇ ਘਰ ਤੱਕ ਰਸਤੇ ਵਿੱਚ ਲਗਾਤਾਰ ਫਿਰੋਮੋਨਸ ਛੱਡਦੀ ਹੋਈ ਜਾਂਦੀ ਹੈ।

ਇਸ ਤੋਂ ਬਾਅਦ ਉਹ ਇਸ ਰਸਾਇਣਿਕ ਰਸਤੇ ਦੀ ਮਦਦ ਨਾਲ, ਜੋ ਜੀਪੀਐਸ ਵਾਂਗ ਕੰਮ ਕਰਦਾ ਹੈ, ਆਪਣੇ ਘਰ ਦੀਆਂ ਹੋਰ ਕੀੜੀਆਂ ਨੂੰ ਭੋਜਨ ਵਾਲੀ ਥਾਂ ਤੱਕ ਪਹੁੰਚਣ ਦਾ ਸੰਕੇਤ ਦਿੰਦੀ ਹੈ।

ਸਾਲ 1993 ਵਿੱਚ ਕੀਟ-ਵਿਗਿਆਨੀ ਰੋਲਫ ਬੈਕਰਜ਼ ਅਤੇ ਉਨ੍ਹਾਂ ਦੀ ਟੀਮ ਵੱਲੋਂ ਜਰਨਲ ਆਫ ਇਨ-ਸੈਕਟ ਬੀਹੇਵੀਅਰ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਅਨੁਸਾਰ, ਕੀੜੀਆਂ ਵੱਲੋਂ ਛੱਡੇ ਗਏ ਇਹ ਰਸਾਇਣਿਕ ਰਸਤੇ ਲਗਭਗ 47 ਮਿੰਟ ਤੱਕ ਪ੍ਰਭਾਵਸ਼ਾਲੀ ਰਹਿੰਦੇ ਹਨ।

ਅਧਿਐਨ ਮੁਤਾਬਕ ਇਹ ਸਮਾਂ ਬਸਤੀ ਦੀਆਂ ਹੋਰ ਮਜ਼ਦੂਰ ਕੀੜੀਆਂ ਨੂੰ ਇਕੱਠਿਆਂ ਹੋ ਕੇ ਭੋਜਨ ਤੱਕ ਪਹੁੰਚਣ ਅਤੇ ਉਸ ਨੂੰ ਆਪਣੇ ਕਬਜ਼ੇ ਵਿੱਚ ਲੈਣ ਲਈ ਕਾਫ਼ੀ ਹੁੰਦਾ ਹੈ।

ਕੀੜੀਆਂ ਲਈ ਐਂਟੀਨਾ ਸਿਰਫ਼ ਆਪਸ ਵਿੱਚ ਗੱਲਬਾਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਆਪਣੇ ਆਲੇ-ਦੁਆਲੇ ਦੇ ਮਾਹੌਲ, ਦਿਸ਼ਾ ਅਤੇ ਖ਼ਤਰਿਆਂ ਨੂੰ ਮਹਿਸੂਸ ਕਰਨ ਦਾ ਵੀ ਮੁੱਖ ਜ਼ਰੀਆ ਹਨ। ਉਹ ਇਨ੍ਹਾਂ ਐਂਟੀਨਾ ਦੀ ਮਦਦ ਨਾਲ ਰਸਾਇਣਿਕ ਸੰਕੇਤਾਂ ਅਤੇ ਉਨ੍ਹਾਂ ਰਾਹੀਂ ਭੇਜੇ ਜਾਣ ਵਾਲੇ ਸੁਨੇਹਿਆਂ ਨੂੰ ਪੜ੍ਹਦੀਆਂ ਹਨ।

ਡਾ. ਪ੍ਰੋਨੋਏ ਦੇ ਅਨੁਸਾਰ, ਜੇ ਕੀੜੀਆਂ ਆਪਣੇ ਐਂਟੀਨਾ ਗੁਆ ਬੈਠਣ ਤਾਂ ਉਹ ਦਿਸ਼ਾ ਅਤੇ ਰਸਤੇ ਦੀ ਪਛਾਣ ਕਰਨ, ਆਪਣੀਆਂ ਸਾਥੀ ਕੀੜੀਆਂ ਨਾਲ ਸੰਚਾਰ ਕਰਨ ਅਤੇ ਆਲੇ-ਦੁਆਲੇ ਮੌਜੂਦ ਖ਼ਤਰਿਆਂ ਨੂੰ ਮਹਿਸੂਸ ਕਰਨ ਦੀ ਸਮਰੱਥਾ ਵੀ ਗੁਆ ਦਿੰਦੀਆਂ ਹਨ।

## ਲਾਹੌਰ ਵਿੱਚ 6ਵੇਂ ਗੁਰੂ ਦੀ ਯਾਦ ਵਿਚ ਇਤਿਹਾਸਕ ਗੁਰਦੁਆਰਾ 79 ਸਾਲਾਂ ਬਾਅਦ ਮੁੜ ਖੁੱਲ੍ਹਿਆ

**(ਸਫ਼ਾ 21 ਦੀ ਬਾਕੀ)**

ਉਨ੍ਹਾਂ ਸਿੱਖ ਸ਼ਰਧਾਲੂਆਂ ਦੇ ਨਾਮ ਲਿਖੇ ਹੋਏ ਸਨ ਜਿਨ੍ਹਾਂ ਨੇ ਇਸ ਦੀ ਉਸਾਰੀ ਵਿੱਚ ਯੋਗਦਾਨ ਪਾਇਆ ਸੀ।

ਸਾਲ 1947 ਦੀ ਫ਼ਿਰਕੂ ਹਿੰਸਾ ਦੌਰਾਨ ਇਸ ਪਵਿੱਤਰ ਅਸਥਾਨ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਅਤੇ ਸਿੱਖ ਆਬਾਦੀ ਦੇ ਭਾਰਤ ਹਿਜਰਤ ਕਰ ਜਾਣ ਤੋਂ ਬਾਅਦ ਇਹ ਇਮਾਰਤ ਬੇਆਬਾਦ ਹੋ ਗਈ ਸੀ। ਬੀਤੇ ਦਹਾਕਿਆਂ ਵਿੱਚ ਇਮਾਰਤ ਦੀ ਹਾਲਤ ਬਹੁਤ ਖ਼ਰਾਬ ਹੋ ਗਈ, ਗੁਰਦੁਆਰਾ ਸਾਹਿਬ ਦੇ ਨਾਲ ਲੱਗਦਾ ਸਰੋਵਰ ਮਿੱਟੀ ਨਾਲ ਭਰ ਦਿੱਤਾ ਗਿਆ ਅਤੇ ਆਲੇ-ਦੁਆਲੇ ਦੀ ਜ਼ਮੀਨ ਦੇ ਵੱਡੇ ਹਿੱਸੇ 'ਤੇ ਨਾਜਾਇਜ਼ ਕਬਜ਼ੇ ਕਰ ਲਏ ਗਏ। ਰਿਪੋਰਟਾਂ ਅਨੁਸਾਰ ਕਈ ਸਾਲਾਂ ਤੱਕ ਇਹ ਪਰਿਸਰ ਇੱਕ ਨਿੱਜੀ ਪਰਿਵਾਰ ਦੇ ਕਬਜ਼ੇ ਹੇਠ ਰਿਹਾ, ਜਿਸ ਨੇ ਕੰਪਲੈਕਸ ਦੇ ਅੰਦਰ ਇੱਕ ਸਥਾਨਕ ਪੀਰ ਦੀ ਕਬਰ ਵੀ ਬਣਾ ਦਿੱਤੀ ਸੀ। ਹੁਣ ਇਸ ਇਤਿਹਾਸਕ ਅਸਥਾਨ ਦੇ ਨਵੀਨੀਕਰਨ ਅਤੇ ਇਸ ਨੂੰ ਦੁਬਾਰਾ ਖੋਲ੍ਹੇ ਜਾਣ ਨਾਲ ਇਹ ਜਗ੍ਹਾ ਇੱਕ ਵਾਰ ਫਿਰ ਸਥਾਨਕ ਸਿੱਖ ਭਾਈਚਾਰੇ ਦੀ ਪਹੁੰਚ ਵਿੱਚ ਆ ਗਈ ਹੈ, ਜਿਸ ਨਾਲ ਪਾਕਿਸਤਾਨ ਵਿੱਚ ਸਿੱਖ ਵਿਰਸੇ ਦਾ ਇੱਕ ਅਹਿਮ ਅਧਿਆਇ ਮੁੜ ਸੁਰਜੀਤ ਹੋ ਗਿਆ ਹੈ।

## ਕੈਨੇਡਾ-ਅਮਰੀਕਾ ਦਰਮਿਆਨ ਨਵਾਂ ਅੰਤਰਰਾਸ਼ਟਰੀ ਪੁੱਲ ਚਾਲੂ ਹੋਣ ਲਈ ਤਿਆਰ

ਟਰਾਂਟੋ- ਕੈਨੇਡਾ ਅਤੇ ਅਮਰੀਕਾ ਦਰਮਿਆਨ ਆਰ-ਪਾਰ ਆਵਾਜਾਈ ਲਈ ਡੈਟਰੋਇਟ ਦਰਿਆ ਉੱਤੇ ਬਣਾਇਆ ਗਿਆ ਛੇ ਲੇਨ ਵਾਲਾ ਵਿਸ਼ਾਲ ਪੁੱਲ ਜਲਦ ਹੀ ਚਾਲੂ ਹੋਣ ਜਾ ਰਿਹਾ ਹੈ, ਜਿਸ ਨੂੰ ਹੁਣ ਹਰੀ ਝੰਡੀ ਮਿਲ ਗਈ ਹੈ। ਭਾਰੀ ਵਾਹਨਾਂ, ਦੋ-ਪਹੀਆ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਲਈ ਵੱਖਰੇ ਰਸਤਿਆਂ ਵਾਲਾ ਇਹ ਮਜ਼ਬੂਤ ਤਾਰਾਂ 'ਤੇ ਟਿਕਿਆ (ਕੇਬਲ-ਸਟੇਡ) ਢਾਈ ਕਿਲੋਮੀਟਰ ਲੰਮਾ, 123 ਫੁੱਟ ਚੌੜਾ ਅਤੇ 272 ਫੁੱਟ ਉੱਚਾ ਪੁੱਲ, ਕੈਨੇਡਾ ਦੇ ਸ਼ਹਿਰ ਵਿੰਡਸਰ ਅਤੇ ਅਮਰੀਕੀ ਸੂਬੇ ਮਿਸ਼ੀਗਨ ਦੇ ਸ਼ਹਿਰ ਡੈਟਰੋਇਟ ਨੂੰ ਆਪਸ ਵਿੱਚ ਜੋੜੇਗਾ। ਇਹ ਪੁੱਲ ਕੈਨੇਡਾ ਦੇ ਹਾਈਵੇਅ 401 ਅਤੇ ਅਮਰੀਕਾ ਦੇ ਹਾਈਵੇਅ 75 ਦਾ ਇੱਕ ਅਹਿਮ ਜੋੜ ਬਣੇਗਾ।



ਸਾਲ 2018 ਵਿੱਚ ਸ਼ੁਰੂ ਹੋਈ ਇਸ ਪੁੱਲ ਦੀ ਉਸਾਰੀ ਅੱਠ ਸਾਲਾਂ ਵਿੱਚ ਮੁਕੰਮਲ ਹੋਈ ਹੈ। ਇਹ ਪੁੱਲ 90 ਸਾਲ ਪੁਰਾਣੇ 'ਅੰਬੈਸਡਰ ਬ੍ਰਿਜ' ਦੀ ਥਾਂ ਲਵੇਗਾ, ਜੋ ਹੁਣ ਦੋਵਾਂ ਦੇਸ਼ਾਂ ਦੀ ਵਧਦੀ ਆਵਾਜਾਈ ਦਾ ਭਾਰ ਝੱਲਣ ਤੋਂ ਅਸਮਰੱਥ ਹੋ ਗਿਆ ਸੀ। ਉੱਤਰੀ ਅਮਰੀਕਾ ਵਿੱਚ ਤਾਰਾਂ 'ਤੇ ਟਿਕੇ ਪੁਲਾਂ ਵਿੱਚੋਂ ਇਹ ਸਭ ਤੋਂ ਲੰਮੇ ਸਪੈਨ ਵਾਲਾ ਪੁੱਲ ਹੈ। ਇਸ ਦਾ ਨਾਂ ਅਮਰੀਕਾ ਦੇ ਪ੍ਰਸਿੱਧ ਆਈਸ ਹਾਕੀ ਖਿਡਾਰੀ ਦੇ ਨਾਂ 'ਤੇ ਰੱਖਿਆ ਗਿਆ ਹੈ। 6 ਅਰਬ ਡਾਲਰ ਦੀ ਲਾਗਤ ਨਾਲ ਤਿਆਰ ਹੋਏ ਇਸ ਪੁੱਲ ਦੇ ਖਰਚੇ ਦੀ ਵੰਡ ਦੋਵਾਂ ਦੇਸ਼ਾਂ ਨੇ ਬਰਾਬਰ ਕੀਤੀ ਹੈ। ਨਿੱਜੀ ਕੰਪਨੀ ਦੀ ਮਾਲਕੀ ਵਾਲੇ ਅੰਬੈਸਡਰ ਬ੍ਰਿਜ ਵਾਂਗ, ਵਾਹਨਾਂ ਨੂੰ ਇਸ ਪੁੱਲ ਦੀ ਵਰਤੋਂ ਕਰਨ ਬਦਲੇ ਟੋਲ ਟੈਕਸ ਭਰਨਾ ਪਵੇਗਾ।

ਇਸ ਪੁੱਲ ਦੀ ਠੇਕੇਦਾਰ ਕੰਪਨੀ ਵੱਲੋਂ ਇਸਨੂੰ 1 ਜੂਨ ਤੋਂ ਚਾਲੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਦੋਵਾਂ ਦੇਸ਼ਾਂ ਦੇ ਕੁਝ ਖਦਸ਼ਿਆਂ ਕਾਰਨ ਇਸ ਵਿੱਚ ਦੇਰੀ ਹੁੰਦੀ ਗਈ। ਆਖਰਕਾਰ ਦੋਵਾਂ ਦੇਸ਼ਾਂ ਵੱਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੁਣ ਇਸਦੇ ਚਾਲੂ ਹੋਣ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਇੱਕ-ਦੋ ਦਿਨਾਂ ਵਿੱਚ ਇਸਦੇ ਉਦਘਾਟਨ ਦਾ ਦਿਨ ਐਲਾਨਿਆ ਜਾ ਸਕਦਾ ਹੈ, ਜੋ ਕੰਪਨੀ ਅਨੁਸਾਰ ਜੁਲਾਈ ਦੇ ਤੀਜੇ ਜਾਂ ਚੌਥੇ ਹਫਤੇ ਦਾ ਕੋਈ ਦਿਨ ਹੋਵੇਗਾ।

# ਵਿਕਸਿਤ ਭਾਰਤ ਬਣਾਉਣਾ ਹੈ ਤਾਂ ਉਤਪਾਦਕ ਮਨੁੱਖੀ ਪੂੰਜੀ ਦੀ ਕਦਰ ਕਰੋ



ਡਾ. ਰਾਜੀਵ ਖੋਸਲਾ

ਹਰ ਸਾਲ 11 ਜੁਲਾਈ ਨੂੰ ਵਿਸ਼ਵ ਆਬਾਦੀ ਦਿਵਸ ਮਨਾਇਆ ਜਾਂਦਾ ਹੈ, ਜੋ 1987 ਵਿੱਚ ਵਿਸ਼ਵ ਦੀ ਆਬਾਦੀ ਦੇ ਪੰਜ ਅਰਬ (500 ਕਰੋੜ) ਦੇ ਅੰਕੜੇ ਨੂੰ ਪਾਰ ਕਰਨ ਦੀ ਯਾਦ ਨਾਲ ਜੁੜਿਆ ਹੋਇਆ ਹੈ। ਸੰਯੁਕਤ ਰਾਸ਼ਟਰ ਮਹਾਸਭਾ ਨੇ ਇੱਕ ਮਤੇ ਰਾਹੀਂ ਆਬਾਦੀ ਨਾਲ ਜੁੜੇ ਮੁੱਦਿਆਂ ਪ੍ਰਤੀ ਵਿਸ਼ਵ ਪੱਧਰ ’ਤੇ ਜਾਗਰੂਕਤਾ ਵਧਾਉਣ ਲਈ 11 ਜੁਲਾਈ ਨੂੰ ਵਿਸ਼ਵ ਆਬਾਦੀ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਸੀ। ਸ਼ੁਰੂਆਤ ਤੋਂ ਹੀ ਇਹ ਦਿਨ ਵਧਦੀ ਆਬਾਦੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਜਿਵੇਂ ਭੋਜਨ, ਰਿਹਾਇਸ਼, ਸਿੱਖਿਆ ਅਤੇ ਕੁਦਰਤੀ ਸਰੋਤਾਂ ’ਤੇ ਪੈਂਦੇ ਬੋਝ ਦੀ ਯਾਦ ਦਿਵਾਉਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਵਿਸ਼ਵ ਪੱਧਰ ’ਤੇ ਇਹ ਸੋਚ ਬਦਲ ਚੁੱਕੀ ਹੈ। ਹੁਣ ਮੁੱਖ ਸਵਾਲ ਇਹ ਨਹੀਂ ਕਿ ਦੇਸ਼ ਦੀ ਆਬਾਦੀ ਕਿੰਨੀ ਹੈ ਸਗੋਂ ਇਹ ਹੈ ਕਿ ਉਹ ਆਬਾਦੀ ਆਰਥਿਕਤਾ ਵਿੱਚ ਕਿੰਨਾ ਲਾਹੇਵੰਦ ਯੋਗਦਾਨ ਪਾ ਰਹੀ ਹੈ। ਭਾਰਤ ਲਈ ਤਾਂ ਇਹ ਸੋਚ ਹੋਰ ਵੀ ਵੱਧ ਮਹੱਤਵ ਰੱਖਦੀ ਹੈ ਕਿਉਂਕਿ ਇਹੀ ਸੋਚ ਤੈਅ ਕਰੇਗੀ ਕਿ ਅਗਲੇ ਦੋ ਦਹਾਕਿਆਂ (ਸਾਲ 2047 ਤੱਕ) ਵਿੱਚ ਦੇਸ਼ ਵਿਕਸਿਤ ਰਾਸ਼ਟਰ ਬਣੇਗਾ ਜਾਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਆਰਥਿਕ ਮੌਕਿਆਂ ਨੂੰ ਗੁਆ ਬੈਠੇਗਾ।

ਜਨਸੰਖਿਆ ਅਤੇ ਵਿਕਾਸ ਦਾ ਨਵਾਂ ਸਮੀਕਰਨ

1970ਵਿਆਂ ਅਤੇ 1980ਵਿਆਂ ਦੌਰਾਨ ਤੇਜ਼ੀ ਨਾਲ ਵਧਦੀ ਆਬਾਦੀ ਜਨਤਕ ਨੀਤੀਆਂ ਦਾ ਕੇਂਦਰੀ ਵਿਸ਼ਾ ਰਹੀ ਹੈ। ਭਾਰਤ ਸਣੇ ਸਾਰੇ ਵਿਕਾਸਸ਼ੀਲ ਦੇਸ਼ਾਂ ਨੇ ਪਰਿਵਾਰ ਨਿਯੋਜਨ, ਜਾਗਰੂਕਤਾ ਅਤੇ ਆਬਾਦੀ ਸਥਿਰਤਾ ਰਾਹੀਂ ਪ੍ਰਜਣਨ ਦਰ ਘਟਾਉਣ ’ਤੇ ਪੂਰਾ ਜ਼ੋਰ ਦਿੱਤਾ। ਉਸ ਸਮੇਂ ਇਹ ਚਿੰਤਾ ਜਾਇਜ਼ ਵੀ ਸੀ ਕਿਉਂਕਿ ਸੀਮਿਤ ਬੁਨਿਆਦੀ ਢਾਂਚੇ ਅਤੇ ਘੱਟ ਵਿੱਤੀ ਸਰੋਤਾਂ ਦੇ ਦੌਰ ਵਿੱਚ ਇਹ ਡਰ ਸੀ ਕਿ ਵਧਦੀ ਆਬਾਦੀ ਜਨਤਕ ਸਰੋਤਾਂ ’ਤੇ ਵੱਡਾ ਦਬਾਅ ਪਾਵੇਗੀ, ਜਿਸ ਨਾਲ ਆਰਥਿਕ ਵਿਕਾਸ ਦੇ ਲਾਭ ਕਮਜ਼ੋਰ ਪੈ ਜਾਣਗੇ। ਇਸੇ ਕਾਰਨ ਉਦੋਂ ਆਬਾਦੀ ਨਿਯੰਤਰਣ ਨੂੰ ਵੱਡੀ ਆਰਥਿਕ ਲੋੜ ਵਜੋਂ ਦੇਖਿਆ ਗਿਆ, ਪਰ ਚਾਰ ਦਹਾਕਿਆਂ ਬਾਅਦ ਅੱਜ ਜਨਸੰਖਿਆ ਦੀ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਜਪਾਨ, ਦੱਖਣੀ ਕੋਰੀਆ ਅਤੇ ਖ਼ਾਸ ਕਰਕੇ ਇਟਲੀ ਵਰਗੇ ਯੂਰੋਪੀ ਦੇਸ਼ ਹੁਣ ਬਜ਼ੁਰਗ ਹੁੰਦੀ ਆਬਾਦੀ, ਘਟਦੀ ਜਨਮ ਦਰ ਅਤੇ ਘਟਦੇ ਮਜ਼ਦੂਰ ਵਰਗ/ਕਿਰਤੀਆਂ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਇੱਥੋਂ ਤੱਕ ਕਿ ਚੀਨ, ਜਿਸ ਨੇ ਕਦੇ ਸਖ਼ਤੀ ਨਾਲ ‘ਇੱਕ ਬੱਚਾ ਨੀਤੀ’ ਲਾਗੂ ਕੀਤੀ ਸੀ, ਨੇ ਵੀ ਹੁਣ ਆਬਾਦੀ ਦੇ ਇਸੇ ਸੰਕਟ ਕਾਰਨ ਇਸ ਨੀਤੀ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਨੌਜਵਾਨ ਮਜ਼ਦੂਰਾਂ ਦੀ ਇਹ ਘਾਟ ਹੁਣ ਇਨ੍ਹਾਂ ਅਰਥਵਿਵਸਥਾਵਾਂ ਲਈ ਅਜਿਹੀ ਢਾਂਚਾਗਤ ਸਮੱਸਿਆ ਬਣ ਗਈ ਹੈ, ਜਿਸ ਨੇ ਪੈਨਸ਼ਨ ਪ੍ਰਣਾਲੀ ਅਤੇ ਸਿਹਤ ਸੰਭਾਲ ’ਤੇ ਭਾਰੀ ਦਬਾਅ ਪਾ ਦਿੱਤਾ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਕਈ ਵਿਕਸਿਤ ਦੇਸ਼ਾਂ ਨੇ ਹੁਣ ਪਰਵਾਸੀ ਮਜ਼ਦੂਰਾਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇੱਥੋਂ ਦੀ ਜਨਸੰਖਿਆ ਤਸਵੀਰ ਬੇਹੱਦ ਵਿਲੱਖਣ ਹੈ। ਭਾਰਤ ਦੀਆਂ ਇੱਕੋ ਸਮੇਂ ਦੋ ਵੱਖ-ਵੱਖ ਹਕੀਕਤਾਂ ਹਨ। ਰਾਸ਼ਟਰੀ ਆਬਾਦੀ ਕਮਿਸ਼ਨ, ਭਾਰਤੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਨੁਸਾਰ ਇੱਕ ਪਾਸੇ ਕੇਰਲਮ ਅਤੇ ਤਾਮਿਲਨਾਡੂ ਵਰਗੇ ਰਾਜਾਂ ਵਿੱਚ ਪ੍ਰਜਣਨ ਦਰ ਡਿੱਗਣ ਕਾਰਨ ਬਜ਼ੁਰਗ ਆਬਾਦੀ ਦਾ ਹਿੱਸਾ ਵਧ ਰਿਹਾ ਹੈ ਜਦੋਂਕਿ ਦੂਜੇ ਪਾਸੇ ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਸੂਬਿਆਂ ਵਿੱਚ ਅਜੇ ਵੀ ਉੱਚੀ ਪ੍ਰਜਣਨ ਦਰ ਕਾਰਨ ਨੌਜਵਾਨਾਂ ਦੀ ਬਹੁਗਿਣਤੀ ਹੈ। ਰਾਜਾਂ ਵਿਚਕਾਰਲਾ ਇਹ ਜਨਸੰਖਿਆ ਅਸੰਤੁਲਨ ਭਵਿੱਖ ਵਿੱਚ ਦੇਸ਼ ਦੇ ਸੰਘੀ ਢਾਂਚੇ ਅਤੇ ਰਾਜਨੀਤਕ ਪ੍ਰਤੀਨਿਧਤਾ ਲਈ ਨਵੇਂ ਨੀਤੀਗਤ ਟਕਰਾਅ ਪੈਦਾ ਕਰ ਸਕਦਾ ਹੈ। ਇਸ ਅਸੰਤੁਲਨ ਦੇ ਬਾਵਜੂਦ ਸਮੁੱਚੇ ਤੌਰ ’ਤੇ ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਜਨਸੰਖਿਆ ਲਾਭਅੰਸ਼ (ਦਇਮੋਗਰਅਪਹਿਚ ਦਿਵਿਦਇਨਦ) ਮੌਜੂਦ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇਖਣ 2026 ਅਨੁਸਾਰ ਲਗਪਗ 29।2 ਸਾਲ ਦੀ ਮੱਧਮਾਨ (ਮਇਦਿਅਨ) ਉਮਰ ਅਤੇ ਦੋ-ਤਿਹਾਈ ਕਾਰਜਸ਼ੀਲ ਆਬਾਦੀ ਦੇ ਨਾਲ ਭਾਰਤ ਅੱਜ ਵਿਸ਼ਵ ਦੀਆਂ ਬਹੁਤੀਆਂ ਵੱਡੀਆਂ ਅਰਥਵਿਵਸਥਾਵਾਂ ਨਾਲੋਂ ਕਿਤੇ ਵੱਧ ਨੌਜਵਾਨ ਹੈ। ਹਾਲਾਂਕਿ, ਸੰਯੁਕਤ ਰਾਸ਼ਟਰ ਮੁਤਾਬਿਕ ਇਹ ਜਨਸੰਖਿਆ ਲਾਭ ਸਿਰਫ਼ 2040 ਤੱਕ ਹੀ ਕਾਇਮ ਰਹੇਗਾ, ਜਿਸ ਤੋਂ ਬਾਅਦ ਭਾਰਤੀ ਆਬਾਦੀ ਵੀ ਤੇਜ਼ੀ ਨਾਲ ਬੁਢਾਪੇ ਵੱਲ ਵਧਣ ਲੱਗੇਗੀ ਅਤੇ ਇਸ ਦੇ ਆਰਥਿਕ ਲਾਭ ਘਟਣਗੇ। ਦੂਜੇ ਸ਼ਬਦਾਂ ਵਿੱਚ, ਭਾਰਤ ਕੋਲ ਆਪਣੀ ਇਸ ਨੌਜਵਾਨ ਊਰਜਾ ਨੂੰ ਮਜ਼ਬੂਤ ਆਰਥਿਕ ਤਾਕਤ ਵਿੱਚ ਬਦਲਣ ਵਾਲਾ ਮੌਕਾ ਤੇਜ਼ੀ ਨਾਲ ਸੁੰਗੜ ਰਿਹਾ ਹੈ।

ਵਿਕਸਿਤ ਭਾਰਤ ਲਈ ਮਨੁੱਖੀ ਪੂੰਜੀ ’ਚ ਨਿਵੇਸ਼ ਕਰਨ ਦੀ ਲੋੜ:

ਭਾਰਤ ਦੇ ਸਾਹਮਣੇ ਅਸਲ ਚੁਣੌਤੀ ਆਬਾਦੀ ਦਾ ਆਕਾਰ ਨਹੀਂ ਸਗੋਂ ਉਸ ਦੀ ਉਤਪਾਦਕਤਾ ਵਧਾਉਣਾ ਹੈ ਕਿਉਂਕਿ ਖ਼ੁਸ਼ਹਾਲੀ ਸਿਰਫ਼ ਗਿਣਤੀ ’ਤੇ ਨਹੀਂ ਸਗੋਂ ਹੁਨਰ ਅਤੇ ਨਵੀਨਤਾ ਰਾਹੀਂ ਮੁੱਲ ਪੈਦਾ ਕਰਨ ਦੀ ਯੋਗਤਾ ’ਤੇ ਨਿਰਭਰ ਕਰਦੀ ਹੈ। ਉਤਪਾਦਕ ਰੁਜ਼ਗਾਰ ਤੋਂ ਬਗ਼ੈਰ ਇੱਕ ਵੱਡੀ ਆਬਾਦੀ ਬੇਰੁਜ਼ਗਾਰੀ ਅਤੇ ਸਮਾਜਿਕ ਸੰਕਟ ਦਾ ਕਾਰਨ ਬਣ ਸਕਦੀ ਹੈ ਜਦੋਂਕਿ ਹੁਨਰਮੰਦ ਆਬਾਦੀ ਜਨਸੰਖਿਆ ਨੂੰ ਰਾਸ਼ਟਰੀ ਆਮਦਨ ਵਧਾਉਣ ਵੱਲ ਲਿਜਾਂਦੀ ਹੈ। ਅਜਿਹੀ ਉਤਪਾਦਕ ਮਨੁੱਖੀ ਪੂੰਜੀ ਤਿਆਰ ਕਰਨ ਲਈ ਸਿਰਫ਼ ਸਾਖ਼ਰਤਾ ਕਾਫ਼ੀ ਨਹੀਂ ਸਗੋਂ ਪੋਸ਼ਣ, ਬੁਨਿਆਦੀ ਸਕੂਲ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਮੁਤਾਬਿਕ ਕਿੱਤਾਮੁਖੀ ਹੁਨਰ ਵਿੱਚ ਨਿਵੇਸ਼ ਦੀ ਕਰਨ ਲੋੜ ਹੈ, ਪਰ ਰਸਮੀ ਤੌਰ ’ਤੇ ਹੁਨਰਮੰਦ ਕਿਰਤ ਦੀ ਘੱਟ ਹਿੱਸੇਦਾਰੀ ਅਤੇ ਸਿੱਖਿਆ ਦੀ ਅਸਮਾਨ ਗੁਣਵੱਤਾ ਅਜੇ ਵੀ ਵੱਡੀ ਚੁਣੌਤੀ ਹੈ।

ਭਾਰਤੀ ਕਿਰਤ ਬਾਜ਼ਾਰ ਦਾ ਲਗਪਗ 85-90 ਫ਼ੀਸਦੀ ਹਿੱਸਾ ਅੱਜ ਵੀ ਗ਼ੈਰ-ਰਸਮੀ ਖੇਤਰ ਵਿੱਚ ਹੈ, ਜਿੱਥੇ ਉਤਪਾਦਕਤਾ ਅਤੇ ਸਮਾਜਿਕ ਸੁਰੱਖਿਆ ਬਹੁਤ ਘੱਟ ਹੈ। ਖੇਤੀ ਵਿੱਚ ਲੁਕੀ ਹੋਈ ਬੇਰੁਜ਼ਗਾਰੀ ਤੋਂ ਕੋਈ ਵੀ ਅਣਜਾਣ ਨਹੀਂ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਮਹਿਲਾ ਕਿਰਤ ਸ਼ਕਤੀ ਦੀ ਭਾਗੀਦਾਰੀ ਵੀ ਲਗਪਗ 35-37 ਫ਼ੀਸਦੀ ਦੇ ਆਸ-ਪਾਸ ਹੈ, ਜੋ ਕਿ ਵਿਸ਼ਵਵਿਆਪੀ ਔਸਤ (ਲਗਪਗ 47 ਫ਼ੀਸਦੀ) ਨਾਲੋਂ ਕਾਫ਼ੀ ਪਿੱਛੇ ਹੈ (ਅੰਤਰਰਾਸ਼ਟਰੀ ਮਜ਼ਦੂਰ ਸੰਗਠਨ, 2024)। ਇਸ ਨੂੰ ਬਿਹਤਰ ਸੁਰੱਖਿਆ ਅਤੇ ਹੁਨਰ ਵਿਕਾਸ ਰਾਹੀਂ ਸੁਧਾਰ ਕੇ ਦੇਸ਼ ਦੇ ਰਾਸ਼ਟਰੀ ਉਤਪਾਦਨ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕਦਾ ਹੈ। ਅੱਜ ਦੇ ਦੌਰ ਵਿੱਚ ਮਸਨੂਈ ਬੁੱਧੀ (aritificali intelgence- AI) ਦੀ ਤੇਜ਼ੀ ਨਾਲ ਹੋ ਰਹੀ ਤਰੱਕੀ ਨੇ ਇਸ ਚੁਣੌਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਕਿਉਂਕਿ ਇਹ ਆਮ ਅਤੇ ਰੋਜ਼ਾਨਾ ਦੇ ਕੰਮਾਂ ਨੂੰ ਸਵੈ-ਚਾਲਿਤ ਕਰ ਰਿਹਾ ਹੈ, ਜਿਸ ਨਾਲ ਰਚਨਾਤਮਕ ਅਤੇ ਵਿਸ਼ਲੇਸ਼ਣਾਤਮਕ ਹੁਨਰ ਦੀ ਮੰਗ ਵਧ ਗਈ ਹੈ। ਅਜਿਹੇ ਵਿੱਚ ਜੋ ਦੇਸ਼ ਆਪਣੇ ਕਿਰਤੀਆਂ ਨੂੰ ਨਵੇਂ ਹੁਨਰਾਂ ਨਾਲ ਅਪਗ੍ਰੇਡ ਨਹੀਂ ਕਰਨਗੇ, ਉਨ੍ਹਾਂ ਨੂੰ ਤਕਨੀਕੀ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪਵੇਗਾ। ਸਪੱਸ਼ਟ ਹੈ ਕਿ ਆਉਣ ਵਾਲਾ ਵਿਸ਼ਵਵਿਆਪੀ ਪਾੜਾ ਵੱਡੀ ਜਾਂ ਛੋਟੀ ਆਬਾਦੀ ਵਾਲੇ ਦੇਸ਼ਾਂ ਵਿਚਕਾਰ ਨਹੀਂ, ਸਗੋਂ ‘ਏ ਆਈ ਲਈ ਤਿਆਰ’ ਕਾਮਿਆਂ ਵਾਲੇ ਅਤੇ ਬਿਨਾਂ ਤਿਆਰੀ ਵਾਲੇ ਦੇਸ਼ਾਂ ਵਿਚਕਾਰ ਹੋਵੇਗਾ।

ਆਬਾਦੀ ਨੂੰ ਇੱਕ ਮਜ਼ਬੂਤ ਆਰਥਿਕ ਅਤੇ ਤਕਨੀਕੀ ਤਾਕਤ ਵਿੱਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਵਿਸ਼ਵ ਭਰ ਦੇ ਵਿਕਸਿਤ ਦੇਸ਼ਾਂ ਦੇ ਤਜਰਬੇ ਭਾਰਤ ਲਈ ਬਹੁਤ ਕੀਮਤੀ ਸਬਕ ਪ੍ਰਦਾਨ ਕਰਦੇ ਹਨ। ਏਸ਼ੀਆ ਵਿੱਚ ਦੱਖਣੀ ਕੋਰੀਆ ਨੇ ਵਿਸ਼ਵਵਿਆਪੀ ਸਿੱਖਿਆ, ਖੋਜ ਅਤੇ ਉਦਯੋਗ-ਵਿਦਿਅਕ ਸੰਸਥਾਵਾਂ ਦੇ ਸਹਿਯੋਗ ਰਾਹੀਂ ਆਪਣੇ ਆਪ ਨੂੰ ਇੱਕ ਪੱਛੜੀ ਅਰਥਵਿਵਸਥਾ ਤੋਂ ਗਲੋਬਲ ਤਕਨਾਲੋਜੀ ਆਗੂ ਬਣਾਇਆ ਜਦੋਂਕਿ ਸਿੰਗਾਪੁਰ ਨੇ ਬਿਨਾਂ ਕਿਸੇ ਕੁਦਰਤੀ ਸਰੋਤ ਦੇ ਵੀ ਸਿਰਫ਼ ਯੋਜਨਾਬੱਧ ਹੁਨਰ ਵਿਕਾਸ ਅਤੇ ਜੀਵਨ ਭਰ ਸਿੱਖਣ ਦੀ ਨੀਤੀ ਸਦਕਾ ਦੁਨੀਆ ਦੀ ਸਭ ਤੋਂ ਪ੍ਰਤੀਯੋਗੀ ਅਰਥਵਿਵਸਥਾ ਖੜ੍ਹੀ ਕਰ ਦਿੱਤੀ। ਇਸੇ ਤਰ੍ਹਾਂ ਚੀਨ ਨੇ ਕਿੱਤਾਮੁਖੀ ਸਿੱਖਿਆ ਅਤੇ ਵਿਸ਼ਵਵਿਆਪੀ ਮੁੱਲ ਲੜੀ (ਗਲੋਬਅਲ ਵਅਲੁਏ ਚਹਅਨਿ) ਦੇ ਸੁਮੇਲ ਨਾਲ ਆਪਣੀ ਵਿਸ਼ਾਲ ਕਿਰਤ ਸ਼ਕਤੀ ਨੂੰ ਦੁਨੀਆ ਦੇ ਨਿਰਮਾਣ ਪਾਵਰਹਾਊਸ ਵਿੱਚ ਤਬਦੀਲ ਕੀਤਾ ਹੈ। ਯੂਰੋਪ ਵਿੱਚ ਵੀ ਜਰਮਨੀ ਨੇ ਆਪਣੀ ਵਿਲੱਖਣ ‘ਦੋਹਰੀ ਕਿੱਤਾਮੁਖੀ ਸਿਖਲਾਈ ਪ੍ਰਣਾਲੀ’ ਰਾਹੀਂ ਚਮਤਕਾਰ ਕੀਤਾ, ਜਿੱਥੇ ਨੌਜਵਾਨ ਕਲਾਸ ’ਚ ਪੜ੍ਹਾਈ ਦੇ ਨਾਲ-ਨਾਲ ਸਿੱਧਾ ਕੰਪਨੀਆਂ ਵਿੱਚ ਅਸਲ ਕੰਮ ਦਾ ਤਜਰਬਾ ਹਾਸਲ ਕਰਦੇ ਰਹੇ, ਜਿਸ ਨਾਲ ਉੱਥੇ ਬੇਰੁਜ਼ਗਾਰੀ ਘਟੀ ਅਤੇ ਉਤਪਾਦਕਤਾ ਸਿਖ਼ਰ ’ਤੇ ਪਹੁੰਚੀ। ਫਿਨਲੈਂਡ ਨੇ ਆਪਣੀ ਆਬਾਦੀ ਨੂੰ ਆਰਥਿਕ ਸੰਪਤੀ ਬਣਾਉਣ ਲਈ ਦੁਨੀਆ ਦੀ ਸਭ ਤੋਂ ਪ੍ਰਗਤੀਸ਼ੀਲ ਸਿੱਖਿਆ ਪ੍ਰਣਾਲੀ ਵਿਕਸਿਤ ਕੀਤੀ, ਜੋ ਰੱਟਾ ਲਾਉਣ ਦੀ ਬਜਾਏ ਰਚਨਾਤਮਿਕਤਾ, ਸਮੱਸਿਆ-ਹੱਲ ਕਰਨ ਦੀ ਸਮਰੱਥਾ ਅਤੇ ਬਰਾਬਰੀ ’ਤੇ ਕੇਂਦਰਿਤ ਹੈ। ਭਾਵੇਂ ਇਹ ਸਾਰੇ ਦੇਸ਼ ਆਪਣੀਆਂ ਰਾਜਨੀਤਕ ਪ੍ਰਣਾਲੀਆਂ ਅਤੇ ਰਣਨੀਤੀਆਂ ਪੱਖੋਂ ਇੱਕ-ਦੂਜੇ ਤੋਂ ਬਿਲਕੁਲ ਵੱਖਰੇ ਸਨ, ਪਰ ਉਨ੍ਹਾਂ ਦਾ ਸਾਂਝਾ ਸਿਧਾਂਤ ਸਿਰਫ਼ ਇੱਕੋ ਰਿਹਾ ਕਿ ਉਨ੍ਹਾਂ ਆਪਣੇ ਲੋਕਾਂ ਨੂੰ ਵਧੇਰੇ ਉਤਪਾਦਕ ਬਣਾਉਣ ਵਿੱਚ ਨਿਰੰਤਰ ਨਿਵੇਸ਼ ਕੀਤਾ। ਉਨ੍ਹਾਂ ਦੀ ਇਹ ਵੱਡੀ ਸਫ਼ਲਤਾ ਸਿਰਫ਼ ਕਿਸੇ ਇਤਫ਼ਾਕ ਦਾ ਨਤੀਜਾ ਨਹੀਂ ਸੀ ਸਗੋਂ ਮਨੁੱਖੀ ਸਮਰੱਥਾਵਾਂ ਵਿੱਚ ਸੋਚ-ਸਮਝ ਕੇ ਕੀਤੇ ਗਏ ਵੱਡੇ ਨਿਵੇਸ਼ ਦਾ ਸਿੱਟਾ ਸੀ।

ਇਹ ਬਦਲਦਾ ਆਰਥਿਕ ਦ੍ਰਿਸ਼ ਸਰਕਾਰਾਂ ਦੀਆਂ ਜਨਤਕ ਨੀਤੀਆਂ ਵਿੱਚ ਵੱਡੇ ਸੁਧਾਰਾਂ ਦੀ ਮੰਗ ਕਰਦਾ ਹੈ। ਹਾਲਾਂਕਿ, ਗ਼ਰੀਬੀ ਘਟਾਉਣ ਲਈ ਸਮਾਜਿਕ ਸੁਰੱਖਿਆ ਅਤੇ ਭਲਾਈ ਯੋਜਨਾਵਾਂ ਹਮੇਸ਼ਾ ਜ਼ਰੂਰੀ ਰਹਿਣਗੀਆਂ, ਪਰ ਸਿਰਫ਼ ਮੁਫ਼ਤ ਚੀਜ਼ਾਂ ਵੰਡਣ ਜਾਂ ਸਬਸਿਡੀਆਂ ਸਹਾਰੇ ਲੰਮੇ ਸਮੇਂ ਦੀ ਖੁਸ਼ਹਾਲੀ ਨਹੀਂ ਆ ਸਕਦੀ। ਸਰਕਾਰ ਦੁਆਰਾ ਸਿੱਖਿਆ, ਸਿਹਤ, ਪੋਸ਼ਣ ਅਤੇ ਰੁਜ਼ਗਾਰ ਸਿਰਜਣ ’ਤੇ ਕੀਤਾ ਗਿਆ ਖਰਚਾ, ਖਰਚ ਨਹੀਂ ਸਗੋਂ ਮਨੁੱਖੀ ਪੂੰਜੀ ਵਿੱਚ ਨਿਵੇਸ਼ ਹੈ, ਜਿਸ ਦਾ ਲਾਭ ਦੇਸ਼ ਨੂੰ ਦਹਾਕਿਆਂਬੱਧੀ ਮਿਲਦਾ ਰਹਿੰਦਾ ਹੈ। ਇਸੇ ਕਰਕੇ ਹੁਣ ਵਿਸ਼ਵ ਆਬਾਦੀ ਦਿਵਸ ਦਾ ਮਕਸਦ ਸਿਰਫ਼ ਗਿਣਤੀ ਨੂੰ ਨਿਯੰਤਰਿਤ ਕਰਨਾ ਨਹੀਂ ਸਗੋਂ ਹਰ ਨਾਗਰਿਕ ਨੂੰ ਵਡਮੁੱਲੀ ਮਨੁੱਖੀ ਪੂੰਜੀ ਵਜੋਂ ਵਿਕਸਿਤ ਕਰਨਾ ਹੈ।

ਭਾਰਤ ਕੋਲ ਅਜੇ ਵੀ ਇੱਕ ਵੱਡਾ ਜਨਸੰਖਿਆ ਲਾਭ ਹੈ, ਪਰ ਇਹ ਮੌਕਾ ਸੀਮਿਤ ਸਮੇਂ ਤੱਕ ਹੀ ਹੈ। ਅਗਲੇ ਇੱਕ ਦਹਾਕੇ ਵਿੱਚ ਸਿੱਖਿਆ, ਹੁਨਰ ਵਿਕਾਸ, ਮਹਿਲਾ ਕਾਰਜਬਲ ਅਤੇ ਤਕਨੀਕੀ ਤਿਆਰੀ ਬਾਰੇ ਲਏ ਫ਼ੈਸਲੇ ਹੀ ਇਹ ਤੈਅ ਕਰਨਗੇ ਕਿ ਕੀ ਭਾਰਤ ਵਿਕਸਿਤ ਰਾਸ਼ਟਰ ਬਣੇਗਾ ਜਾਂ ਸਿਰਫ਼ ਬੁਢਾਪੇ ਵੱਲ ਵਧਦਾ ਮੁਲਕ। ਵੱਡੀ ਪਰ ਗ਼ੈਰ-ਹੁਨਰਮੰਦ ਆਬਾਦੀ ਬੋਝ ਬਣ ਸਕਦੀ ਹੈ ਜਦੋਂਕਿ ਸਿਹਤਮੰਦ ਅਤੇ ਹੁਨਰਮੰਦ ਮਨੁੱਖੀ ਪੂੰਜੀ ਭਾਰਤ ਨੂੰ ਵਿਸ਼ਵ ਆਰਥਿਕਤਾ ਦਾ ਆਗੂ ਬਣਾ ਸਕਦੀ ਹੈ। ਭਾਰਤ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੇ ਲੋਕ ਹਨ ਸਗੋਂ ਇਸ ਗੱਲ ’ਤੇ ਨਿਰਭਰ ਹੈ ਕਿ ਉਹ ਲੋਕ ਕਿੰਨੇ ਸਮਰੱਥ ਅਤੇ ਉਤਪਾਦਕ ਹਨ।

# ਖ਼ੂਨੀ ਇਤਿਹਾਸ ਦਾ ਗਵਾਹ ਸ਼ਾਂਤ ਵਗਦਾ ਸਤਲੁਜ

ਜਗਤਾਰ ਸਿੰਘ

ਪੰਜਾਬ ’ਚ ਲੰਮੇ ਸਮੇਂ ਤੱਕ ਚੱਲੇ ਖ਼ੂਨੀ ਸੰਘਰਸ਼, ਜਿਸ ਵਿੱਚ ਤੀਹ ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ, ਤੋਂ ਬਾਅਦ ਸਮੁੱਚੇ ਤੌਰ ’ਤੇ ਸੂਬੇ ਵਿੱਚ ਮੁੜ ਆਮ ਵਰਗੇ ਹਾਲਾਤ ਬਹਾਲ ਹੋਣੇ ਮੰਨ ਲਏ ਗਏ। ਇਸ ਸਾਰੇ ਸਮੇਂ ਦੌਰਾਨ ਦਰਿਆ ਸਤਲੁਜ ਨੇ ਆਪਣੀ ਸਦੀਵੀ ਯਾਤਰਾ ਨਿਰੰਤਰ ਜਾਰੀ ਰੱਖੀ। ਸਦੀਆਂ ਦੇ ਸਫ਼ਰ ਦੌਰਾਨ ਥੋੜ੍ਹਾ-ਬਹੁਤਾ ਹੀ ਆਪਣਾ ਰੁਖ਼ ਬਦਲਦਿਆਂ ਉਹ ਉਸੇ ਤਰ੍ਹਾਂ ਖ਼ਾਮੋਸ਼ੀ ਨਾਲ ਵਗਦਾ ਰਿਹਾ ਜਿਵੇਂ ਸੱਭਿਅਤਾ ਦੇ ਆਗਾਜ਼ ਤੋਂ ਵਗਦਾ ਆ ਰਿਹਾ ਹੈ।

ਇਸ ਧਰਤੀ ਨੂੰ ਪੰਜਾਬ ਕਹੇ ਜਾਣ ਤੋਂ ਬਹੁਤ ਪਹਿਲਾਂ ਅਤੇ ਭਾਰਤ ਦੇ ਇੱਕ ਨੇਸ਼ਨ-ਸਟੇਟ ਵਜੋਂ ਹੋਂਦ ਵਿੱਚ ਆਉਣ ਤੋਂ ਵੀ ਬਹੁਤ ਪਹਿਲਾਂ ਸਤਲੁਜ ਨੇ ਹਮਲਿਆਂ, ਜੰਗਾਂ, ਪਰਵਾਸ ਅਤੇ ਵਿਰੋਧ ਦੇ ਅਣਗਿਣਤ ਦੌਰ ਆਪਣੀਆਂ ਅੱਖਾਂ ਸਾਹਮਣੇ ਲੰਘਦੇ ਵੇਖੇ ਹਨ। ਇਤਿਹਾਸ ਦੇ ਇੱਕ ਮੂਕ ਗਵਾਹ ਵਜੋਂ ਇਹ ਦਰਿਆ ਸਿਰਫ਼ ਨਿਰੰਤਰਤਾ ਦਾ ਹੀ ਨਹੀਂ ਸਗੋਂ ਵਾਰ-ਵਾਰ ਹੋਣ ਵਾਲੀ ਉਥਲ-ਪੁਥਲ ਦਾ ਵੀ ਪ੍ਰਤੀਕ ਬਣ ਗਿਆ ਹੈ, ਜਿਨ੍ਹਾਂ ਨੇ ਇਸ ਧਰਤੀ ਦੀ ਹੋਣੀ ਨੂੰ ਵਾਰ-ਵਾਰ ਨਵਾਂ ਰੂਪ ਦਿੱਤਾ। ਇਨ੍ਹਾਂ ਅਰਥਾਂ ਵਿੱਚ ਸਤਲੁਜ ਮਹਿਜ਼ ਇੱਕ ਦਰਿਆ ਦਾ ਨਾਂ ਨਹੀਂ ਰਿਹਾ ਸਗੋਂ ਪੰਜਾਬ ਦੇ ਇਤਿਹਾਸ ਵਿੱਚ ਮੁੜ-ਮੁੜ ਉੱਭਰਦੇ ਸੰਕਟਾਂ, ਸੰਘਰਸ਼ਾਂ ਅਤੇ ਉਨ੍ਹਾਂ ਵਿੱਚੋਂ ਜਨਮੀ ਦਾਸਤਾਨ ਦਾ ਸ਼ਕਤੀਸ਼ਾਲੀ ਰੂਪਕ ਬਣ ਚੁੱਕਾ ਹੈ।

ਪਿਛਲੇ ਤਕਰੀਬਨ ਇੱਕ ਹਫ਼ਤੇ ਤੋਂ ‘ਸਤਲੁਜ’ ਮੁੜ ਸੁਰਖ਼ੀਆਂ ਦਾ ਕੇਂਦਰ ਬਣਿਆ ਹੋਇਆ ਹੈ। ਇਸੇ ਨਾਂ ਹੇਠ ਰਿਲੀਜ਼ ਹੋਈ ਫਿਲਮ ਨੂੰ ਰਾਸ਼ਟਰੀ ਸੁਰੱਖਿਆ ਲਈ ਸੰਭਾਵੀ ਖ਼ਤਰੇ ਵਜੋਂ ਦੇਖਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਇਤਿਹਾਸਕ ਤੌਰ ’ਤੇ ਸੰਵੇਦਨਸ਼ੀਲ ਰਹੇ ਇਸ ਖ਼ਿੱਤੇ ਵਿੱਚ ਇੱਕ ਨਵਾਂ ਸਮਾਜਿਕ-ਸਿਆਸੀ ਭੂਚਾਲ ਲਿਆ ਸਕਦੀ ਹੈ। ਇਸ ਸੰਵੇਦਨਸ਼ੀਲਤਾ ਦੀਆਂ ਜੜ੍ਹਾਂ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਇਸ ਦੇ ਵਿਲੱਖਣ ਧਾਰਮਿਕ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਹਨ, ਜਿਨ੍ਹਾਂ ਨੇ ਹਮੇਸ਼ਾ ਪੰਜਾਬ ਦੀ ਸਿਆਸਤ ਨੂੰ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਵੱਖਰੀ ਪਛਾਣ ਦਿੱਤੀ ਹੈ। ਇਹ ਫਿਲਮ ਤਿੰਨ ਸਾਲ ਪਹਿਲਾਂ ਪਹਿਲੀ ਵਾਰ ‘ਪੰਜਾਬ 95’ ਦੇ ਸਿਰਲੇਖ ਹੇਠ ਸਾਹਮਣੇ ਆਈ ਸੀ। ਇਸ ਤੋਂ ਪਹਿਲਾਂ ਇਸ ਦਾ ਅਸਲ ਨਾਂ ‘ਘੱਲੂਘਾਰਾ’ ਸੀ। ਸੈਂਸਰ ਬੋਰਡ ਨੇ ਇਸ ਨੂੰ ਪ੍ਰਦਰਸ਼ਨ ਦੀ ਮਨਜ਼ੂਰੀ ਦੇਣ ਤੋਂ ਪਹਿਲਾਂ ਇਸ ਵਿੱਚ ਸਵਾ ਸੌ ਤੋਂ ਵੱਧ ਕੱਟ ਲਗਾਉਣ ਦੀ ਸਿਫ਼ਾਰਿਸ਼ ਕੀਤੀ ਸੀ। ਫਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਲਈ ਨਾ ਤਾਂ ਇਹ ਧਰਤੀ ਬੇਗਾਨੀ ਹੈ ਅਤੇ ਨਾ ਹੀ ਉਸ ਦੌਰ ਦਾ ਸਮਾਜਿਕ-ਸਿਆਸੀ ਮਾਹੌਲ ਕਿਉਂਕਿ ਉਸ ਦੀਆਂ ਜੜ੍ਹਾਂ ਇਸੇ ਮਿੱਟੀ ’ਚ ਹਨ। ਉਸ ਨੇ ਇਸ ਫਿਲਮ ਨੂੰ 1978 ਤੋਂ 1995 ਤੱਕ ਦੇ ਲੰਮੇ ਘਟਨਾਕ੍ਰਮ ਦੀ ਇੱਕ ਕੜੀ ਵਜੋਂ ਪੇਸ਼ ਕੀਤਾ ਹੈ।

ਇਹ ਫਿਲਮ ਉਸ ਹਥਿਆਰਬੰਦ ਸੰਘਰਸ਼ ਦੀ ਕਹਾਣੀ ਨਹੀਂ, ਜਿਸ ਦਾ ਸਭ ਤੋਂ ਪ੍ਰਮੁੱਖ ਚਿਹਰਾ ਜਰਨੈਲ ਸਿੰਘ ਭਿੰਡਰਾਂਵਾਲਾ ਰਿਹਾ ਹੈ। ਇਹ ਫਿਲਮ ਸਿਰਫ਼ ਇੱਕ ਅਧਿਆਇ ਨਾਲ ਸਬੰਧਿਤ ਹੈ, ਜਿਸ ਦਾ ਨਾਂ ਜਸਵੰਤ ਸਿੰਘ ਖਾਲੜਾ ਹੈ। ਉਸ ਨੇ ਪੁਲੀਸ ਦੁਆਰਾ ਲਾਸ਼ਾਂ ਦਾ ਅਣਪਛਾਤੀਆਂ ਕਹਿ ਕੇ ਸਸਕਾਰ ਕੀਤੇ ਜਾਣ ਦੀ ਗੱਲ ਕੀਤੀ ਪਰ ਉਸ ਦੀ ਆਪਣੀ ਦੇਹ ਨੂੰ ਵੀ ਸਸਕਾਰ ਨਸੀਬ ਨਹੀਂ ਹੋਇਆ ਅਤੇ ਸਤਲੁਜ ਉਸ ਦਾ ਗਵਾਹ ਬਣ ਗਿਆ।

ਉਸ ਦੌਰ ਦੀ ਕਿਸੇ ਵੀ ਹੋਰ ਘਟਨਾ ਉੱਤੇ ਵੱਖਰੀ ਫਿਲਮ ਬਣਾਈ ਜਾ ਸਕਦੀ ਹੈ। ਮਿਸਾਲ ਵਜੋਂ 5 ਅਕਤੂਬਰ 1983 ਦੀ ਰਾਤ ਢਿੱਲਵਾਂ ਨੇੜੇ ਇੱਕ ਬੱਸ ਵਿੱਚੋਂ ਛੇ ਹਿੰਦੂ ਯਾਤਰੀਆਂ ਨੂੰ ਉਤਾਰ ਕੇ ਕੀਤੀ ਗਈ ਪਹਿਲੀ ਹੱਤਿਆ ਦੀ ਘਟਨਾ ਉੱਤੇ ਫਿਲਮ ਕਿਉਂ ਨਹੀਂ ਬਣਦੀ? ਇਸ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਕਾਰਵਾਈ ਵਿੱਚ ਸ਼ਾਮਿਲ ਸਮੂਹ ਦਾ ਇੱਕ ਮੈਂਬਰ ਕੁਝ ਸਾਲ ਪਹਿਲਾਂ ਤੱਕ ਅੰਮ੍ਰਿਤਸਰ ਦੇ ਲੋਪੋਕੇ ਖੇਤਰ ਵਿੱਚ ਪਾਕਿਸਤਾਨ ਸਰਹੱਦ ਨੇੜਲੇ ਆਪਣੇ ਪਿੰਡ ਕੱਕੜ ਵਿੱਚ ਗੁੰਮਨਾਮ ਜ਼ਿੰਦਗੀ ਬਿਤਾਉਂਦਾ ਰਿਹਾ। ਇਸ ਲੇਖਕ ਦੇ ਉਸ ਨੂੰ ਮਿਲ ਕੇ ਢਿੱਲਵਾਂ ਕਤਲ ਕਾਂਡ ਦਾ ਵੇਰਵਾ ਰਿਕਾਰਡ ਕੀਤੇ ਜਾਣ ਤੋਂ ਪਹਿਲਾਂ ਕਿਸੇ ਨੇ ਵੀ ਇਤਿਹਾਸ ਲਈ ਉਸ ਦੀ ਗਵਾਹੀ ਦਰਜ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਵਿੱਚ ਸਹਾਇਤਾ ਅੰਮ੍ਰਿਤਸਰ ਦੇ ਪੱਤਰਕਾਰ ਸੁਖਦੀਪ ਸਿੰਘ ਸਿੱਧੂ ਨੇ ਕੀਤੀ। ਉਹ ਵਿਅਕਤੀ ਸੀ ਸੁਖਦੇਵ ਸਿੰਘ ਕੱਕੜ, ਜਿਸ ਨੂੰ ਸੁੱਖਾ ਕੱਕੜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।

ਫਿਲਮ ‘ਸਤਲੁਜ’ ਦੇ ਸਿਰਫ਼ ਦੋ ਦਿਨਾਂ ਲਈ ਜ਼ੀ5 ’ਤੇ ਪ੍ਰਸਾਰਣ ਨੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਇਹ ਉਹੀ ਪਲੈਟਫਾਰਮ ਹੈ, ਜਿਸ ਦੇ ਸਿਆਸੀ ਰੁਝਾਨਾਂ ਬਾਰੇ ਚਰਚਾ ਹੁੰਦੀ ਰਹੀ ਹੈ ਅਤੇ ਇਹ ਸਭ ਉਦੋਂ ਹੋਇਆ ਹੈ ਜਦੋਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੁਝ ਹੀ ਮਹੀਨੇ ਬਾਕੀ ਹਨ। ਹਿੰਦੂਆਂ ਦੀਆਂ ਹੱਤਿਆਵਾਂ ਅਤੇ ‘ਖ਼ਾਲਿਸਤਾਨੀ ਅਤਿਵਾਦ’ ਦੀ ਚਰਚਾ ਅਚਾਨਕ ਫਿਰ ਜਨਤਕ ਬਹਿਸ ਦਾ ਹਿੱਸਾ ਬਣ ਗਈ ਹੈ ਜਦੋਂਕਿ ਇਹ ਮੁੱਦੇ ਕਾਫ਼ੀ ਸਮੇਂ ਤੋਂ ਪੰਜਾਬ ਦੇ ਸਮਾਜਿਕ-ਸਿਆਸੀ ਬਿਰਤਾਂਤ ਵਿੱਚੋਂ ਲਗਪਗ ਲੋਪ ਹੋ ਚੁੱਕੇ ਸਨ। ਦੂਜੇ ਪਾਸੇ ਇਸ ਫਿਲਮ ਦੀ ਸਿਨੇਮਾਘਰਾਂ ਵਿੱਚ ਰਿਲੀਜ਼ ਪਿਛਲੇ ਤਿੰਨ ਸਾਲਾਂ ਤੋਂ ਅਟਕੀ ਹੋਈ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਇਸ ਨੂੰ ਸੁਰੱਖਿਆ ਲਈ ਵੱਡਾ ਸੰਭਾਵੀ ਖ਼ਤਰਾ ਮੰਨਿਆ ਜਾ ਰਿਹਾ ਹੈ। ਨਤੀਜੇ ਵਜੋਂ ਇਸ ਫਿਲਮ ਨੇ ਤਿੱਖੀ ਅਤੇ ਵੰਡਵੀਂ ਬਹਿਸ ਨੂੰ ਜਨਮ ਦਿੱਤਾ ਹੈ। ਪੀ ਟੀ ਆਈ ਦੀ ਇੱਕ ਰਿਪੋਰਟ ਅਨੁਸਾਰ ਕੇਂਦਰ ਸਰਕਾਰ ਵੱਲੋਂ ਫਿਲਮ ਦੀ ਜਾਂਚ ਲਈ ਬਣਾਈ ਗਈ ਕਮੇਟੀ ਨੇ ਇਹ ਸਿਫ਼ਾਰਿਸ਼ ਕੀਤੀ ਹੈ ਕਿ ‘ਸਤਲੁਜ’ ਨੂੰ ਔਨਲਾਈਨ ਸਟ੍ਰੀਮਿੰਗ ਪਲੈਟਫਾਰਮਾਂ ’ਤੇ ਜਨਤਕ ਤੌਰ ਉੱਤੇ ਉਪਲਬਧ ਨਾ ਕਰਵਾਇਆ ਜਾਵੇ ਕਿਉਂਕਿ ਸਰਕਾਰੀ ਅਧਿਕਾਰੀਆਂ ਅਨੁਸਾਰ ਇਹ ਫਿਲਮ ਭਾਰਤ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੇ ਵਿਰੁੱਧ ਜਾਂਦੀ ਹੈ। ਜੇਕਰ ਅਜਿਹਾ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਪੰਜਾਬ ਵਿੱਚ ਸਿਰਫ਼ ਉਪਰਲੇ ਪੱਧਰ ਦੀ ਸਾਧਾਰਨਤਾ ਦਿਸ ਰਹੀ ਹੈ ਅਤੇ ਇਸ ਸਰਹੱਦੀ ਸੂਬੇ ਦਾ ਮਾਹੌਲ ਸੁਰੱਖਿਆ ਪੱਖੋਂ ਅਜੇ ਵੀ ਨਾਜ਼ੁਕ ਮੰਨਿਆ ਜਾ ਰਿਹਾ ਹੈ। ਫਿਰ ਸਵਾਲ ਇਹ ਉੱਠਦਾ ਹੈ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਨੇ ਇਨ੍ਹਾਂ ਸਮਾਜਿਕ-ਸਿਆਸੀ ਹਾਲਾਤ ਦੀਆਂ ਡੂੰਘੀਆਂ ਜੜ੍ਹਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਲੱਭਣ ਲਈ ਇੰਨੇ ਸਾਲਾਂ ਵਿੱਚ ਗੰਭੀਰ ਕੋਸ਼ਿਸ਼ ਕਿਉਂ ਨਹੀਂ ਕੀਤੀ?

ਸਾਲ 1980 ਤੋਂ 1999 ਤੱਕ ਦੇ ਸਮੇਂ ਦੌਰਾਨ ਤੀਹ ਹਜ਼ਾਰ ਤੋਂ ਵੱਧ ਲੋਕ ਮਾਰੇ ਗਏ। ਇਨ੍ਹਾਂ ਵਿੱਚ ਨਵੰਬਰ 1984 ਦੌਰਾਨ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਮਾਰੇ ਗਏ ਸਿੱਖ ਵੀ ਸ਼ਾਮਿਲ ਹਨ। ਸਰਕਾਰ ਨੇ ਮੌਤਾਂ ਨਾਲ ਸਬੰਧਿਤ ਕਈ ਮਹੱਤਵਪੂਰਨ ਜਾਣਕਾਰੀਆਂ ਅੱਜ ਤੱਕ ਜਨਤਕ ਨਹੀਂ ਕੀਤੀਆਂ ਹਾਲਾਂਕਿ ਖਾੜਕੂਆਂ ਵੱਲੋਂ ਕੀਤੀਆਂ ਹੱਤਿਆਵਾਂ ਦੇ ਸਰਕਾਰੀ ਅੰਕੜੇ ਉਪਲਬਧ ਹਨ, ਜਿਨ੍ਹਾਂ ਵਿੱਚ ਹਿੰਦੂ ਅਤੇ ਸਿੱਖ ਦੋਵੇਂ ਸ਼ਾਮਿਲ ਹਨ। ਇੱਥੋਂ ਤੱਕ ਕਿ ਪੰਜਾਬ ਸਰਕਾਰ ਨੇ ਵੀ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ 3 ਤੋਂ 12 ਜੂਨ 1984 ਦਰਮਿਆਨ ਅੰਮ੍ਰਿਤਸਰ ਵਿੱਚ ਹੋਏ ਸਸਕਾਰਾਂ ਅਤੇ ਪੋਸਟਮਾਰਟਮਾਂ ਦੀ ਗਿਣਤੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਵਿੱਚ ਅਪਰੇਸ਼ਨ ਬਲੂਸਟਾਰ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋਈਆਂ ਮੌਤਾਂ ਵੀ ਸ਼ਾਮਿਲ ਸਨ। ਪੱਤਰ ਨੰਬਰ ਛ੍ਹ/ਠੀ/12/3129 ਮਿਤੀ 31 ਅਕਤੂਬਰ 2012 ਵਿੱਚ ਦਿੱਤੇ ਗਏ ਜਵਾਬ ਅਨੁਸਾਰ ਸਬੰਧਿਤ ਰਿਕਾਰਡ 2004 ਵਿੱਚ ਚੋਰੀ ਹੋ ਗਿਆ ਸੀ ਅਤੇ ਇਸ ਸਬੰਧੀ ਐੱਫ ਆਈ ਆਰ ਨੰਬਰ 121 ਮਿਤੀ 7 ਮਈ 2004 ਨੂੰ ਸਿਵਿਲ ਲਾਈਨਜ਼ ਥਾਣਾ, ਅੰਮ੍ਰਿਤਸਰ ਵਿੱਚ ਦਰਜ ਕੀਤੀ ਗਈ ਸੀ। ਹਾਲਾਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ 1981 ਤੋਂ 1991 ਤੱਕ ਅਤਿਵਾਦੀਆਂ ਵੱਲੋਂ ਕੀਤੀਆਂ ਹੱਤਿਆਵਾਂ ਦੇ ਸਾਲ-ਵਾਰ ਅੰਕੜੇ ਜਾਰੀ ਕੀਤੇ ਸਨ।


20TH ANNIVERSARY
sikh sports
association of u.s.a
SSA
USA
HOCKEY | KABADDI | TENNIS | TRACK | FOOTBALL | SOCCER | BASKETBALL | VOLLEYBALL
ANNUAL GAMES (ALL AGES)
JULY 25-26, 2026
JAMES LOGAN HIGH SCHOOL
1800 H STREET, UNION CITY, CA 94587
REGISTER AT
SIKHSPORTS.COM
HEALTHY BODY HEALTHY MIND